# ਕੈਨੇਡਾ ਦਰਪਣ

ਅਕਤੂਬਰ 25- 31, 1988

**October 25- 31, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

# ਨਵੀਂ ਪਾਰਟੀ ਜਨਤਾ ਦਲ 'ਚ ਤਰੇੜਾਂ

OCTOBER 25-31, 1988 Vol. 07 No. 25
Out of Greater Vancouver
75¢
Second Class Mail Reg. No. 5991

The Canada Darpan The Punjabi Newspaper
P.O.BOX 265, Surrey, B.C. V3T 4W8
Ph: (604) 581-4473

ਨਵੀਂ ਦਿੱਲੀ — ਏਥੇ ਪੁੱਜੀਆਂ ਖਬਰਾਂ ਅਨੁਸਾਰ ਦੋ ਹਫਤੇ ਪਹਿਲਾਂ ਚਾਰ ਪਾਰਟੀਆਂ ਦੇ ਮਿਲਣ ਨਾਲ ਜੋ ਜਨਤਾ ਦਲ ਨਾਂ ਦੀ ਨਵੀਂ ਪਾਰਟੀ ਹੋਂਦ ਵਿਚ ਆਈ ਸੀ ਉਸ ਵਿਚ ਲੋਕ ਦਲ ਵੀ ਇਕ ਸੀ। ਲੋਕ ਦਲ ਦੇ ਜਨਰਲ ਸਕੱਤਰ ਸ੍ਰੀ ਸ਼ਮੀਮ ਹਾਸ਼ਮੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਵਲੋਂ ਬੰਗਲੌਰ ਵਿਚ ਸ਼ਾਮਲ ਹੋਏ ਸ੍ਰੀ ਸ਼ਾਰਧ ਯਾਦਵ ਨੂੰ ਕੋਈ ਅਧਿਕਾਰ ਨਹੀਂ ਕਿ ਕੌਮੀ ਕੌਂਸਲ ਦੀ ਮੀਟਿੰਗ ਸੱਦੇ। ਉਨ੍ਹਾਂ ਕਿਹਾ ਕਿ ਪਾਰਟੀ ਦੇ ਪ੍ਰਧਾਨ ਸ੍ਰੀ ਬਹੁਗੁਣਾ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੋਇਆ ਹੈ। ਇਹ ਪਾਰਟੀ ਪ੍ਰਧਾਨ ਹੀ ਹਨ ਜੋ ਕੌਮੀ ਕੌਂਸਲ ਦੀ ਮੀਟਿੰਗ ਸੱਦ ਸਕਦੇ ਹਨ।

## ਗੁਰਦੁਆਰਿਆਂ ਉਤੇ ਕਬਜ਼ੇ ਦੀ ਲੜਾਈ ਨਵੇਂ ਮੋੜ ਤੇ
## ਪਾਰਕ ਐਵੇਨਿਊ ਗੁਰਦੁਆਰੇ ਦਾ ਜ਼ਖਮੀ
# ਅਮਰੀਕ ਸਿੰਘ ਦਮ ਤੋੜ ਗਿਆ

ਸਾਊਥਾਲ — ਇਥੋਂ ਦੇ ਪਾਰਕ ਐਵੀਨਿਊ ਦੇ ਗੁਰਦੁਆਰੇ ਸ੍ਰੀ ਗੁਰੂ ਸਿੰਘ ਸਭਾ (ਟਰੱਸਟ) ਉਤੇ ਕਬਜ਼ੇ ਦੀ ਲੜਾਈ ਦਾ ਗੰਭੀਰ ਸਿੱਟਾ ਸਾਹਮਣੇ ਆਇਆ ਹੈ ਜਦੋਂ 14 ਸਤੰਬਰ ਦੀ ਲੜਾਈ ਵਿਚ ਚਾਕੂ ਵੱਜਣ ਨਾਲ ਜ਼ਖਮੀ ਹੋਇਆ 32 ਸਾਲਾ ਅਮਰੀਕ ਸਿੰਘ ਹੈਮਰਸਮਿਥ ਹਸਪਤਾਲ ਵਿਚ ਦਮ ਤੋੜ ਗਿਆ। ਇਸ ਕਤਲ ਕੇਸ ਵਿਚ ਮੁਖ ਗ੍ਰੰਥੀ ਗਿ: ਪ੍ਰੀਤਮ ਸਿੰਘ ਨੂੰ ਚਾਰਜ ਕਰ ਲਿਆ ਹੈ। ਮੰਗਲਵਾਰ ਈਲਿੰਗ ਦੇ ਮੈਜਿਸਟਰੇਟ ਦੀ ਅਦਾਲਤ ਨੇ ਗਿ: ਪ੍ਰੀਤਮ ਸਿੰਘ ਨੂੰ 13 ਦਸੰਬਰ ਤੱਕ ਬਾਸ਼ਰਤ ਜ਼ਮਾਨਤ ਉਤੇ ਛੱਡ ਦਿੱਤਾ ਹੈ। ਪ੍ਰੀਤਮ ਸਿੰਘ ਨੂੰ ਪਹਿਲਾਂ 14 ਸਤੰਬਰ ਨੂੰ ਪੁਲਸ ਨੇ ਚਾਕੂ ਚਲਣ ਦੀ ਵਾਰਦਾਤ ਬਾਅਦ ਜਿਸਮਾਨੀ ਹਮਲਾ ਕਰਨ ਦੇ ਦੋਸ਼ ਵਿਚ ਚਾਰਜ ਕੀਤਾ ਸੀ ਤੇ ਉਹਨੂੰ ਜ਼ਮਾਨਤ ਤੇ ਛੱਡ ਦਿੱਤਾ ਸੀ।



ਕਥਿਤ ਕਤਲ ਦਾ ਦੋਸ਼ੀਗਿਆਨੀ ਪ੍ਰੀਤਮ ਸਿੰਘ

ਸਾਊਥਾਲ ਦੇ ਗੁਰਦੁਆਰਿਆਂ ਤੇ ਕਬਜ਼ੇ ਦੀ ਲੜਾਈ ਦੇ ਸੰਬੰਧ ਵਿਚ ਅਤੀਤ ਵਿਚ ਮਾਰ-ਕੁਟਾਈ ਤੇ ਤਲਵਾਰਾਂ ਆਦਿ ਚਲਣ ਦੀਆਂ ਵਾਰਦਾਤਾਂ ਤਾਂ ਹੋਈਆਂ ਸਨ ਪਰ ਅਜੇ ਤੱਕ ਕਤਲ ਤੱਕ ਨੌਬਤ ਨਹੀਂ ਸੀ ਪੁਜੀ।

ਗਿਆਨੀ ਪ੍ਰੀਤਮ ਸਿੰਘ ਤੇ ਪਹਿਲਾਂ ਇਕ ਵਾਰੀ ਗੁਰਦੁਆਰੇ ਵਿਚ ਹੀ ਹਮਲਾ ਕੀਤਾ ਗਿਆ ਸੀ। ਮਾਰਿਆ-ਕੁਟਿਆ ਗਿਆ ਸੀ। ਫਿਰ ਉਸ ਤੋਂ ਬਾਅਦ ਇਹ ਚਾਕੂ ਚਲਣ ਚਲਣ ਵਾਲੀ ਘਟਨਾ ਹੋ ਗਈ।

ਤਰਸੇਮ ਤੂਰ, ਦਰਸ਼ਨ ਦਾਸ ਤੇ ਉਹਦੇ ਸਾਥੀਆਂ ਦੇ ਕਤਲਾਂ ਕਰਕੇ ਸਾਊਥਾਲ ਵਿਚ ਪਹਿਲਾਂ ਹੀ ਸਹਿਮ ਹੈ। ਅਮਰੀਕ ਸਿੰਘ ਦੇ ਦਮ ਤੋੜ ਜਾਣ ਨਾਲ ਹਾਲਾਤ ਹੋਰ ਗੰਭੀਰ ਹੋਣ ਦੀ ਸੰਭਾਵਨਾ ਹੈ।

### ਅਮਰੀਕ ਸਿੰਘ ਦਾ ਪਿਛੋਕੜ

ਮਰਨ ਵਾਲਾ ਅਮਰੀਕ ਸਿੰਘ ਪਿਛਿਓਂ ਵੁਲਵਰਹੈਂਪਟਨ ਦਾ ਰਹਿਣ



ਮ੍ਰਿਤਕ ਅਮਰੀਕ ਸਿੰਘ

ਵਾਲਾ ਹੈ। ਜਿਸ ਦਾ ਘਰ ਨੰਬਰ 11 ਜੈਫਰੀ ਐਵੇਨਿਊ ਦੱਸਿਆ ਜਾਂਦਾ। ਆਪਣੇ ਪਿਛੇ ਉਹ 10 ਸਾਲਾ ਲੜਕੀ ਤੇ ਪਤਨੀ ਛੱਡ ਗਿਆ ਹੈ। ਉਸਦੇ ਮਾਤਾ-ਪਿਤਾ ਪੰਜਾਬ ਵਿਚ ਹੀ ਹਨ ਤੇ ਸਹੁਰਾ ਘਰ ਵੁਲਵਰਹੈਂਪਟਨ ਵਿਚ ਹੈ।

14 ਸਤੰਬਰ 1988 ਨੂੰ ਸਾਊਥਾਲ ਦੇ ਇਸ ਗੁਰਦੁਆਰੇ ਵਿਚ ਕਬਜ਼ੇ ਦੇ ਸੰਬੰਧ ਵਿਚ ਝਗੜਾ ਹੋਇਆ ਸੀ ਜਿਸ ਤੋਂ ਪਹਿਲਾਂ ਵੀ ਇਥੇ ਇਸੇ ਸੰਬੰਧ ਵਿਚ ਦੋ ਪਾਸੜ ਤਨਾਓ ਦੱਸਿਆ ਜਾਂਦਾ ਸੀ। ਸਿੱਖ ਯੂਥ ਫੈਡਰੇਸ਼ਨ ਜੋ ਦਮਦਮੀ ਟਕਸਾਲ ਨਾਲ ਸੰਬੰਧਤ ਹੈ ਦੇ ਪ੍ਰਧਾਨ ਜੁਗਿੰਦਰ ਸਿੰਘ ਬੱਲ ਅਨੁਸਾਰ ਉਹ ਅਮਰੀਕ ਸਿੰਘ ਨੂੰ ਹਸਪਤਾਲ ਮਿਲਣ ਗਏ ਸਨ। ਡਾਕਟਰਾਂ ਅਨੁਸਾਰ ਪਹਿਲੇ ਉਸ ਦੀ ਲੱਤ ਵਿਚ ਨੁਕਸ ਪੈ ਗਿਆ ਸੀ ਪਰ ਫਿਰ ਠੀਕ ਹੋ ਗਿਆ ਹੁਣ ਉਸ ਦੀ ਲੱਤ ਦੀਆਂ ਲਹੂ ਨਾੜੀਆਂ ਵਿਚ ਖ਼ੂਨ ਜੰਮ ਗਿਆ ਸੀ ਖ਼ੂਨ ਦੇ ਗਤਲੇ ਲੱਤ ਵਿਚੋਂ ਦਿਲ ਵਿਚ ਪਹੁੰਚ ਗਏ ਤੇ ਐਮਰਜੈਂਸੀ ਅਪਰੇਸ਼ਨ ਕੀਤਾ, ਅਮਰੀਕ ਸਿੰਘ ਬਚ ਨਾ ਸਕਿਆ।

ਵੈਸੇ ਪਾਰਕ ਐਵੇਨਿਊ ਦੇ ਗੁਰਦੁਆਰੇ ਵਿਚ ਅਜ ਕਲ ਝਗੜਿਆਂ ਦਾ ਚੱਕਰ ਆਮ ਹੀ ਹੈ। 16 ਅਕਤੂਬਰ ਨੂੰ ਹੀ ਇਸ ਗੁਰਦੁਆਰੇ ਵਿਚ ਪ੍ਰਬੰਧਕਾਂ ਨੇ ਅਜੀਤ ਸਿੰਘ ਲੂਟਨ ਨੂੰ ਪਹਿਲਾਂ ਗੁਰਦੁਆਰੇ ਵਿਚ ਸਟੇਜ ਤੋਂ ਬੋਲਣ ਦੀ ਆਗਿਆ ਦੇ ਦਿੱਤੀ ਪਰ ਜਦੋਂ ਉਸ ਨੇ ਗੁਰਦੁਆਰਿਆਂ ਵਿਚ ਚਲ ਰਹੇ ਭਰਮ ਭੁਲੇਖਿਆਂ ਨੂੰ ਨੰਗਾ ਕੀਤਾ ਤਾਂ ਗੁਰਦੁਆਰੇ ਵਿਚੋਂ ਬਾਹਰ ਨਿਕਲਣ ਸਮੇਂ ਕੁਝ ਬੰਦਿਆਂ ਨੇ ਉਸ ਨੂੰ ਮਾਰ ਕੁਟਾਈ ਕੀਤੀ। ਜਿਹਨਾਂ ਨੂੰ ਅਜੀਤ ਸਿੰਘ ਪਛਾਣ ਸਕਦਾ ਹੈ। ਅਜੀਤ ਸਿੰਘ ਹੋਰਾਂ ਦੱਸਿਆ ਹੈ ਕਿ ਉਨ੍ਹਾਂ ਸਾਊਥਾਲ ਥਾਣੇ 'ਚ ਰਿਪੋਰਟ ਦਰਜ ਕਰਵਾ ਦਿੱਤੀ ਹੈ। ਅਜੀਤ ਸਿੰਘ ਜਿਹੇ ਗੁਰਸਿੱਖ ਦੇ ਇਉਂ ਗੁਰਦੁਆਰੇ 'ਚ ਕੁੱਟੇ ਜਾਣ ਤੋਂ ਭਲੀ ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਖਾਲਿਸਤਾਨੀ ਜਨੂੰਨੀ ਸੰਗਤ ਨਾਲ ਕਿਵੇਂ ਪੇਸ਼ ਆਇਆ ਕਰਨਗੇ।

## ਸਪੈਸ਼ਲ ਦੀਵਾਲੀ ਅੰਕ

'ਕੈਨੇਡਾ ਦਰਪਣ' ਦਾ ਅਗਲੇ ਹਫਤੇ ਦਾ ਅੰਕ ਜੋ 2 ਨਵੰਬਰ, 1988 ਨੂੰ ਮਾਰਕੀਟ ਵਿਚ ਆਵੇਗਾ ਸਪੈਸ਼ਲ ਦੀਵਾਲੀ ਅੰਕ ਹੋਵੇਗਾ।

ਵਪਾਰੀ ਵੀਰਾਂ ਅਗੇ ਬੇਨਤੀ ਹੈ ਕਿ ਆਪਣੀਆਂ ਐਡਾਂ ਸੋਮਵਾਰ ਸ਼ਾਮ ਤੱਕ ਪੁਜਦੀਆਂ ਕਰ ਦੇਣ। ਤਸਵੀਰਾਂ ਨਾਲ ਸਜਿਆ ਇਕ ਅੰਕ ਯਾਦਗਾਰੀ ਅੰਕ ਹੋਵੇਗਾ।

ਐਡਾਂ ਲਈ ਥਾਂ ਬੁੱਕ ਕਰਵਾਉਣ ਲਈ ਅੱਜ ਹੀ ਫ਼ੋਨ ਕਰੋ:

581-4473

## ਪੰਜਾਬ ਮਸਲੇ ਦੇ ਹੱਲ ਲਈ ਪੰਜਾਬ ਜਾਵਾਂਗਾ
### — ਵੀ ਪੀ ਸਿੰਘ

ਬੰਬਈ — ਆਪਣੀ ਪਹਿਲੀ ਕਾਨਫਰੰਸ ਵਿਚ ਜਨਤਾ ਦਲ ਦੇ ਪ੍ਰਧਾਨ ਵਿਸ਼ਵਾਨਾਥ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਮੈਂ ਛੇਤੀ ਹੀ ਪੰਜਾਬ ਦਾ ਦੌਰਾ ਕਰਾਂਗਾ। ਪੰਜਾਬ ਸਮੱਸਿਆ ਦਾ ਹਲ ਠੰਡੇ ਦਿਮਾਗਾਂ ਨਾਲ ਕਰਨਾ ਪਏਗਾ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਇਹ ਸਮੱਸਿਆ ਹਲ ਕਰਨ ਵਿਚ ਫ਼ੇਲ੍ਹ ਹੋਏ ਹਨ। ਪਹਿਲੇ ਪੰਜਾਬ ਦੇ ਲੋਕਾਂ ਲਈ ਸੁਰੱਖਿਆ ਅਤੇ ਅਮਨ ਨੂੰ ਯਕੀਨੀ ਬਨਾਉਣਾ ਹੈ। ਜੇਕਰ ਰਾਜੀਵ ਗਾਂਧੀ ਨੇ ਅਪੋਜ਼ੀਸ਼ਨ ਨੁਮਾਇੰਦਿਆਂ ਨੂੰ ਪੰਜਾਬ ਬਾਰੇ ਗੱਲਬਾਤ ਲਈ ਸੱਦਿਆ ਤਾਂ ਅਸੀਂ ਵੀ ਜਾਵਾਂਗੇ ਅਤੇ ਸੁਝਾਅ ਦਿਆਂਗੇ। ਉਹਨਾਂ ਕਿਹਾ ਕਿ ਜਨਤਾ ਦਲ ਪੂਰੇ ਜ਼ੋਰ ਵਿਚ ਹੈ ਛੇਤੀ ਹੀ ਬਹੁਗੁਣਾ ਰਾਮਧਨ ਤੇ ਉਨੀ ਕ੍ਰਿਸ਼ਨਨ ਨਾਲ ਗੱਲਬਾਤ ਹੋਵੇਗੀ ਤੇ ਉਹਨਾਂ ਦੀ ਹਮਾਇਤ ਲਈ ਜਾਏਗੀ। ਖੱਬੀਆਂ ਪਾਰਟੀਆਂ, ਭਾਰਤੀ ਜਨਤਾ ਪਾਰਟੀ, ਨਾਲ ਵੀ ਗੱਲਬਾਤ ਕੀਤੀ ਜਾਵੇਗੀ।

ਪਾਣ ਜੀ (ਗਵਾ) ਪਹੁੰਚ ਕੇ ਵੀ ਪੀ ਸਿੰਘ ਨੇ ਕਿਹਾ ਅਜ ਲੋੜ ਹੈ ਬਹੁਗਿਣਤੀ ਲੋਕਾਂ ਨੂੰ ਚੋਣਾਂ ਵਿਚ ਹਿਸਾ ਲੈਣ ਲਈ ਪਰੇਰਿਆ ਜਾਵੇ ਤੇ ਵੋਟ ਦੀ ਹੱਦ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਜਾਵੇ। ਮੇਰੀ ਸਰਕਾਰ ਇਸ ਲਈ ਅਤੇ ਚੋਣ ਖਰਚੇ ਘਟਾਉਣ ਲਈ ਬਚਨਬੱਧ ਹੈ। ਇਹ ਪੁਛੇ ਜਾਣ ਉਤੇ ਕਿ ਜਨਤਾ ਦਲ ਬਨਣ ਨਾਲ ਚੁਣੇ ਹੋਏ ਮੈਂਬਰਾਂ ਦਲ ਬਦਲੀ ਵਿਰੋਧੀ ਕਾਨੂੰਨ ਦੀ ਮਾਰ ਹੇਠ ਨਹੀਂ ਆ ਜਾਣਗੇ। ਵੀ ਪੀ ਸਿੰਘ ਨੇ ਕਿਹਾ ਕਿ ਸਾਡੀ ਪਾਰਟੀ ਨਤੀਜੇ ਭੁਗਤਣ ਲਈ ਤਿਆਰ ਹੈ। ਉਹਨਾਂ ਸਪਸ਼ਟ ਕਰਨ ਦਾ ਯਤਨ ਕੀਤਾ ਕਿ ਜਨਤਾ ਦਲ ਦੀ ਸਥਿਤੀ ਜਨਤਾ ਦਲ ਵਰਗੀ ਨਹੀਂ ਹੈ। ਸਗੋਂ ਇਹ ਕੇਂਦਰ ਵਿਚ ਕਾਂਗਰਸ ਦਾ ਇਕ ਪ੍ਰਭਾਵਸ਼ਾਲੀ ਬਦਲ ਸਾਬਤ ਹੋਵੇਗੀ। ਅਸਲ ਗੱਲ ਇਹ ਹੈ ਕਿ ਇਤਿਹਾਸਕ ਤਥਾਂ ਅਤੇ ਪਿਛਲੇ ਸਾਲਾਂ ਵਿਚ ਜ਼ੋਰ ਫੜ ਚੁਕੀਆਂ ਸ਼ਕਤੀਆਂ ਨੇ ਕੇਂਦਰ ਵਿਚ ਇਕ ਬਦਲਵੀ ਸਰਕਾਰ ਕਾਇਮ ਕਰਨਾ ਜ਼ਰੂਰੀ ਬਣਾ ਦਿੱਤਾ ਹੈ। ਜਨਤਾ ਦਲ ਵਿਚ ਸਾਂਝੀ ਲੀਡਰਸ਼ਿਪ ਤੇ ਸਾਂਝੇ ਫੈਸਲਿਆਂ ਦੀ ਪ੍ਰਵਾਨਗੀ ਹੋਵੇਗੀ। ਸਖਸ਼ੀ ਪੂਜਾ ਨਹੀਂ ਹੋਵੇਗੀ।

ਮਧਕਾਲੀ ਚੋਣਾਂ ਬਾਰੇ ਵੀ ਪੀ ਸਿੰਘ ਨੇ ਕਿਹਾ ਕਿ ਖੇਤੀ ਦੀ ਫਸਲ ਤਾਂ ਦੇਸ਼ ਵਿਚ ਚੰਗੀ ਹੈ ਪਰ ਰਾਜਸੀ ਫਸਲਾਂ ਹਾਲਾਂ ਪੱਕੀ ਨਹੀਂ। ਰਾਜੀਵ ਸਰਕਾਰ ਉਤੇ ਉਹਨਾਂ ਦੋਸ਼ ਲਾਇਆ ਕਿ ਇਹ ਆਲ ਇੰਡੀਆ ਰੇਡੀਓ ਤੇ ਦੂਰਦਰਸ਼ਨ ਨੂੰ ਆਪਣੇ ਸੌੜੇ ਹਿਤਾਂ ਲਈ ਵਰਤ ਰਹੀ ਹੈ। ਅੱਜ ਇਸ ਪ੍ਰਸਾਰ ਮਾਧਿਅਮ ਨੂੰ ਖੁਦਮੁਖਤਾਰ ਬਣਾਏ ਜਾਣ ਦੀ ਲੋੜ ਹੈ।

# A NEW RIDING A NEW CANDIDATE

## ਡਾਨ ਬਲੈਕ — ਐਨ. ਡੀ. ਪੀ. ਨੀਊਵੈਸਟ-ਬਰਨਬੀ ਨੂੰ ਜਿਤਾਓ

### Meet Dawn Black

- DAWN BLACK, , has been executive assistant to Pauline Jewett, MP, for nine years.
- DAWN BLACK chaired the Local Advisory Council, working with Canada Employment and Immigration to recommend job creation programs and improve job opportunities for local residents.
- DAWN BLACK is a founder and member of the Bounaby-based Public Education for Peace Society.

ਇਲੈਕਸ਼ਨ ਕੰਪੇਨ ਲਈ ਵਲੰਟੀਅਰਾਂ ਦੀ ਲੋੜ ਹੈ।
ਵਲੰਟੀਅਰ ਬਣਨ ਲਈ ਫ਼ੋਨ ਕਰੋ :
520-3540

**ਡਾਨ ਬਲੈਕ ਨੂੰ ਜਿਤਾਓ**



### ਡਾਨ ਬਲੈਕ ਤੁਹਾਡੀ ਵੋਟ ਦੀ ਹੱਕਦਾਰ ਹੈ ਕਿਉਂਕਿ

- ਡਾਨ ਬਲੈਕ ਨੌਂ ਸਾਲ ਪਾਲੀਨ ਜੂਐਟ ਐਮ. ਪੀ. ਦੀ ਐਗਜ਼ੈਕਟਿਵ ਅਸਿਸਟੈਂਟ ਰਹੀ ਹੈ ਜਿਸ ਕਾਰਨ ਉਹ ਤਜਰਬੇਕਾਰ ਹੈ।
- ਜੌਬਾਂ ਪੈਦਾ ਕਰਨ ਵਾਲੀ ਤੇ ਕੰਮਾਂ ਦੇ ਮੌਕੇ ਪੈਦਾ ਕਰਨ ਵਾਲੀ ਲੋਕਲ ਐਡਵਾਇਜ਼ਰੀ ਕੌਂਸਲ ਦੀ ਪ੍ਰਧਾਨ ਹੈ।
- ਡਾਨ ਬਲੈਕ ਅਮਨ ਸੁਸਾਇਟੀ ਦੀ ਪਬਲਿਕ ਐਜੂਕੇਸ਼ਨ ਦੀ ਬਾਨੀ ਮੈਂਬਰ ਹੈ
- ਡਾਨ ਬਲੈਕ ਵੈਸਟਮਿਨਸਟਰ ਕਮਿਊਨਿਟੀ ਲੀਗਲ ਸਰਵਿਸਜ਼ ਸੁਸਾਇਟੀ, ਸੈਲੀਬਰੇਸ਼ਨ 88 (ਓਲਿੰਪਕ) ਕਮੇਟੀ ਤੇ ਲੈਕਰੋਜ਼ੀ ਕਲੱਬ ਦੀ ਮੈਂਬਰ ਹੈ।

7879 Edmonds Street
Burnaby, B.C.
V3N 1B9
520-3540

THE NEW DEMOCRATS

**Dawn Black • New Democrat • New Westminster - Burnaby**

---

## 'After An Auto Accident, Call On Experience:

# Bernard Simpson And Company

## Lawyers

**Practice RESTRICTED to INJURIES CAUSED BY CAR ACCIDENTS**

ICBC Claims

*No charge for initial consultation*

*Translation Services Available*
ਦੁਭਾਸ਼ੀਏ ਦੀਆਂ ਸੇਵਾਵਾਂ ਵੀ ਹਨ

**Ph. 734-2272**

**Call collect**
*24 Hour Calls*

ਤੁਹਾਡੇ ਕਲੇਮ ਦੇ ਦੌਰਾਨ ਅਸੀਂ ਸਾਰੇ ਖਰਚੇ ਦਿੰਦੇ ਹਾਂ
ਤੁਹਾਡੇ ਲਈ ਇਹ ਜ਼ਰੂਰੀ ਨਹੀਂ ਕਿ ਕੇਸ ਦੇ ਖਤਮ ਹੋਣ ਤੱਕ
ਤੁਸੀਂ ਅਦਾਇਗੀ ਕਰੋਂ

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**Situated In the B.C. Automobile Association Building**

**Ste. 750, 999 West Broadway**
**Vancouver, B.C. V5Z 1K5**

# ਤਰਨ ਤਾਰਨ ਦੇ ਇਲਾਕੇ ਵਿਚ ਵੱਡੀ ਪੁਲਸ-ਕਾਰਵਾਈ ਸ਼ੁਰੂ

ਅੰਮ੍ਰਿਤਸਰ — ਪਤਾ ਲੱਗਾ ਹੈ ਕਿ ਅੰਮ੍ਰਿਤਸਰ ਜ਼ਿਲੇ ਦੀ ਤਰਨਤਾਰਨ ਤਹਿਸੀਲ ਵਿਚ ਪੁਲਸ ਨੇ ਨਵੀਂ ਯੁਧਨੀਤੀ ਅਨੁਸਾਰ ਅਤਿਵਾਦੀਆਂ ਵਿਰੁਧ ਵੱਡੀ ਪੱਧਰ ਉਪਰ ਪੁਲਸ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨਵੇਂ ਨਿਯੁਕਤ ਕੀਤੇ ਗਏ ਬਾਰਡਰ ਪੁਲਸ ਦੇ ਉਚ ਅਧਿਕਾਰ ਸ੍ਰੀ ਟੀ ਪਾਲ ਸਿੰਘ ਦੀ ਅਗਵਾਈ ਵਿਚ ਇਹ ਮੁਹਿਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿਮ ਵਿਚ ਮੰਗਲ ਤੇ ਬੁੱਧ ਵਿਚਕਾਰ 24 ਘੰਟਿਆਂ ਵਿਚ ਕਈ ਦਰਜਨ ਲੋਕਾਂ ਤੋਂ ਪੁਛ ਪੜਤਾਲ ਕੀਤੀ ਗਈ ਹੈ। ਜਿਨ੍ਹਾਂ ਉਪਰ ਅਤਿਵਾਦੀਆਂ ਨਾਲ ਸੰਪਰਕ ਰੱਖਣ ਦਾ ਸ਼ੱਕ ਹੈ ਗ੍ਰਿਫਤਾਰ ਕਰ ਲਏ ਗਏ ਹਨ। ਇਹ ਮੁਹਿਮ ਇਸ ਲਈ ਸ਼ੁਰੂ ਕੀਤੀ ਗਈ ਹੈ ਕਿ ਅਤਿਵਾਦੀ ਚੋਟੀ ਦੇ ਪੁਲਸ ਅਫਸਰਾਂ ਉਪਰ ਘਾਤ ਲਾਕੇ ਹਮਲੇ ਕਰ ਰਹੇ ਸਨ। ਅਫਸਰਾਂ ਉਪਰ ਹਮਲਿਆਂ ਵਿਚ ਕਈ ਪੁਲਸ ਅਫਸਰ ਵਾਲ ਵਾਲ ਬਚ ਗਏ ਸਨ।

ਇਨ੍ਹਾਂ ਦਿਨਾਂ ਵਿਚ ਹੀ ਪੁਲਸ ਸੂਤਰਾਂ ਨੇ ਦੱਸਿਆ ਹੈ ਕਿ ਪੰਜਾਬ ਵਿਚ ਵੱਖ ਵੱਖ ਥਾਵਾਂ ਉਪਰ 14 ਲੋਕ ਜਾਨਾਂ ਗੁਆ ਚੁੱਕੇ ਹਨ। ਇਨ੍ਹਾਂ ਵਿਚ ਕਪੂਰਥਲਾ ਜ਼ਿਲੇ ਦਾ ਇਕ ਅਤਿਵਾਦੀ ਅਮਰਜੀਤ ਸਿੰਘ ਉਰਫ ਟੋਨੀ ਵੀ ਮਾਰਿਆ ਗਿਆ। ਇਨ੍ਹਾਂ ਮਾਰੇ ਜਾਣ ਵਾਲੇ ਲੋਕਾਂ ਵਿਚ ਇਕ ਕਮਿਊਨਿਸਟ ਸੁੱਖਾ ਸਿੰਘ ਇਕ ਪਾਕਿਸਤਾਨੀ ਘੁਸਪੈਠੀਆਂ ਅਤੇ ਇਕ ਦੋ ਪੁਲਸ ਅਫਸਰ ਸ਼ਾਮਲ ਸੀ।

ਪਤਾ ਲੱਗਾ ਹੈ ਕਿ ਇਸ ਤੋਂ ਪਹਿਲਾਂ ਸ਼ਨਿਚਰ-ਐਤਵਾਰ ਨੂੰ ਪੰਜਾਬ ਵਿਚ 23 ਲੋਕਾਂ ਨੂੰ ਅਤਿਵਾਦੀਆਂ ਨੇ ਕਤਲ ਕਰ ਦਿੱਤਾ। ਸੁਰੱਖਿਆ ਸੈਨਾ ਨੇ 37 ਅਤਿਵਾਦੀਆਂ ਨੂੰ ਗ੍ਰਿਫਤਾਰ ਵੀ ਕੀਤਾ। ਰਾਜਪੁਰੇ ਲਾਗੇ ਦੋ ਪਿਉ ਪੁਤਰ ਨੂੰ ਗੋਲੀ ਮਾਰ ਦਿੱਤੀ।

## ਅਤਿਵਾਦੀ ਗੁਰਲੀ ਡੁੱਬ ਗਿਆ

ਗੁਰਦਾਸਪੁਰ ਜ਼ਿਲੇ ਵਿਚ ਪੁਲਸ ਸੂਤਰਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬਬਰ ਖਾਲਸੇ ਦਾ ਇਕ ਆਪਣੇ ਆਪ ਨੂੰ ਏਰੀਆ ਕਮਾਂਡਰ ਕਹਾਉਣ ਵਾਲਾ ਗੁਰਵਿੰਦਰ ਸਿੰਘ ਉਰਫ ਗੁਰਲੀ ਹੜ੍ਹ ਦੇ ਪਾਣੀ ਵਿਚ ਡੁੱਬ ਕੇ ਮਰ ਗਿਆ। ਉਸ ਦੀ ਲਾਸ਼ ਡੇਹਰਾ ਬਾਬਾ ਨਾਨਕ ਤੋਂ ਮਿਲੀ ਹੈ, ਇਥੇ ਉਸ ਦੀ ਲਾਸ਼ ਉਸ ਦੇ ਪਿੰਡ ਅਲੀ ਨੰਗਲ ਤੋਂ ਰੁੜ੍ਹ ਕੇ ਪੁਜੀ ਸੀ। ਪੁਲਸ ਨੂੰ ਕਈ ਕਤਲਾਂ ਦੇ ਸੰਬੰਧ ਵਿਚ ਗੁਰਲੀ ਦੀ ਲੋੜ ਸੀ।

ਉਸ ਨੇ ਡਲਾ ਨੰਗਲ ਦੇ ਸਮਗਲਰ ਸੁਚਾ ਸਿੰਘ ਤੋਂ ਅਨੇਕਾਂ ਏ ਕੇ 47 ਗੰਨਾਂ ਲਈਆਂ ਸਨ ਜਿਨ੍ਹਾਂ ਨੂੰ ਉਸ ਨੇ ਗੁਰਬਚਨ ਸਿੰਘ ਮਾਨੋਚਾਹਲ ਦੇ ਸਪੁਰਦ ਕੀਤਾ ਸੀ।

## 12 ਹਰੀਜਨ ਕਤਲ

ਫੀਰੋਜ਼ਪੁਰ ਜ਼ਿਲੇ ਵਿਚ ਫੀਰੋਜ਼ਪੁਰ ਫੀਡਰਕੈਨਾਲ ਦੇ ਕਿਨਾਰੇ ਅਤਿਵਾਦੀਆਂ ਨੇ ਕੰਮ ਕਰਨ ਵਾਲੇ 12 ਹਰੀਜਨਾਂ ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ। ਉਨ੍ਹਾਂ ਦਾ ਕਤਲ ਇਹ ਕਹਿ ਕੇ ਕੀਤਾ ਗਿਆ ਕਿ ਉਹ ਘਰ ਵਿਚ ਸ਼ਰਾਬ ਕੱਢਦੇ ਸਨ।

## ਵੱਖ ਵੱਖ ਬੋਲੀਆਂ ਦੇ ਲੇਖਕਾਂ ਦੀ ਕਾਨਫਰੰਸ

ਵੈਨਕੂਵਰ — ਨਵੰਬਰ 25-26, 1988 ਨੂੰ ਵੱਖ ਵੱਖ ਭਾਸ਼ਾਵਾਂ ਦੇ ਲੇਖਕਾਂ ਦੀ ਇਕ ਕਾਨਫਰੰਸ ਹੋ ਰਹੀ ਹੈ ਜਿਸ ਵਿਚ ਏਸ਼ੀਅਨ-ਕੈਨੇਡੀਅਨ, ਨੇਟਿਵ ਤੇ ਲੈਸਬੀਅਨ ਲੇਖਕ ਹਿਸਾ ਲੈਣਗੇ। ਕਾਨਫਰੰਸ ਵਿਚ ਲਿਖਣ ਦੀਆਂ ਸਮੱਸਿਆਵਾਂ 'ਤੇ ਵੀ ਵਿਚਾਰ-ਵਟਾਂਦਰਾ ਹੋਵੇਗਾ।

ਇਸ ਕਾਨਫਰੰਸ ਵਿਚ ਵਰਕਸ਼ਾਪਾਂ ਤੇ ਪੈਨਲ ਵਟਾਂਦਰੇ ਹੋਣਗੇ। ਜ਼ੈਨਤ ਪੰਜਾਬੀ ਲੇਖਕਾ-ਸੁਰਜੀਤ ਕਲਸੀ, ਲੀ ਮੈਰੇਕਲ, ਕਰੀ ਮੈਟਿਸ, ਬੈਟਸੀ ਵਾਰਲੈਂਡ, ਲੂਈਸ ਪ੍ਰੂਫੀਟ-ਲੀਬਲਾਂਕ, ਚੀਨੀ ਲੇਖਕ ਸਕਾਈ ਲੀਅ, ਬਾਰਬਰਾ ਹੈਰਿੰਗਰ, ਤੇ ਜਪਾਨੀ-ਕੈਨੇਡੀਅਨ ਲੇਖਕ ਜੁਆਏ ਕੁਮਾਵ ਭਾਗ ਲੈਣਗੇ।

ਇਹ ਦੋ-ਦਿਨਾਂ ਕਾਨਫਰੰਸ ਸਾਈਮਨ ਫਰੇਜ਼ਰ ਦੇ ਡਾਊਨ ਟਾਊਨ ਸੈਂਟਰ 549, Howe Steet ਉਤੇ ਹੋਵੇਗਾ ਜਿਥੇ 'ਵੈਨਕੂਵਰ ਸੱਥ' ਵਲੋਂ ਡਰਾਮਾ ਖੇਡਿਆ ਜਾਵੇਗਾ।

ਹੋਰ ਜਾਣਕਾਰੀ ਲਈ ਫ਼ੋਨ ਕਰੋ : 291-3593

## ਰੇਅ ਕੇਂਦਰ ਵਿਚ ਜਾਣਗੇ?



ਨਵੀਂ ਦਿੱਲੀ — ਰਾਜਧਾਨੀ ਦੇ ਉਚ ਕਾਂਗਰਸੀ ਸੂਤਰਾਂ ਅਨੁਸਾਰ ਪੰਜਾਬ ਦੇ ਰਾਜਪਾਲ ਐਸ ਐਸ ਰੇਅ ਨੂੰ ਕੇਂਦਰ ਵਿਚ ਲਿਆਂਦਾ ਜਾ ਰਿਹਾ ਹੈ। ਸ੍ਰੀ ਅਸ਼ੋਕ ਸੇਨ ਦੇ ਜਨ ਮੋਰਚਾ ਵਿਚ ਜਾਣ ਕਾਰਨ ਸ੍ਰੀ ਰੇਅ ਦੀਆਂ ਪੱਛਮੀ ਬੰਗਾਲ ਤੇ ਪੰਜਾਬ ਦੋਵਾਂ ਬਾਰੇ ਸੇਵਾਵਾਂ ਲਈਆਂ ਜਾ ਸਕਣਗੀਆਂ। ਸ੍ਰੀ ਰੇਅ ਨੂੰ ਪੰਜਾਬ ਵਿਚ ਮਿਲੀ ਸਫਲਤਾ ਤੋਂ ਹੁਣ ਕੇਂਦਰ ਉਨ੍ਹਾਂ ਦੀਆਂ ਸੇਵਾਵਾਂ ਤੋਂ ਲਾਭ ਉਠਾਉਣਾ ਚਾਹੁੰਦਾ ਹੈ।

ਦੂਜੇ ਪਾਸੇ ਇਹ ਸਮਝਿਆ ਜਾ ਰਿਹਾ ਹੈ ਕਿ ਯੂ. ਪੀ. ਦੇ ਮੁਖ ਮੰਤਰੀ ਸ੍ਰੀ ਐਨ. ਡੀ. ਤਿਵਾੜੀ ਰਾਜ ਵਿਚ ਸ੍ਰੀ ਵਿਸ਼ਵਾਨਾਥ ਪ੍ਰਤਾਪ ਸਿੰਘ ਦਾ ਅਸਰ ਰਸੂਖ ਘਟਾਉਣ ਵਿਚ ਨਾਕਾਮ ਰਹੇ ਹਨ। ਇਸ ਲਈ ਉਨ੍ਹਾਂ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਸ੍ਰੀ ਦਿਨੇਸ਼ ਸਿੰਘ ਨੂੰ ਲਏ ਜਾਣ ਦੇ ਚਰਚੇ ਹੋ ਰਹੇ ਹਨ।

## ਛਪਦੇ ਛਪਦੇ .......

- ਹੁਸ਼ਿਆਰਪੁਰ 'ਚ ਫਿਰ ਕਤਲੇਆਮ — 12 ਵਿਅਕਤੀ ਕਤਲ — ਪਿਛਲੇ 24 ਘੰਟਿਆਂ ਵਿਚ 14 ਕਤਲ ਦਹਿਸ਼ਤਗਰਦਾਂ ਨੇ ਕੀਤੇ।
- ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਲੰਡਨ ਵਿਚ ਦੀਵਾਲੀ-ਭੋਜ ਸਮੇਂ ਪੰਜਾਬ 'ਚ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਨਿੰਦਾ ਕੀਤੀ ਪਰ ਇੰਗਲੈਂਡ ਦੇ ਖਾਲਿਸਤਾਨੀਆਂ ਬਾਰੇ ਖਾਮੋਸ਼ ਰਹੀ।
- ਯੂ. ਪੀ. ਵਿਚ ਫੈਜ਼ਾਬਾਦ ਵਿਚ ਹਿੰਦੂ-ਮੁਸਲਿਮ ਦੰਗੇ ਕਰਫੀਊ ਦੇ ਬਾਵਜੂਦ ਜਾਰੀ — 4 ਹੋਰ ਵਿਅਕਤੀ ਕਤਲ
- ਬੇਨਜ਼ੀਰ ਭੁੱਟੋ ਬੀਮਾਰ — ਚੋਣ ਦੌਰੇ ਕੈਂਸਲ
- ਦਿੱਲੀ 'ਚ ਗੁਦਾਮ ਨੂੰ ਅੱਗ — 17 ਹਲਾਕ
- ਪੰਜਾਬ ਦੇ ਸਰਹੱਦੀ ਜ਼ਿਲਿਆਂ 'ਚ ਦਹਿਸ਼ਤਗਰਦੀ ਦਾ ਮੁੱਖ ਕਾਰਨ ਬੇਰੁਜ਼ਗਾਰੀ ਦੱਸਿਆ ਗਿਆ।

## ਸੋਨੇ ਦਾ ਰੇਟ

499 ਡਾਲਰ ਕੈਨੇਡੀਅਨ (ਇਕ ਔਂਸ)
200 ਡਾਲਰ ਕੈਨੇਡੀਅਨ (ਇਕ ਤੋਲਾ)
172 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ — ਫ਼ੋਨ 588-5808)

## 1000 ਰੁਪਏ ਦਾ ਰੇਟ

$83.80 ਕੈਨੇਡੀਅਨ ਡਾਲਰ
(ਸਟੇਟ ਬੈਂਕ ਆਫ਼ ਇੰਡੀਆ ਦੇ ਧੰਨਵਾਦ ਸਹਿਤ — 681-3428)
(ਇਹ ਰੇਟ 24.10.88 ਦੇ ਹਨ)

## ਢੁੱਡੀਕੇ ਨਿਵਾਸੀ ਸ. ਖੁਸ਼ਹਾਲ ਸਿੰਘ ਸਰਾਂ ਸਵਰਗਵਾਸ



ਇਹ ਖਬਰ ਬੜੇ ਦੁੱਖ ਨਾਲ ਦਿੱਤੀ ਜਾਂਦੀ ਹੈ ਕਿ ਢੁੱਡੀਕੇ ਨਿਵਾਸੀ ਸ. ਖੁਸ਼ਹਾਲ ਸਿੰਘ ਸਰਾਂ ਪਿਛਲੇ ਹਫਤੇ ਪਿਨਟਿਕਟਿਨ, ਬੀ. ਸੀ. ਵਿਚ ਦਿਲ ਦਾ ਦੌਰਾ ਪੈਣ ਕਾਰਨ ਸਵਰਗਵਾਸ ਹੋ ਗਏ ਹਨ। ਉਨ੍ਹਾਂ ਦਾ ਫਿਊਨਰਲ ਪਿਛਲੇ ਸਨਿਚਰਵਾਰ 22 ਅਕਤੂਬਰ ਨੂੰ ਪਿਨਟਿਕਟਿਨ ਵਿਚ ਕੀਤਾ ਗਿਆ। ਉਨ੍ਹਾਂ ਦੀ ਆਤਮਾ ਲਈ ਸ਼ਾਂਤੀ ਲਈ ਭੋਗ 29 ਅਕਤੂਬਰ, 1988 ਨੂੰ ਗੁਰੂ ਘਰ ਪਿਨਟਿਕਟਿਨ ਵਿਚ ਪਵੇਗਾ।

ਸ. ਖੁਸ਼ਹਾਲ ਸਿੰਘ ਕਮਿਊਨਿਟੀ ਵਿਚ ਜਾਣੇ ਪਹਿਚਾਣੇ ਵਿਅਕਤੀ ਸਨ ਉਹ ਗੁਰੂ ਘਰ ਪਿਨਟਿਕਟਿਨ ਦੇ ਪ੍ਰਧਾਨ ਨਿਰਮਲ ਸਿੰਘ ਸਰਾਂ ਦੇ ਪਿਤਾ ਜੀ ਸਨ। ਸਵਰਗਵਾਸ ਹੋਣ ਵੇਲੇ ਉਨ੍ਹਾਂ ਦੀ ਉਮਰ 78 ਸਾਲ ਸੀ। ਉਨ੍ਹਾਂ ਦਾ ਇਕ ਲੜਕਾ ਜਗਦੇਵ ਸਿੰਘ ਸਰਾਂ ਟਰੇਲ ਬੀ ਸੀ ਵਿਚ ਕੰਮ ਕਰਦਾ ਹੈ ਜਿਸਨੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ ਤੋਂ ਮਕੈਨੀਕਲ ਇੰਜਨੀਅਰਿੰਗ ਕੀਤੀ ਹੋਈ ਹੈ ਤੇ ਸਭ ਤੋਂ ਛੋਟਾ ਬਲਵਿੰਦਰ ਸਿੰਘ ਸਰਾਂ ਫੋਰਟ ਨੈਲਸਨ ਵਿਚ ਕੰਮ ਕਰਦਾ ਹੈ। ਉਨ੍ਹਾਂ ਦੀ ਵੱਡੀ ਲੜਕੀ ਜੀਤ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਸਹਾਇਕ ਡਾਇਰੈਕਟਰ ਸ. ਦਲੀਪ ਸਿੰਘ ਨਾਲ ਸ਼ਾਦੀ ਸ਼ੁਦਾ ਹਨ। ਸ. ਖੁਸ਼ਹਾਲ ਸਿੰਘ ਦਾ ਦੋਹਤਾ ਡਾ: ਗੁਰਿੰਦਰ ਸਿੰਘ ਹੈ ਜੋ ਇਸ ਸਮੇਂ ਲਾਸ ਏਂਜਲਸ (ਅਮਰੀਕਾ) ਵਿਚ ਅੱਖਾਂ ਦਾ ਸਪੈਸ਼ਲਿਸਟ ਹੈ ਤੇ ਉਸਦੇ ਖੋਜ-ਪੱਤਰ ਸੰਸਾਰ ਪ੍ਰਸਿੱਧ ਪਰਚਿਆਂ ਵਿਚ ਛਪਦੇ ਹਨ।

ਸ. ਖੁਸ਼ਹਾਲ ਸਿੰਘ ਨੇ ਜਿਥੇ ਢੁੱਡੀਕੇ ਪਿੰਡ ਦੀ ਉਨਤੀ ਵਿਚ ਉਘਾ ਯੋਗਦਾਨ ਪਾਇਆ ਉਥੇ ਅਕਾਲੀ ਮੋਰਚੇ ਵਿਚ ਵੀ ਜੇਲ੍ਹ ਕੱਟੀ। ਆਪ ਲਾਲਾ ਲਾਜਪਤ ਰਾਏ ਮੈਮੋਰੀਅਲ ਕਮੇਟੀ ਦੇ ਅਹਿਮ ਕਾਰਕੁਨ ਸਨ ਤੇ ਲਾਲਾ ਲਾਜਪਤ ਰਾਏ ਮੈਮੋਰੀਅਲ ਕਾਲਜ ਢੁੱਡੀਕੇ ਦੀ ਸਥਾਪਨਾ ਸਮੇਂ ਆਪ ਨੇ ਅਹਿਮ ਰੋਲ ਅਦਾ ਕੀਤਾ।

ਅਦਾਰਾ 'ਕੈਨੇਡਾ ਦਰਪਣ' ਉਨ੍ਹਾਂ ਦੇ ਵਿਛੋੜੇ ਉਤੇ ਸਰਾਂ ਪ੍ਰਵਾਰ ਨਾਲ ਦੁੱਖ ਵਿਚ ਸ਼ਾਮਲ ਹੈ ਅਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਦੁਆ ਕਰਦਾ ਹੈ।



**Ph. 588-5808**

**9373 - 120 St., (Scott Rd.),**

**Delta, B. C.**



# ਏ. ਸੀ. ਜਿਊਲਰਜ਼

# ਆਪਣੀ ਵੋਟ
# ਸਿਵਕ ਨੀਊ ਡੈਮੋਕਰੈਟਸ ਨੂੰ ਪਾਓ
## 19 ਨਵੰਬਰ ਨੂੰ ਆਪਣੀ ਵੋਟ ਪਾਉਣਾ ਨਾ ਭੁੱਲੋ



ਡੇਵਿਡ ਲੇਵੀ



ਜੈਨਸ ਵਿਸ਼ਰਟ



ਜੈਰੀ ਬਰਾਊਨ

### ਐਲਡਰਮੈਨ ਲਈ ਉਮੀਦਵਾਰ

— ਡੇਵਿਡ ਲੇਵੀ
[David Levi]
— ਲਿੰਡਾ ਇਰਵਿਨ
[Linda Ervin]
— ਐਂਡਰੀਅਨ ਪੀਕੌਕ
[Adrienne Peacock]
— ਇਆਨ ਰੀਡ
[Ian Reid]

### ਪਾਰਕਸ ਬੋਰਡ ਲਈ ਉਮੀਦਵਾਰ

— ਸ਼ਾਰਲਟ ਬਰੇਸਫੋਰਡ
[Charlotte Beresford]
— ਮਾਈਕਲ ਮੈਕਵਾਈ
[Michael McEvoy]
— ਡੈਰਲ ਨੈਲਸਨ
[Dareyl Nelson]
— ਜੈਨਸ ਵਿਸ਼ਰਟ
[Janice Vichert]

### ਸਕੂਲ ਬੋਰਡ ਲਈ ਉਮੀਦਵਾਰ

— ਐਨ ਬੀਅਰ
[Anne Beer]
— ਜੈਰੀ ਬਰਾਊਨ
[Gerry Brown]
— ਲੇਸ ਮਾਰਟਲੇਊ
[Les Martlew]
— ਜੀਨ ਮਕਮਰਡੋ
[Jean McMurdo]

## ਇਨ੍ਹਾਂ ਉਮੀਦਵਾਰਾਂ ਨੂੰ ਵੋਟ ਨਾਲ

- ਵਾਜਬ ਸੇਵਾਵਾਂ — ਵਾਜਬ ਟੈਕਸ
- ਵਾਰਡਾਂ ਦੇ ਆਧਾਰ ਉਤੇ ਵੋਟਾਂ
- ਸ਼ਹਿਰ ਵਿਚ ਕੰਮ ਕਰਨ ਵਾਲੇ ਪ੍ਰਵਾਰਾਂ ਲਈ ਚੰਗੇ ਘਰ
- ਸਵੀਟਾਂ ਨੂੰ ਕਾਨੂੰਨੀ ਕਰਾਰ ਦੇਣ ਲਈ

## ਯਕੀਨੀ ਬਣਾਓ

**CIVIC NEW DEMOCRATS IN 88**
**ਕੰਪੇਨ ਆਫਿਸ 545 E. Broadway**
**Ph. 874-1165**

# ਪੰਜਾਬ ’ਚ ਅਤਿਵਾਦੀਆਂ ਹੱਥੋਂ 4 ਸਿਪਾਹੀ - ਸਰਪੰਚ, ਪੱਤਰਕਾਰ ਤੇ 8 ਹੋਰ ਕਤਲ

## ਅਪੋਜ਼ੀਸ਼ਨ ਵਲੋਂ ਫਿਰਕੂ ਜਥੇਬੰਦੀਆਂ ਤੇ ਪਾਬੰਦੀ ਦੀ ਮੰਗ

ਨਵੀਂ ਦਿੱਲੀ — ਭਾਰਤ ਦੇ ਤਿੰਨ ਰਾਜ ਅੱਜ ਕਲ੍ਹ ਫਿਰਕੂ ਦਹਿਸ਼ਤਗਰਦੀ ਤੇ ਵੱਖਵਾਦੀ ਸਾੜ ਫੂਕ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਹੇ ਹਨ। ਪੰਜਾਬ ਵਿਚ ਬਹੁਗਿਣਤੀ ਦਹਿਸ਼ਤਗਰਦਾਂ ਦੇ ਮਾਰੇ ਜਾਣ ਜਾਂ ਫੜੇ ਜਾਣ ਦੇ ਬਾਵਜੂਦ ਕਤਲਾਂ ਦਾ ਸਿਲਸਿਲਾ ਜਾਰੀ ਹੈ। ਪਿਛਲੇ ਇਕ ਹਫਤੇ ਵਿਚ ਬਾਰਾਂ ਕਤਲ ਹੋਏ ਹਨ। ਯੂ. ਪੀ. ਵਿਚ ਬਾਬਰੀ ਮਸਜਦ ਅਤੇ ਰਾਮ ਜਨਮ ਭੂਮੀ ਦੇ ਫਿਰਕੂ ਝਗੜੇ ਕਾਰਨ ਫਿਰਕੂ ਦੰਗਿਆਂ ਤੇ ਸਾੜ ਫੂਕ ਵਿਚ ਪਿਛਲੇਰੇ ਦੋ ਤਿੰਨ ਹਫਤੇ ’ਚ 21 ਬੰਦੇ ਮਾਰੇ ਜਾ ਚੁਕੇ ਹਨ। ਮੁਜ਼ਫਰਗੜ੍ਹ, ਅਲੀਗੜ੍ਹ, ਆਦਿ ਸ਼ਹਿਰਾਂ ਵਿਚ ਕਰਫਿਊ ਜਾਰੀ ਹੈ। ਜੰਮੂ ਕਸ਼ਮੀਰ ਵਿਚ ਪਾਕਿਸਤਾਨ ਦੇ ਟਰੇਂਡ ਘੁਸ ਪੈਠੀਆਂ ਨੇ ਭਾਰਤੀ ਕਸ਼ਮੀਰ ਨੂੰ ਅਜ਼ਾਦ ਕਰਾਉਣ ਦੀ ਜੋ ਮੁਹਿਮ ਚਲਾਈ ਹੈ ਉਸ ਵਿਚ 60 ਘੁਸਪੈਠੀਏ ਫੜੇ ਜਾ ਚੁਕੇ ਹਨ।

ਜ਼ਿਲਾ ਜਲੰਧਰ ਵਿਚ ਥਾਣਾ ਬੰਗਾ ਦੇ ਪਿੰਡ ਪੱਲੀ ਝਿੱਕੀ ਦੇ ਸਰਪੰਚ ਕੁਲਵੰਤ ਸਿੰਘ ਨੂੰ ਟਰੈਕਟਰ ਉਤੇ ਆਏ ਚਾਰ ਦਹਿਸ਼ਤਗਰਦਾਂ ਨੇ ਘਰੋਂ ਬੁਲਾ ਕੇ ਗੋਲੀਆਂ ਚਲਾ ਕੇ ਹਲਾਕ ਕਰ ਦਿੱਤਾ। ਬਾਅਦ ਵਿਚ ਸਾਰੇ ਘਰ ਨੂੰ ਅੱਗ ਲਾ ਦਿੱਤੀ। ਜਲੰਧਰ ਜ਼ਿਲੇ ਦੇ ਪਿੰਡ ਕੋਟ ਬਾਦਲ ਖਾਂ ਵਿਚ ਅਤਿਵਾਦੀਆਂ ਨੇ ਅਜਾਇਬ ਸਿੰਘ, ਸੁਰਿੰਦਰ ਸਿੰਘ ਤੇ ਬਾਵਾ ਸਿੰਘ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ। ਕਾਤਲਾਂ ਨੇ ਏ ਕੇ-47 ਰਾਈਫਲਾਂ ਦੀ ਵਰਤੋਂ ਕੀਤੀ। ਗੁਰਦਾਸਪੁਰ ਦੇ ਪਿੰਡ ਕੀੜੀ ਅਫਗਾਨਾਂ ਭਾਵੇਂ ਹੜ੍ਹਾਂ ਦੀ ਮਾਰ ਹੇਠ ਹੈ ਤਾਂ ਵੀ ਅਤਿਵਾਦੀਆਂ ਨੇ ਦੋ ਬੇਗੁਨਾਹ ਵਿਅਕਤੀਆਂ ਅਨਿਲ ਕੁਮਾਰ ਤੇ ਸ਼ਮੀ ਕੁਮਾਰ ਨੂੰ ਹਲਾਕ ਕਰ ਦਿੱਤਾ। ਇਸ ਹਮਲੇ ਵਿਚ ਕਸਤੂਰੀ ਲਾਲ ਤੇ ਰਾਜ ਰਾਣੀ ਜ਼ਖਮੀ ਹੋਏ। ਹਮਲਾਵਰਾਂ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਰਾਤ ਦੋ ਵਜੇ ਉਹ ਕਸਤੂਰੀ ਨਾਲ ਦੇ ਘਰ ਆਏ ਤੇ ਕਸਤੂਰੀ ਲਾਲ ਤੋਂ ਉਹਨਾਂ ਗਹਿਣੇ ਮੰਗੇ ਤਾਂ ਉਸ ਨੇ ਕਿਹਾ ਕਿ ਸਭ ਕੁਝ ਤਾਂ ਹੜ੍ਹਾਂ ਵਿਚ ਰੁੜ੍ਹ ਗਿਆ ਹੈ ਤਾਂ ਹਮਲਾਵਰਾਂ ਨੇ ਦੂਜੇ ਜਵਾਬ ਦੀ ਉਡੀਕ ਕੀਤੇ ਬਿਨਾਂ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ।

ਸੁਰੱਖਿਆ ਦਲਾਂ ਨੇ ਅੰਮ੍ਰਿਤਸਰ ਜ਼ਿਲੇ ਦੇ ਕਥੂ ਨੰਗਲ ਤੋਂ ਲੋਪੋਕੇ ਥਾਣਿਆਂ ਦੇ ਇਲਾਕਿਆਂ ਵਿਚੋਂ ਬਾਰਾਂ ਅਤਿਵਾਦੀਆਂ ਤੇ ਸ਼ੱਕੀ ਬੰਦਿਆਂ ਨੂੰ ਕਾਬੂ ਕੀਤਾ। ਜਿਹਨਾਂ ਵਿਚ ਸਰਬਜੀਤ ਸਿੰਘ, ਕੁਲਬੀਰ ਸਿੰਘ, ਕੇਵਲ ਸਿੰਘ, ਸੁਖਦੇਵ ਸਿੰਘ, ਸ਼ਮਸ਼ੇਰ ਸਿੰਘ, ਸੂਬੇ ਸਿੰਘ, ਨਰਿੰਦਰ ਸਿੰਘ, ਬਲਦੇਵ ਸਿੰਘ ਆਦਿ ਸ਼ਾਮਲ ਹਨ। ਇਹਨਾਂ ਪਾਸੋਂ ਭਾਰੀ ਮਾਤਰਾ ਵਿਚ ਅਸਲਾ ਬਰਾਮਦ ਕੀਤਾ ਗਿਆ ਹੈ।

### ਪੱਤਰਕਾਰ ਤੇ ਕਿਸਾਨ ਹਲਾਕ

ਮਜੀਠਾ ਪੁਲਸ ਜ਼ਿਲੇ ਦੇ ਬਾਬਾ ਬਕਾਲਾ ਕਸਬੇ ਵਿਚ ਅਤਿਵਾਦੀਆਂ ਨੇ ਪੱਤਰਕਾਰ ਪ੍ਰੇਮ ਮਹਿਰਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਦੱਸਿਆ ਗਿਆ ਹੈ ਕਿ ਅਤਿਵਾਦੀ ਜੋ ਏ ਕੇ 47 ਰਾਈਫਲਾਂ ਨਾਲ ਲੈਸ ਸਨ ਤੇ ਉਹਨਾਂ ਬਾਬਾ ਬਕਾਲਾ ਬੱਸ ਅੱਡੇ ਲਾਗੇ ਪ੍ਰੇਮ ਮਹਿਰਾ ਦੇ ਘਰ ਦਾ ਦਰਵਾਜ਼ਾ ਖੜਕਾਇਆ ਦਰਵਾਜ਼ਾ ਖੁਲਦਿਆਂ ਹੀ ਅਤਿਵਾਦੀਆਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਹਮਲਾਵਰ ਬਾਦ ਵਿਚ ਪੈਦਲ ਹੀ ਤੁਰ ਗਏ। ਮਹਿਰਾ ਜਲੰਧਰ ਦੇ ਅਖਬਾਰ ਨੂੰ ਖਬਰਾਂ ਭੇਜਦਾ ਸੀ।

ਹਿੰਸਾ ਦਾ ਸ਼ਿਕਾਰ ਹੋਣ ਵਾਲੇ ਉਹ 14ਵੇਂ ਪੱਤਰਕਾਰ ਹਨ। ਸਰਹਾਲੀ ਦੇ ਥਾਣੇ ਦੇ ਪਿੰਡ ਸ਼ਾਮਝੀ ਦੇ ਇਕ ਕਿਸਾਨ ਝਿਲਮਲ ਸਿੰਘ ਨੂੰ ਜ਼ਮੀਨ ਵਿਚ ਟਰੈਕਟਰ ਚਲਾਉਂਦੇ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਜਾਂਦੇ ਹੋਏ ਹਮਲਾਵਰ ਟਰੈਕਟਰ ਨਾਲ ਲੈ ਗਏ। ਦੋ ਦਿਨ ਪਹਿਲੇ ਸੁਰੱਖਿਆ ਦਲਾਂ ਨਾਲ ਮੁਕਾਬਲੇ ਵਿਚ ਅਤਿਵਾਦੀਆਂ ਨੇ ਪੁਲਸ ਦੇ ਦੋ ਸਿਪਾਹੀ ਤੇ ਹੋਮਗਾਰਡ ਦੇ ਦੋ ਜਵਾਨ ਹਲਾਕ ਕੀਤੇ ਸਨ ਅਤੇ ਪੰਜਵਾਂ ਜਿਹੜਾ ਅਣਪਛਾਤਾ ਬੰਦਾ ਮਾਰਿਆ ਸੀ, ਉਸ ਦੀ ਪਛਾਣ ਹੋ ਗਈ ਹੈ। ਉਹ ਸ਼ੱਕੀ ਅਤਿਵਾਦੀ ਦੱਸਿਆ ਜਾਂਦਾ ਹੈ।

### ਅਪੋਜ਼ੀਸ਼ਨ ਦੀ ਵਾਰਨਿੰਗ

ਦੇਸ਼ ਦੀਆਂ ਅਪੋਜ਼ੀਸ਼ਨ ਪਾਰਟੀਆਂ ਦੇ ਲੀਡਰਾਂ ਨੇ ਸਰਕਾਰ ਨੂੰ ਵਾਰਨਿੰਗ ਦਿੱਤੀ ਹੈ ਕਿ ਜੇਕਰ ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ ਦਾ ਝਗੜਾ ਤੁਰੰਤ ਹਲ ਨਾ ਕੀਤਾ ਗਿਆ ਤਾਂ ਇਥੋਂ ਯੂ ਪੀ ਸ਼ਹਿਰਾਂ ਵਿਚੋਂ ਭੜਕੀ ਫਿਰਕੂ ਅੱਗ ਦਿੱਲੀ ਅਤੇ ਸਾਰੇ ਕਸ਼ਮੀਰ ਨੂੰ ਆਪਣੀ ਲਪੇਟ ਵਿਚ ਲੈ ਸਕਦੀ ਹੈ। ਲੋੜ ਹੈ ਕਿ ਫਿਰਕੂ ਜਥੇਬੰਦੀਆਂ ਜਿਵੇਂ ਕਿ ਮੁਸਲਮ ਫਰੰਟ, ਸ਼ਿਵ ਸੈਨਾ ਬਜਰੰਗ ਦਲ ਤੇ ਰਾਸ਼ਟਰੀ ਸੰਘ ਟਾਦਿ ਦੀਆਂ ਸਰਗਰਮੀਆਂ ਨਾ ਰੋਕੀਆਂ ਗਈਆਂ ਤਾਂ ਮਸਲੇ ਹਲ ਹੋਣ ਦੀ ਬਜਾਏ ਭਖਦੇ ਰਹਿਣਗੇ। ਅਪੋਜ਼ੀਸ਼ਨ ਨੇ ਇਹ ਵਾਰਨਿੰਗ ਵੀ ਦਿੱਤੀ ਹੈ ਕਿ ਰਾਜੀਵ ਗਾਂਧੀ ਨੇ ਪੰਜਾਬ ਵਿਚ ਦਹਿਸ਼ਤਗਰਦੀ ਦੀ ਅੱਗ ਨੂੰ ਠੰਡਾ ਕਰਨ ਦੇ ਆਪਣੇ ਦੌਰਿਆਂ ਦੇ ਦੋ ਮੌਕੇ ਗਵਾਏ ਹਨ। ਇਹੋ ਕਾਰਨ ਹੈ ਕਿ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਉਤੇ ਵੀ ਅਤਿਵਾਦੀਆਂ ਨੇ ਕੋਈ ਤਰਸ ਨਹੀਂ ਕੀਤਾ ਤੇ ਕਤਲਾਂ ਦਾ ਸਿਲਸਿਲਾ ਜਾਰੀ ਹੈ।

ਦਹਿਸ਼ਤਗਰਦਾਂ ਨੇ ਲੁਧਿਆਣੇ ਦੇ ਚੌਕ ਗਿਆਸਪੁਰਾ ਵਿਚ ਪੰਜਾਂ ਵਿਅਕਤੀਆਂ ਦਾ ਕਤਲ ਕੀਤਾ ਜਿਹਨਾਂ ਵਿਚ ਪੁਲਸ ਦੇ ਦੋ ਸਿਪਾਹੀ, ਦੋ ਹੋਮ ਗਾਰਡ ਦੇ ਜਵਾਨ ਵੀ ਸ਼ਾਮਲ ਹਨ। ਮਰਨ ਵਾਲਿਆਂ ਦੇ ਨਾਂ ਸਿਪਾਹੀ ਤਿਰਲੋਕ ਸਿੰਘ, ਸਿਪਾਹੀ ਰਾਮ ਮਿੱਤਰ ਹੋਮ ਗਾਰਡ ਦਾ ਜਵਾਨ ਬਲਵਿੰਦਰ ਸਿੰਘ ਤੇ ਇਕ ਹੋਰ ਜਵਾਨ ਤੇ ਰਾਹਗੀਰ ਹਨ। ਜਿਥੇ ਪੁਲਸ ਪਾਰਟੀ ਨੇ ਨਾਕਾਬੰਦੀ ਕੀਤੀ ਸੀ ਦਹਿਸ਼ਤਗਰਦ ਇਕ ਮਾਰੂਤੀ ਕਾਰ ਵਿਚ ਆਏ ਤੇ ਅਚਾਨਕ ਗੋਲੀ ਚਲਾ ਦਿੱਤੀ। ਪੁਲਸ ਪਾਰਟੀ ਉਹਨਾਂ ਦਹਿਸ਼ਤਗਰਦਾਂ ਦਾ ਪਿਛਾ ਵੀ ਨਾ ਕਰ ਸਕੀ। ਮੌਕੇ ਉਤੋਂ ਏ ਕੇ ਚੀਨੀ ਰਾਈਫਲਾਂ ਤੇ ਕਾਰਤੂਸ ਮਿਲੇ।

ਥਾਣਾ ਬਟਾਲਾ ਦੇ ਪਿੰਡ ਸਲੋ ਵਿਚ ਅਣਪਛਾਤੇ ਲੋਕਾਂ ਨੇ ਗੋਲੀ ਚਲਾ ਕੇ ਇਕ ਲੜਕੀ ਸਮੇਤ ਚਾਰ ਵਿਅਕਤੀਆਂ ਦੀਆਂ ਜਾਨਾਂ ਲੈਣੀਆਂ ਚਾਹੀਆਂ ਪਰ ਚਾਰੇ ਜ਼ਖਮੀ ਹੋਏ — ਮਰਨ ਤੋਂ ਬਚ ਗਏ। ਲੜਕੀ ਦਾ ਨਾਂ ਸੁਖਵਿੰਦਰ ਕੌਰ ਤੇ ਉਸ ਦਾ ਪਿਤਾ ਹਰਬੰਸ ਸਿੰਘ ਜ਼ਖਮੀ ਹੋਏ ਹਨ।

ਧੂਰੀ ਵਿਖੇ ਸਟੇਟ ਬੈਂਕ ਆਫ ਪਟਿਆਲਾ ਦੀ ਬਰਾਂਚ ਵਿਚ 11 ਹਜ਼ਾਰ ਰੁਪੈ ਕਢਵਾ ਕੇ ਗਿਆ ਨੀਰਜ ਕੁਮਾਰ ਲੁਟਿਆ ਗਿਆ। ਸਾਈਕਲ ਖੜਾ ਕਰਾ ਕੇ ਉਹ ਅੰਦਰ ਪੈਸੇ ਕਢਵਾਣ ਲਈ ਗਿਆ ਬਾਹਰ ਉਸ ਦਾ ਸਾਈਕਲ ਕਿਸੇ ਨੇ ਰਸੀਆਂ ਨਾਲ ਬੰਨ੍ਹ ਦਿੱਤਾ। ਜਦੋਂ ਪੈਸਿਆਂ ਦਾ ਬੈਗ ਲੈ ਕੇ ਆਇਆ ਤਾਂ ਰੱਸੀਆਂ ਖੋਲਣ ਲੱਗ ਪਿਆ। ਇਸੇ ਦੌਰਾਨ ਦੋ ਬੰਦੇ ਬੈਗ ਲੈ ਕੇ ਦੌੜ ਗਏ।

# ਭਾਰਤ ਵਿਚ ਬੁੱਢਿਆਂ ਦੀ ਗਿਣਤੀ ਵਧ ਗਈ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਭਾਰਤ ਵਿਚ ਬੁੱਢਿਆਂ ਦੀ ਗਿਣਤੀ ਵੱਧ ਗਈ ਹੈ। ਸਰਕਾਰੀ ਤੌਰ ਉਤੇ ਦੱਸਿਆ ਗਿਆ ਹੈ ਕਿ 60 ਤੋਂ ਉਪਰ ਉਪਰ ਵਾਲੇ ਲੋਕਾਂ ਦੀ ਗਿਣਤੀ 4 ਕਰੋੜ 75 ਲੱਖ ਤੋਂ ਉਪਰ ਹੈ। ਦੱਸਿਆ ਗਿਆ ਹੈ ਕਿ 2000 ਈਸਵੀ ਤੱਕ ਇਹ ਗਿਣਤੀ 7 ਕਰੋੜ 50 ਲੱਖ ਹੋ ਜਾਵੇਗੀ। ਇਸ ਦਾ ਕਾਰਨ ਭਾਰਤ ਵਿਚ ਲੋਕਾਂ ਦੀ ਔਸਤ ਉਮਰ ਦੇ ਵਧ ਜਾਣ ਦੇ ਕਾਰਨ ਹੋਇਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਲੋਕਾਂ ਦੀ ਖੁਰਾਕ ਅਤੇ ਸਿਹਤ ਸੰਬੰਧੀ ਸੁਧਾਰ ਹੋਇਆ ਹੈ।


GEORGE HEWISON

Leader, Communist Party of Canada

‘Survival, sovereignty, social justice — this is our alternative to the Tory neo-conservative agenda. We are Canada’s party of socialism. Come and take a look at the new direction we offer for Canada.’



ਜਾਰਜ ਹੀਊਈਸਨ ਅਤੇ ਸੀ. ਪੀ. ਸੀ. ਦੇ ਉਮੀਦਵਾਰਾਂ ਦੇ ਵਿਚਾਰਾਂ ਨੂੰ ਸੁਨਣ ਲਈ ਪੁੱਜੋ

**ਬੁੱਧਵਾਰ, 2 ਨਵੰਬਰ, 8 ਵਜੇ ਸ਼ਾਮ**

ਮੈਰੀਟਾਈਮ ਲੇਬਰ ਸੈਂਟਰ

1880, Triumph St. [at Victoria Drive]

ਵੈਨਕੂਵਰ


# 4 ਭਾਰਤੀਆਂ ਵਿਰੁਧ ਦਸ ਲੱਖ ਦੀ ਹੈਰੋਇਨ ਦਾ ਕੇਸ ਸ਼ੁਰੂ

ਆਈਜ਼ਲਵਰਥ — ਦਸ ਲੱਖ ਪੌਂਡ ਦੀ ਹੈਰੋਇਨ ਦੀ ਸਮਗਲਿੰਗ ਦਾ ਕੇਸ ਆਈਜਲਵਰਥ ਕਰਾਊਨ ਕੋਰਟ ਵਿਚ ਸ਼ੁਰੂ ਹੋ ਗਿਆ ਹੈ। ਜਿਥੇ ਪਤਾ ਲੱਗਾ ਕਿ ਬੰਬਈ ਤੋਂ ਹੀਥਰੋ ਦੇ ਰਾਸਤੇ ਹੈਰੋਇਨ ਸਮਗਲ ਕਰਕੇ ਅਗੋਂ ਵੇਚਣ ਦਾ ਧੰਦਾ ਈਲਿੰਗ ਵਿਚਲੀ ਆਕਸ ਬ੍ਰਿਜ ਰੋਡ ਦੀ ਇਕ ਪੱਬ ਵਿਚ ਕੀਤਾ ਜਾਂਦਾ ਸੀ। ਵਕੀਲ ਬਰੇਨ ਲਿੱਟ ਨੇ ਕੋਰਟ ਵਿਚ ਦੱਸਿਆ ਕਿ ਪੱਬ ਦਾ ਨਾਂ ਗਰੇਨਵਿਲ ਹੈ। ਸਕੋਟਲੈਂਡ ਯਾਰਡ ਦੇ ਡਰੱਗ ਸੁਕਐਡ ਨੇ ਇਥੋਂ ਦੋ ਭਾਰਤੀ ਔਰਤਾਂ ਤੇ ਦੋ ਆਦਮੀ ਕਾਬੂ ਕੀਤੇ ਹਨ। ਇਹ ਵਿਅਕਤੀ ਰੰਗੇ ਹੱਥੀਂ ਫੜੇ ਗਏ ਹਨ। ਇਹਨਾਂ ਦੇ ਨਾਂ ਹਨ : ਫੋਕਸਵੁੱਡ ਰੋਡ ਬਲੈਕ ਹੀਥ ਦੀ 43 ਸਾਲਾ ਊਸ਼ਾ ਸ਼ਰਮਾ, ਵੈਸਟ ਬੋਰਨ ਪਾਰਕ ਨੌਰਥ ਕਿੰਜ਼ਿਗਟਨ ਦਾ 39 ਸਾਲਾ ਸ਼ਰੀਫ ਸੌਨੂਕਰ, ਆਕਸਫੋਰਡ ਰੋਡ ਈਲਿੰਗ ਦਾ 43 ਸਾਲਾ ਬਲਦੇਵ ਸਿੰਘ ਮਾਕਿਨ ਅਤੇ ਇਸੇ ਐਡਰੈਸ ਦੀ 29 ਸਾਲਾ ਕਵਿਤਾ ਕਪਾਡੀਆ। ਮਿਸਿਜ਼ ਊਸ਼ਾ ਸ਼ਰਮਾ ਨੇ ਦਸ ਲੱਖ ਪੌਂਡ ਦੀ ਹੈਰੋਇਨ ਬੰਬਈ ਤੋਂ ਸਮਗਲ ਕਰਨ ਦੀ ਦੋਸ਼ੀ ਕਰਾਰ ਦਿੱਤੀ ਗਈ ਹੈ। ਇਸ ਮੁਕਦਮੇ ਦੇ ਅੰਤ ਵਿਚ ਉਸਨੂੰ ਸਜ਼ਾ ਸੁਣਾਈ ਜਾਏਗੀ। ਦੂਸਰੇ ਤਿੰਨ ਵਿਅਕਤੀ ਹੈਰੋਇਨ ਦਾ ਧੰਦਾ ਕਰਨ ਦੇ ਦੋਸ਼ਾਂ ਤੋਂ ਇਨਕਾਰ ਕਰ ਰਹੇ ਹਨ।

ਵਕੀਲ ਨੇ ਉਹਨਾਂ ਤਿੰਨਾਂ ਉਤੇ ਹੈਰੋਇਨ ਅੱਗੋਂ ਥੋਕਫਰੋਸ਼ਾਂ, ਕਾਰਨਰ ਸ਼ਾਪਾਂ ਅਤੇ ਗਲੀ ਬਾਜ਼ਾਰਾਂ ਵਿਚ ਗਾਹਕਾਂ ਨੂੰ ਸਪਲਾਈ ਕਰਨ ਦੇ ਦੋਸ਼ ਲਾਏ ਹਨ ਦੱਸਿਆ ਗਿਆ ਹੈ ਕਿ ਮਿਸਿਜ਼ ਸ਼ਰਮਾ ਨੇ ਪਿਛਲੇ ਸਾਲ ਸਤੰਬਰ ਵਿਚ ਹੈਰੋਇਨ ਸਮਗਲ ਕੀਤੀ ਸੀ। ਸੌਨਕਰ ਉਸਦਾ ਨਿਗਰਾਨ ਹੈ। ਮਾਕਿਨ ਏਜੰਟ ਅਤੇ ਕਪਾਡੀਆ ਉਸਦੀ ਗਰਲਫਰੈਂਡ ਤੇ ਮੱਦਦਗਾਰ ਹੈ। ਜਦੋਂ ਮਿਸਿਜ਼ ਸ਼ਰਮਾ ਤੇ ਸੌਨਕਰ ਲੰਡਨ ਪਹੁੰਚੇ ਮਾਕਿਨ ਨੇ ਕਪਾਡੀਆ ਨੂੰ ਉਹਨਾਂ ਨੂੰ ਕੇਨਜਿੰਗਟਨ ਹੈਲਟਿਨ ਵਿਚ ਮਿਲਣ ਅਤੇ ਹੈਰੋਇਨ ਦਾ ਸੈਂਪਲ ਲੈਣ ਲਈ ਭੇਜਿਆ। ਇਹ ਗੱਲ ਪਿਛਲੇ ਸਾਲ 16 ਸਤੰਬਰ ਦੀ ਹੈ। ਇਸ ਤੋਂ ਦੋ ਦਿਨ ਬਾਅਦ ਸਕੋਟਲੈਂਡ ਯਾਰਡ ਦੇ ਡਰੱਗ ਸੁਕਐਡ ਨੇ ਉਹਨਾਂ ਨੂੰ ਗਰੇਨਵਿਲੇ ਪੱਬ ਵਿਚ ਮਿਲਦਿਆਂ ਦੇਖਿਆ। ਪਹਿਲਾਂ ਜਦੋਂ ਇਹ ਪੱਬ ਵਿਚ ਦਾਖਲ ਹੋਏ ਮਾਕਿਨ ਦੇ ਨਾਲ ਇਕ ਗੋਰਾ ਗਾਹਕ ਸੀ। ਉਹ ਇਕ ਟੇਬਲ ਦੁਆਲੇ ਬੈਠ ਗਏ। ਬਾਅਦ ਵਿਚ ਸ਼ਰਮਾ ਤੇ ਕਪਾਡੀਆ ਆਏ ਤੇ ਉਹ ਵੀ ਪਹਿਲੇ ਇਥੇ ਬੈਠੇ ਲੋਕਾਂ ਨਾਲ ਮਿਲ ਕੇ ਪੀਣ ਲੱਗੇ।

ਵਕੀਲ ਨੇ ਦੱਸਿਆ ਕਿ ਇਸ ਸਮੇਂ ਹੈਰੋਇਨ ਬਾਹਰ ਸੌਨਕਰ ਦੀ ਕਾਰ ਵਿਚ ਸੀ। ਸ਼ਰਮਾ ਬਾਹਰ ਕਾਰ ਵਿਚ ਗਈ ਅਤੇ ਇਕ ਬੈਗ ਲੈ ਆਈ। ਇਹਨਾਂ ਸਭ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੁਣਵਾਈ ਜਾਰੀ ਹੈ।

### ਮਿਤਲ ਪ੍ਰਧਾਨ ਬਣੇ

ਨਵੀਂ ਦਿੱਲੀ — ਭਾਜਪਾ ਦੀ ਪੰਜਾਬ ਇਕਾਈ ਦੇ ਮੀਤ ਪ੍ਰਧਾਨਾਂ ’ਚੋਂ ਇਕ ਸ੍ਰੀ ਮਦਨ ਮੋਹਨ ਮਿੱਤਲ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

**The Canada Darpan**

P.O.BOX 265
Surrey, B.C. V3T 4W8

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ । ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

Ph. 581-4473

## ਇਸ ਹਫ਼ਤੇ ਦਾ ਵਿਚਾਰ

ਵਰਤਮਾਨ ਹਾਲਤ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ ? ਕੀ ਅਸੀਂ ਹਰ ਚੀਜ਼ ਨੂੰ ਤਬਾਹ ਕਰ ਦਈਏ, ਹਿੰਸਾ ਦਾ ਜਵਾਬ ਹਿੰਸਾ ਨਾਲ ਦੇਈਏ ? ... ਨਹੀਂ, ਅਸੀਂ ਇਹ ਨਹੀਂ ਕਰਨਾ। ਹਿੰਸਾਤਮਕ ਤਰੀਕੇ ਨਾਲ ਕੀਤਾ ਗਿਆ ਹਰ ਸੁਧਾਰ ਬੁਰਾ ਹੈ, ਕਿਉਂਕਿ ਇਸ ਨਾਲ ਬੁਰਾਈ ਦੂਰ ਨਹੀਂ ਕੀਤੀ ਜਾ ਸਕਦੀ, ਤੇ ਨਾਲੇ ਗਿਆਨ ਨੂੰ ਹਿੰਸਾ ਦੀ ਲੋੜ ਨਹੀਂ ਹੈ।

(ਲਿਓ ਟਾਲਸਟਾਏ : ਜੰਗ ਤੇ ਅਮਨ ਵਿਚੋਂ)

## ਪੰਜਾਬ ਕਰੋਪੀ ਦਾ ਸ਼ਿਕਾਰ

ਪੰਜਾਬ ਦੀ ਸਮੱਸਿਆ ਦਿਨੋਂ ਦਿਨ ਗੁੰਝਲਦਾਰ ਹੋਣ ਦੇ ਨਾਲ ਨਾਲ ਕੁਦਰਤੀ ਆਫ਼ਤਾਂ ਨੇ ਹੋਰ ਵੀ ਗੰਭੀਰ ਕਰ ਦਿੱਤੀ ਹੈ । ਇਕ ਪਾਸੇ ਦਹਿਸ਼ਤਗਰਦੀ ਉਸੇ ਤਰ੍ਹਾਂ ਜਾਰੀ ਹੈ — ਮਾਸੂਮ ਲੋਕ ਹਰ ਰੋਜ਼ ਕੋਹੇ ਜਾ ਰਹੇ ਹਨ ਪਰ ਨਾ ਪੰਜਾਬ ਦੇ ਲੀਡਰ ਅਤੇ ਨਾ ਹੀ ਕੇਂਦਰੀ ਆਗੂ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਇਕ ਪਾਸੇ ਲੋਕ ਦਹਿਸ਼ਤਗਰਦੀ ਦੀ ਮਾਰ ਝਲ ਰਹੇ ਹਨ — ਦੂਜੇ ਪਾਸੇ ਹੜ੍ਹਾਂ ਦੀ ਤਬਾਹੀ ਨੇ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ ਹੈ । ਇਸ ਸਮੁੱਚੀ ਸਮੱਸਿਆ ਦੀ ਜ਼ਿਮੇਂਵਾਰੀ ਤੋਂ ਨਾ ਤਾਂ ਖਾਲਿਸਤਾਨੀ ਦਹਿਸ਼ਤਗਰਦ ਬਚ ਸਕਦੇ ਹਨ ਅਤੇ ਨਾ ਹੀ ਕੇਂਦਰ ਦੀ ਨਾਅਹਿਲ ਸਰਕਾਰ। ਹੈਰਾਨੀ ਦੀ ਗੱਲ ਇਹ ਹੈ ਕਿ ਕੇਂਦਰੀ ਆਗੂ ਵੀ ਪੰਜਾਬ ਦੇ ਲੋਕਾਂ ਨਾਲ ਝੂਠੀ ਹਮਦਰਦੀ ਜਿਤਾ ਕੇ ਦਹਿਸ਼ਤਗਰਦੀ ਨੂੰ ਕਾਬੂ ਕਰ ਲੈਣ ਦੀਆਂ ਫੜ੍ਹਾਂ ਮਾਰਦੇ ਹਨ — ਦੂਜੇ ਪਾਸੇ ਦਹਿਸ਼ਤਗਰਦ ਜਿਹੜੇ ਪੰਜਾਬ ਦੇ ਲੋਕਾਂ ਨੂੰ ਆਜ਼ਾਦ ਕਰਾਉਣ ਦੀਆਂ ਫੜ੍ਹਾਂ ਮਾਰਦੇ ਹਨ ਉਹ ਪੰਜਾਬ ਦੇ ਲੋਕਾਂ ਦਾ ਹੀ ਘਾਣ ਕਰੀ ਜਾ ਰਹੇ ਹਨ ।

ਇਹ ਹੁਣ ਪੰਜਾਬੀਆਂ ਦਾ ਫਰਜ਼ ਬਣਦਾ ਹੈ ਕਿ ਕੇਂਦਰੀ ਲੀਡਰਾਂ ਨੇ ਉਨ੍ਹਾਂ ਸਾਹਮਣੇ ਅਗਲੇ ਸਾਲ ਝੋਲੀ ਫੈਲਾਉਣੀ ਹੈ ਕਿਉਂਕਿ ਹਾਕਮ ਪਾਰਟੀ ਨੇ ਅਕਸਰ ਚੋਣਾਂ ਲੜਨ ਲਈ ਲੋਕਾਂ ਸਾਹਮਣੇ ਵੋਟਾਂ ਲਈ ਹੱਥ ਅੱਡਣੇ ਹਨ — ਤਾਂ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਹਾਕਮਾਂ ਨੂੰ ਵੋਟਾਂ ਸਮੇਂ ਠੁੱਠ ਦਿਖਾਉਣ ਤੇ ਪੰਜਾਬ ਦੀ ਹਰ ਵੋਟ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਪਾਉਣ। ਵੀ. ਪੀ. ਸਿੰਘ ਅਤੇ ਹੋਰ ਨੇਤਾਵਾਂ ਨੂੰ ਵੀ ਪੰਜਾਬ ਦੇ ਲੋਕਾਂ ਨੂੰ ਪਰਖਣਾ ਚਾਹੀਦਾ ਹੈ ।

ਪੰਜਾਬ ਦੀਆਂ ਚੋਣਾਂ ਬਹੁਤੀ ਦੇਰ ਲਟਕਾਈਆਂ ਨਹੀਂ ਜਾ ਸਕਦੀਆਂ । ਸ਼ਾਇਦ ਆਮ ਚੋਣਾਂ ਦੇ ਨਾਲ ਹੀ ਪੰਜਾਬ ਵਿਚ ਚੋਣਾਂ ਕਰਵਾਈਆਂ ਜਾਣ। ਉਸ ਸਮੇਂ ਪੰਜਾਬ ਦੇ ਲੋਕ ਪਾਰਟੀ-ਰਹਿਤ ਉਮੀਦਵਾਰਾਂ ਨੂੰ ਸਾਹਮਣੇ ਲਿਆਕੇ ਹਿੰਦੂ-ਸਿੱਖ ਏਕੇ ਵਾਲੀ ਸਰਕਾਰ ਬਨਾਉਣ ਲਈ ਲਾਮਬੰਦ ਹੋਣ। ਇਹ ਤੇ ਸਪਸ਼ਟ ਹੈ ਕਿ ਪੰਜਾਬ ਦੇ ਲੋਕ ਕਾਂਗਰਸੀ ਉਮੀਦਵਾਰਾਂ ਨੂੰ ਵੋਟ ਨਹੀਂ ਪਾਉਣਗੇ। ਪਰ ਕੀ ਉਹ ਅਕਾਲੀ ਉਮੀਦਵਾਰਾਂ ਨੂੰ ਵੋਟ ਪਾਉਣਗੇ ? ਜੋ ਅਕਾਲੀ ਆਪ ਖਖੜੀਆਂ ਹੋਏ ਫਿਰਦੇ ਹਨ ਅਤੇ ਜੋ 73 ਅਸੈਂਬਲੀ ਮੈਂਬਰ ਬਣਾ ਕੇ ਵੀ ਹਕੂਮਤ ਨਹੀਂ ਕਰ ਸਕੇ — ਉਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਉਹ ਪੰਜਾਬੀਆਂ ਤੋਂ ਮੁੜ ਵੋਟਾਂ ਮੰਗਣ ।

ਇਸ ਲਈ ਇਕੋ ਇਕ ਚਾਰਾ ਹੈ ਕਿ ਈਮਾਨਦਾਰ ਤੇ ਹਿੰਦੂ-ਸਿੱਖ ਏਕੇ ਦੇ ਮੁਦੱਈ ਉਮੀਦਵਾਰ ਲੱਭੇ ਜਾਣ ਜੋ ਕੇਂਦਰੀ ਸਰਕਾਰ ਨੂੰ ਵੀ ਸਿੱਧੇ ਹੋ ਕੇ ਟਕਰਨ ਅਤੇ ਦਹਿਸ਼ਤਗਰਦੀ ਦੇ ਵੀ ਲਗਾਮ ਪਾਉਣ। ਇਨ੍ਹਾਂ ਉਮੀਦਵਾਰਾਂ ਦੀ ਚੋਣ ਵਿਚ ਸਾਂਝੇ ਫਰੰਟ ਦੀ ਵੀ ਮੱਦਦ ਲਈ ਜਾ ਸਕਦੀ ਹੈ ।

## ਮਨਜੀਤ ਢਿਲੋਂ ਯੁਗੰਡਾ ਦੇ ਹਵਾਈ ਹਾਦਸੇ 'ਚ ਹਲਾਕ

ਲੰਡਨ —— ਰੋਮ ਵਿਚ ਯੋਗੰਡਾ ਏਅਰ ਲਾਈਨਜ਼ ਦੇ ਹਵਾਈ ਜਹਾਜ਼ ਨੂੰ ਹਾਦਸਾ ਪੇਸ਼ ਆਇਆ। ਉਸ ਵਿਚ ਮਰਨ ਵਾਲਿਆਂ ਵਿਚ ਪੰਜਾਬੀ ਬ੍ਰਿਟਿਸ਼ ਨਾਗਰਿਕ ਵੀ ਸ਼ਾਮਲ ਹੈ। ਇਸ ਦਾ ਨਾਂ ਮਨਜੀਤ ਢਿਲੋਂ ਦੱਸਿਆ ਜਾਂਦਾ ਹੈ ਜੋ ਕਿ ਲੰਡਨ ਦੇ ਕੁਈਨਜ਼ ਗਾਰਡਨਜ਼ ਦਾ ਵਾਸੀ ਹੈ । ਦੂਸਰਾ ਪਾਕਿਸਤਾਨੀ ਨੂਰ ਮੁਹੰਮਦ ਇਬਰਾਹੀਮ (ਬੋਲਟਨ) ਵੀ ਇਸ ਹਾਦਸੇ ਦਾ ਸ਼ਿਕਾਰ ਹੋਇਆ ਹੈ । ਮਿ. ਢਿਲੋਂ ਨਿਰਯਾਤ ਆਇਆਤ ਦਾ ਕੰਮ ਕਰਦਾ ਸੀ । ਇਸ ਦੀ ਉਮਰ ਮਸਾਂ 47 ਸਾਲਾਂ ਦੀ ਸੀ । ਰੋਮ ਵਿਚ ਬਰਤਾਨਵੀ ਦੂਤਾਵਾਸ ਨੇ ਇਹਨਾਂ ਦੋਵਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ ।

# ਬਿਦਰ ਕਾਂਡ: ਖਤਰਨਾਕ ਫਿਰਕੂ ਸਿਆਸਤ

ਬਿਦਰ ਦੀਆਂ ਹਿੰਸਕ ਘਟਨਾਵਾਂ ਦੇ ਇਹ ਸਵਾਲ ਇਕ ਵੇਰਾਂ ਫੇਰ ਭਖਾ ਦਿੱਤਾ ਹੈ ਕਿ ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿਖ ਕਿਸ ਹੱਦ ਤੱਕ ਸੁਰੱਖਿਅਤ ਹਨ। ਭਾਵੇਂ ਦੂਜੇ ਪ੍ਰਾਂਤਾਂ ਦੀਆਂ ਸਰਕਾਰਾਂ ਇਹ ਵਿਸ਼ਵਾਸ ਵਾਰ ਵਾਰ ਦਿੰਦੀਆਂ ਹਨ ਕਿ ਹਰ ਸਥਿਤੀ ਵਿਚ ਸਿੱਖਾਂ ਦੇ ਜਾਨ-ਮਾਲ ਦੀ ਰਾਖੀ ਕੀਤੀ ਜਾਵੇਗੀ, ਪਰ ਇਸ ਵਿਸ਼ਵਾਸ ਦਿਵਾਉਣ ਅਤੇ ਮੰਗਣ ਦੀ ਪ੍ਰੀਕਿਰਿਆ ਤੋਂ ਹੀ ਜ਼ਾਹਿਰ ਹੋ ਜਾਂਦਾ ਹੈ ਕਿ ਪੰਜਾਬੋਂ ਬਾਹਰ ਸਿਖ ਇਕ ਮਾਨਸਿਕ ਪੀੜ ਦਾ ਅਨੁਭਵ ਕਰ ਰਹੇ ਹਨ ਜਦ ਕਿ 1984 ਤੋਂ ਪਹਿਲਾਂ ਕਦੇ ਵੀ ਅਜਿਹਾ ਨਹੀਂ ਸੀ ਹੋਇਆ ।

ਸਮਾਚਾਰ ਪੱਤਰਾਂ ਤੋਂ ਅਤੇ ਜੋ ਲੋਕ ਉਚੇਚੇ ਤੌਰ 'ਤੇ ਹਾਲਾਤ ਦਾ ਜਾਇਜ਼ਾ ਲੈਣ ਬਿਦਰ ਗਏ ਉਨ੍ਹਾਂ ਤੋਂ ਜੋ ਕੁਝ ਪਤਾ ਚੱਲਿਆ ਹੈ ਉਹ ਸੰਖੇਪ ਤੌਰ 'ਚ ਇਸ ਪ੍ਰਕਾਰ ਹੈ। ਦੱਸਿਆ ਇਹ ਗਿਆ ਹੈ ਕਿ ਬਿਦਰ ਵਿਚ ਜੋ ਸਥਾਨਕ ਵਸੋਂ ਦੀ ਹਿੰਸਾ ਦੇ ਸ਼ਿਕਾਰ ਸਿਖ ਵਿਦਿਆਰਥੀ ਹੋਏ ਤਾਂ ਉਸ ਦੇ ਮੁੱਖ ਕਾਰਨ ਆਰਥਿਕ ਹਨ । ਸਿੱਖ ਵਿਦਿਆਰਥੀਆਂ ਅਤੇ ਸਥਾਨਕ ਲੋਕਾਂ ਵਿਚ ਤਣਾਓ ਦਾ ਕਾਰਨ ਵਿਦਿਆਰਥੀਆਂ ਦਾ ਅਮੀਰ ਪਿਛੋਕੜ ਹੈ। ਇਹ ਉਹ ਸਿਖ ਯੁਵਕ ਹਨ ਜਿਨ੍ਹਾਂ ਦੇ ਅਮੀਰ ਮਾਂ-ਬਾਪ ਨੇ ਪੰਜਾਹ ਹਜ਼ਾਰ ਤੋਂ ਇਕ ਲੱਖ ਰੁਪਏ ਦੇ ਕੇ ਉਨ੍ਹਾਂ ਨੂੰ ਬਿਦਰ ਦੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਦਾਖਲ ਕਰਾਇਆ । ਇਨ੍ਹਾਂ ਯੁਵਕਾਂ ਨੇ ਸਿਰਫ ਪੈਸੇ ਦੇ ਜ਼ੋਰ ਨਾਲ ਦਾਖਲਾ ਪ੍ਰਾਪਤ ਕੀਤਾ ਕਿਉਂਕਿ ਭਾਰਤ ਵਿਚ ਕਰਨਾਟਕ ਸਣੇ ਕੁਝ ਅਜਿਹੇ ਪ੍ਰਾਂਤ ਹਨ ਜਿਥੇ ਕੈਪੀਟੇਸ਼ਨ ਫੀਸ (ਅਰਥਾਤ ਸੀਟਾਂ ਦੀ ਨਿਲਾਮੀ) ਦੀ ਖੁੱਲ੍ਹ ਹੈ ।

ਇਸ ਪਿਛੋਕੜ ਵਿਚ ਜਦੋਂ ਬਿਦਰ ਵਿਚ ਮੈਡੀਕਲ ਕਾਲਜ ਖੋਲ੍ਹਣ ਦਾ ਸਵਾਲ ਪੈਦਾ ਹੋਇਆ ਤਾਂ ਉਥੋਂ ਦੀ ਸਿੱਖ ਸੰਸਥਾ ਨੇ ਪੈਸੇ ਦੇ ਜ਼ੋਰ ਨਾਲ ਤੁਰੰਤ ਹਸਪਤਾਲ ਬਣਾ ਕੇ ਸਰਕਾਰ ਕੋਲੋਂ ਇਸ ਕਾਲਜ ਨੂੰ ਖੋਲ੍ਹਣ ਦੀ ਪ੍ਰਵਾਨਗੀ ਲੈ ਲਈ ਜਦ ਕਿ ਸਥਾਨਕ ਲਿੰਗਾਇਤ ਜਾਤੀ ਵਲੋਂ ਵੀ ਸਿਰ-ਤੋੜ ਯਤਨ ਕੀਤੇ ਗਏ ਕਿ ਉਨ੍ਹਾਂ ਦੀ ਸੰਸਥਾ ਨੂੰ ਮੈਡੀਕਲ ਕਾਲਜ ਖੋਲ੍ਹਣ ਦੀ ਪ੍ਰਵਾਨਗੀ ਮਿਲੇ। ਪਰ ਚੂੰਕਿ ਉਨ੍ਹਾਂ ਨਾਲੋਂ ਪਹਿਲਾਂ ਸਿੱਖਾਂ ਨੇ ਉਥੇ ਹਸਪਤਾਲ ਬਣਾ ਲਿਆ ਉਹ ਇਸ ਦੌੜ ਵਿਚ ਪਛੜ ਗਏ ।

ਸਪਸ਼ਟ ਤੌਰ 'ਤੇ ਸਥਾਨਕ ਲਿੰਗਾਇਤਾਂ ਅਤੇ ਸਿੱਖਾਂ ਵਿਚਕਾਰ ਤਣਾਓ ਦਾ ਆਧਾਰ ਆਰਥਿਕ ਸੀ । ਪਰ ਅਸਲ ਸਵਾਲ ਹੁਣ ਪੈਦਾ ਹੁੰਦਾ ਹੈ। ਭਾਰਤ ਵਿਚ ਕਿਹੜੀ ਥਾਂ 'ਤੇ ਅਮੀਰ ਅਤੇ ਗਰੀਬ ਵਿਚਕਾਰ ਤਣਾਓ ਨਹੀਂ ? ਇਹ ਤਣਾਓ ਪ੍ਰਗਟ ਰੂਪ ਵਿਚ ਵੀ ਹੈ ਅਤੇ ਪਰੋਖ ਰੂਪ ਵਿਚ ਵੀ । ਜੇ ਅਮੀਰੀ ਹੀ ਹਿੰਸਾਤਮਕ ਘਟਨਾਵਾਂ ਦਾ ਕਾਰਨ ਹੈ ਤਾਂ ਸਿਰਫ ਬਿਦਰ ਵਿਚ ਹੀ ਕਿਉਂ ਅਤੇ ਸਿਰਫ ਘੱਟ ਗਿਣਤੀ ਦੇ ਫਿਰਕੇ ਦੇ ਵਿਦਿਆਰਥੀ ਹੀ ਕਿਉਂ ਇਸ ਦੇ ਸ਼ਿਕਾਰ ਹੋਏ ਹਨ ? ਹੋਰ ਕਿਹੜੀ ਥਾਂ 'ਤੇ ਗਰੀਬ ਅਤੇ ਥੁੜੇ-ਟੁੱਟੇ ਲੋਕਾਂ ਨੇ ਅਮੀਰ ਅਤੇ ਆਰਥਿਕਤਾ 'ਤੇ ਕਾਬਜ਼ ਲੋਕਾਂ 'ਤੇ ਵਾਰ ਕਰ ਕੇ ਉਨ੍ਹਾਂ ਨੂੰ ਕਤਲ ਕੀਤਾ ਹੈ? ਅਗਲਾ ਸਵਾਲ ਹੈ : ਕਾਤਲ ਕੀ ਸਥਾਨਕ ਥੁੜੇ-ਟੁੱਟੇ ਲੋਕ ਸਨ ਜਾਂ ਸ਼ਿਵ ਸੈਨਾ ਦੇ ਹੁਲੜਬਾਜ਼ ਜਿਹੜੇ ਮਹਾਂਰਾਸ਼ਟਰ ਅਤੇ ਉਸ ਦੇ ਨਾਲ ਲਗਦੇ ਇਲਾਕਿਆਂ ਵਿਚ ਘੱਟ-ਗਿਣਤੀ ਦੇ ਲੋਕਾਂ ਵਿਚ ਦਹਿਸ਼ਤ ਫੈਲਾ ਰਹੇ ਹਨ ਅਤੇ ਜਿਨ੍ਹਾਂ ਨੂੰ ਕਾਂਗਰਸ ਸਰਕਾਰ ਨੇ ਕਦੇ ਨਾਰਾਜ਼ ਨਹੀਂ ਕੀਤਾ ?

ਕਰਨਾਟਕ ਵਿਚ ਜਨਤਾ ਪਾਰਟੀ ਦਾ ਰਾਜ ਹੈ। ਇਹ ਸਾਰੇ ਮੰਨਦੇ ਹਨ। ਇਹ ਫਸਾਦ ਨਾ ਸਰਕਾਰ ਅਤੇ ਨਾ ਹੀ ਇਸ ਪਾਰਟੀ ਨੇ ਕਰਵਾਏ ਹਨ ।

ਅਸੀਂ ਇਹ ਵੀ ਨਹੀਂ ਕਹਿੰਦੇ ਕਿ ਇਹ ਫਸਾਦ ਭਾਜਪਾ ਜਾਂ ਇੰਕਾ ਨੇ ਕਰਵਾਏ ਹਨ। ਸਵਾਲ ਸਿਰਫ ਇਹ ਹੈ ਕਿ ਜੇ ਕੋਈ ਸਿਆਸੀ ਪਾਰਟੀ ਇਸ ਵਿਚ ਸ਼ਾਮਲ ਹੈ ਜਾਂ ਨਹੀਂ ਤਾਂ ਇਨ੍ਹਾਂ ਘਟਨਾਵਾਂ ਦੇ ਵਾਪਰਨ ਨਾਲ ਬਦਨਾਮ ਕਿਹੜੀ ਪਾਰਟੀ ਹੁੰਦੀ ਹੈ ? ਜੇ ਬਦਨਾਮ ਜਨਤਾ ਪਾਰਟੀ ਹੁੰਦੀ ਹੈ ਤਾਂ ਕਾਂਗਰਸ ਨੂੰ ਇਸ ਵਿਚ ਲਾਭ ਹੈ ਕਿਉਂਕਿ ਜਿਨ੍ਹਾਂ ਵਿਰੋਧੀ ਪਾਰਟੀਆਂ ਨੂੰ ਮਿਲਾ ਕੇ ਕੇਂਦਰੀ ਪੱਧਰ 'ਤੇ ਸੰਯੁਕਤ ਪਾਰਟੀ ਬਣ ਰਹੀ ਹੈ ਉਸ ਵਿਚ ਜਨਤਾ ਸਭ ਤੋਂ ਪ੍ਰਮੁੱਖ ਹੈ। ਜਨਤਾ ਪਾਰਟੀ ਉਨ੍ਹਾਂ ਵਿਰੋਧੀ ਪਾਰਟੀਆਂ ਵਿਚੋਂ ਹੈ ਜਿਸ ਨੇ ਦਿੱਲੀ ਦੇ ਨਵੰਬਰ, 1984 ਫਸਾਦਾਂ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਇਆ ਹੈ। ਇਸ ਦੇ ਨਾਲ ਵੇਖਣ ਵਾਲੀ ਗੱਲ ਇਹ ਵੀ ਹੈ ਕਿ ਸਿੱਖਾਂ ਨੂੰ ਧਮਕੀ ਦੇਣ ਦੇ ਮਾਮਲੇ ਵਿਚ ਸ਼ਿਵ ਸੈਨਾ ਦੇ ਮੂੰਹ ਨੂੰ ਖੂਨ ਲੱਗਾ ਹੋਇਆ ਹੈ। ਇਸ ਫਿਰਕੂ ਪਾਰਟੀ ਤੇ ਦੋਸ਼ ਇਹ ਲਗਾਇਆ ਜਾਂਦਾ ਹੈ ਕਿ ਇਹ ਮਹਾਰਾਸ਼ਟਰ ਦੇ ਸਿੱਖਾਂ ਨੂੰ ਬਲੈਕਮੇਲ ਕਰਦੀ ਹੈ, ਸਮੇਂ ਸਮੇਂ ਉਨ੍ਹਾਂ ਤੋਂ ਪੈਸੇ ਬਟੋਰਦੀ ਹੈ । ਸ਼ਿਵ ਸੈਨਾ ਦੀਆਂ ਦਹਿਸ਼ਤਗਰਦ ਹਰਕਤਾਂ ਨੂੰ ਰੋਕਣ ਲਈ ਮਹਾਰਾਸ਼ਟਰ ਅਤੇ ਕੇਂਦਰ ਦੀਆਂ ਕਾਂਗਰਸ ਸਰਕਾਰਾਂ ਨੇ ਕਦੇ ਕੁਝ ਨਹੀਂ ਕੀਤਾ

ਬਿਦਰ, ਮਹਾਰਾਸ਼ਟਰ ਪ੍ਰਾਂਤ ਦੀ ਹੱਦ ਦੇ ਬਿਲਕੁਲ ਨੇੜੇ ਹੈ। ਹਿੰਦੀ-ਭਾਸ਼ੀ ਇਲਾਕਿਆਂ ਤੋਂ ਬਾਹਰ ਕਾਂਗਰਸ ਪਾਸ ਆਪਣੀ ਹੁੱਲੜ ਸੈਨਾ ਨਹੀਂ। ਦਿੱਲੀ ਇਸ ਦੀ ਹੁੱਲੜ ਸੈਨਾ ਦਾ ਵੱਡਾ ਅੱਡਾ ਹੈ ਜੋ ਨਵੰਬਰ, 1984 ਵਿਚ ਇਸ ਦੇ ਕੰਮ ਆਈ ।

ਫਿਰਕੂ ਦੰਗਿਆਂ ਵਿਚ ਕਤਲ ਸਾਧਾਰਨ ਲੋਕੀਂ ਨਹੀਂ ਕਰਦੇ, ਭਾਵੇਂ ਉਹ ਕਿੰਨੇ ਹੀ ਭੁਖੇ ਹੋਏ ਕਿਉਂ ਨਾ ਹੋਣ। ਉਪਰਲੇ ਸੰਕੇਤਾਂ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਹੁੱਲੜ ਸੈਨਾ ਕਿਸ ਦੀ ਸੀ ਅਤੇ ਇਸ ਪਿੱਛੇ ਕਿਸ ਸਿਆਸਤ ਦਾ ਹੱਥ ਹੈ ? ਆਰਥਿਕ ਕਾਰਨ ਵੀ ਹੋ ਸਕਦੇ ਹਨ, ਪਰ ਇਨ੍ਹਾਂ ਨੂੰ ਫਿਰਕੂ ਹਿੰਸਾ ਦਾ ਰੂਪ ਦੇਣ ਪਿਛੇ ਉਹ ਮਾਨਸਿਕਤਾ ਹੈ ਜੋ ਦਿੱਲੀ ਦੀ ਕਤਲੋ-ਗਾਰਤ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਤੋਂ ਇਨਕਾਰੀ ਹੈ ।

1984 ਤੋਂ ਬਾਅਦ ਭਾਰਤ ਵਿਚ ਇਕ ਖਤਰਨਾਕ ਫਿਰਕੂ ਖੇਡ ਖੇਡੀ ਜਾ ਰਹੀ ਹੈ। ਜਦੋਂ ਹੁੱਲੜ ਸੈਨਾ ਨੂੰ ਪਤਾ ਹੋਵੇ ਕਿ ਸਿੱਖਾਂ 'ਤੇ ਹਿੰਸਕ ਧਾਵਾ ਬੋਲਣ ਨਾਲ ਸਜ਼ਾ ਤਾਂ ਮਿਲਣੀ ਨਹੀਂ, ਜਿਵੇਂ ਦਿੱਲੀ ਦੇ ਕਾਤਲਾਂ ਨੂੰ ਅਜੇ ਤੱਕ ਨਹੀਂ ਮਿਲੀ (ਮੁਕੱਦਮੇ ਵੀ ਨਹੀਂ ਦਾਇਰ ਕੀਤੇ ਗਏ), ਉਦੋਂ ਬਿਦਰ ਵਰਗੀਆਂ ਘਟਨਾਵਾਂ ਦਾ ਵਾਪਰਨਾ ਇਸ ਘਿਨਾਉਣੇ ਤਰਕ ਦਾ ਅੰਗ ਹੀ ਹੈ। ਭਾਵੇਂ ਜਨਤਾ ਸਰਕਾਰ ਨੇ ਅਦਾਲਤੀ ਤਫਤੀਸ਼ ਦਾ ਹੁਕਮ ਦੇ ਦਿੱਤਾ ਹੈ ਅਤੇ ਕੁਝ ਬੰਦੇ ਹਿਰਾਸਤ ਵਿਚ ਵੀ ਲੈ ਲਏ ਹਨ ਪਰ ਬੇਇਨਸਾਫੀ ਦਾ ਜੋ ਮਾਡਲ ਕੇਂਦਰੀ ਸਰਕਾਰ ਨੇ ਸਾਰੇ ਦੇਸ਼ ਦੇ ਲੋਕਾਂ ਨੂੰ ਦਿੱਤਾ ਹੈ ਉਸ ਨੇ ਇਕ ਨਹੀਂ ਕਈ ਬਿਦਰ ਪੈਦਾ ਕਰਨ ਦਾ ਖਤਰਾ ਪੈਦਾ ਕੀਤਾ ਹੋਇਆ ਹੈ। ਇਹ ਖਤਰਾ ਤਦ ਹੀ ਟਲ ਸਕਦਾ ਹੈ ਜੇ ਨਵੰਬਰ 84 ਦੇ ਦੋਸ਼ੀਆਂ ਵਿਰੁਧ ਮੁਕੱਦਮੇ ਚਲਾਏ ਜਾਣ। ਅਜਿਹਾ ਨਾ ਕਰਨਾ ਧਰਮ ਨਿਰਪੱਖਤਾ ਦੀ ਨੀਤੀ ਦੀ ਸੰਘੀ ਨੱਪਣਾ ਹੈ।

ਅੱਜ ਫਿਰਕੂ ਸਿਆਸਤ ਇਕ ਉਦਯੋਗ ਬਣ ਗਿਆ ਹੈ ਜਿਸ ਪਿਛੇ ਸਮਗਲਰ ਵੀ ਹਨ ਅਤੇ ਸਿਆਸਤਦਾਨ ਵੀ । ਇਹ ਦੋਵੇਂ ਇਸ ਉਦਯੋਗ ਦੇ ਪੂੰਜੀਪਤੀ ਹਨ, ਹੁੱਲੜ ਸੈਨਾ ਮਸ਼ੀਨਰੀ ਹੈ ਅਤੇ ਪੈਦਾ ਹੋਣ ਵਾਲੇ ਮਾਲ ਦੀ ਗਾਹਕ ਅਜਿਹੀ ਲੋਕਾਈ ਹੈ ਜਿਸ ਲਈ ਧਰਮ ਸਭ ਤੋਂ ਵੱਡੀ ਜਾਇਦਾਦ ਹੈ। ਇਸ ਉਦਯੋਗ 'ਚ ਅਸਲ ਮੁਨਾਫਾ ਵੋਟ ਹਨ ।

ਇਹ ਉਦਯੋਗ ਉਨਾ ਹੀ ਖਤਰਨਾਕ ਹੈ ਜਿੰਨਾ ਦਹਿਸ਼ਤਵਾਦ ਜਾਂ ਬੇਰੋਜ਼ਵਾਦ। ਦਿੱਲੀ 'ਚ ਕਰਾਏ ਗਏ ਦੰਗੇ ਅਤੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ ਇਸ ਉਦਯੋਗ ਦੀ ਸਮੱਗਰੀ ਦੇ ਹੰਢਣਸਾਰ ਹੋਣ ਦਾ ਸਬੂਤ ਹੈ। ਦੇਸ਼ ਦੀ ਏਕਤਾ ਅਤੇ ਸਮਾਜਿਕ ਤਬਦੀਲੀਆਂ ਦੇ ਦੁਸ਼ਮਣਾਂ ਨੂੰ ਇਹ ਉਦਯੋਗ ਅੱਜ ਕੱਲ੍ਹ ਰਾਸ ਆ ਰਿਹਾ ਹੈ ।

—ਗੁਰਬਚਨ—

# ਪਾਕਿਸਤਾਨ ਵਿਚ ਜਨਰਲ ਬੇਗ ਤਾਕਤ ਸੰਭਾਲੇਗਾ?

ਪਾਕਿਸਤਾਨ ਵਿਚ ਹੋਣ ਵਾਲੀਆਂ ਚੋਣਾਂ ਦੀ ਆਸ ਤੇ ਵਿਰੋਧੀ ਨੇਤਾਵਾਂ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਨਵੇਂ ਸਿਰੇ ਤੋਂ ਗੱਠਜੋੜ ਸ਼ੁਰੂ ਕਰ ਦਿੱਤੇ ਹਨ ਪਰ ਜਿਸ ਢੰਗ ਨਾਲ ਫੌਜ ਵਿਚ ਗੱਠਜੋੜ ਹੋਇਆ ਹੈ ਉਸ ਤੋਂ ਲਗਦਾ ਹੈ ਕਿ ਚੋਣਾਂ ਹੋਣੀਆਂ ਅਸੰਭਵ ਹਨ ਜਾਂ ਫਿਰ ਫੌਜ ਹੀ ਭਾਰੂ ਰਹੇਗੀ । ਜਨਰਲ ਜ਼ਿਆ ਦੇ ਨਾਲ ਹੀ ਦੂਜੇ ਜਰਨੈਲਜ਼ ਦੀ ਮੌਤ ਤੋਂ ਬਾਅਦ ਜਨਰਲ ਮਿਰਜ਼ਾ ਅਸਲਮ ਬੇਗ ਨੇ ਫੌਜ ਦੇ ਮੁਖੀ ਬਣਨ ਮਗਰੋਂ ਅਜਿਹੇ ਅਫਸਰ ਜਰਨੈਲ ਬਣਾਏ ਹਨ ਜਿਨ੍ਹਾਂ ਕਰਕੇ ਮੁਹਾਜਿਰ, ਪਠਾਣ ਅਤੇ ਸ਼ੀਆ ਅਫਸਰਾਂ ਦਾ ਗੱਠਜੋੜ ਹੋ ਗਿਆ ਹੈ ਜਿਸ ਤੋਂ ਪੰਜਾਬੀ ਅਫਸਰਾਂ ਵਿਚ ਬੇਚੈਨੀ ਤੇ ਨਰਾਜ਼ਗੀ ਪੈਦਾ ਹੋ ਗਈ ਹੈ । ਜਨਰਲ ਬੇਗ ਵੀ ਮਹਾਜਰ ਹੈ। ਸਮੁੰਦਰੀ ਬੇੜੇ ਦੇ ਚੀਫ ਐਡਮਿਰਲ ਅਫਤਖਾਰ ਅਹਿਮਦ ਖਾਨ ਪਠਾਣ ਹੈ ਜਦ ਕਿ ਨਵਾਂ ਪ੍ਰਧਾਨ ਵੀ ਪਠਾਣ ਹੈ । ਇਸ ਤਰ੍ਹਾਂ ਜਨਰਲ ਬੇਗ ਨੇ ਖਤਰਨਾਕ ਜਰਨੈਲਾਂ ਦੀਆਂ ਬਦਲੀਆਂ ਕਰ ਦਿੱਤੀਆਂ ਹਨ ।

ਇਸ ਤੋਂ ਪਹਿਲਾਂ ਚੀਫ ਆਰਮੀ ਸਟਾਫ ਹੀ ਸਰਕਾਰ ਦਾ ਤਖਤਾ ਪਲਟਦੇ ਰਹੇ ਹਨ। ਇਸ ਲਈ ਜਨਰਲ ਬੇਗ ਵਲੋਂ ਆਪਣੀ ਪੁਜ਼ੀਸ਼ਨ ਮਜ਼ਬੂਤ ਬਣਾਉਣ ਨੂੰ ਰਾਜਸੀ ਹਲਕੇ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਹਨ। ਕਿਹਾ ਜਾਂਦਾ ਹੈ ਕਿ ਕੁਝ ਜੂਨੀਅਰ ਅਫਸਰ ਹਾਲੇ ਵੀ ਸਵਰਗੀ ਭੁੱਟੋ ਦੇ ਮਦਾਹ ਹਨ ਪਰ ਕਿਹਾ ਨਹੀਂ ਜਾ ਸਕਦਾ ਕਿ ਜਨਰਲ ਬੇਗ ਬਾਰੇ ਉਨ੍ਹਾਂ ਦਾ ਰਵੱਈਆ ਕਿਹੋ ਜਿਹਾ ਹੋਵੇਗਾ ? ਪ੍ਰਸਿੱਧ ਅਖਬਾਰ ਨਵੀਸ ਅਹਿਮਦ ਰਸ਼ੀਦ ਨੇ ਪੇਸ਼ੀਨਗੋਈ ਕੀਤੀ ਹੈ ਕਿ ਚੋਣਾਂ ਹੋ ਵੀ ਜਾਣ, ਜਨਰਲ ਬੇਗ ਬੇਨਜ਼ੀਰ ਭੁੱਟੋ ਜਾਂ ਜੁਨੈਜੋ ਨੂੰ ਪ੍ਰਧਾਨ ਨਹੀਂ ਬਣਨ ਦੇਵੇਗਾ ਅਤੇ ਜੇ ਉਨ੍ਹਾਂ ਵਿਚੋਂ ਕਿਸੇ ਦੇ ਬਣਨ ਦੀ ਆਸ ਬੱਝੀ ਤਾਂ ਫੌਜ ਦੁਬਾਰਾ ਰਾਜ ਪ੍ਰਬੰਧ ਸੰਭਾਲ ਲਵੇਗੀ । ਇਹ ਵੀ ਚਰਚਾ ਹੈ ਕਿ ਕਸ਼ਮੀਰ ਵਿਚ ਗੜਬੜ ਕਰਾ ਕੇ ਦੇਸ਼ ਵਿਚ ਮਾਰਸ਼ਲ ਲਾਅ ਵੀ ਲਾਇਆ ਜਾ ਸਕਦਾ ਹੈ ।

### ਕਤਲ ਦੀ ਸਾਜ਼ਿਸ਼

ਪਾਕਿਸਤਾਨ ਦੀ ਅੰਦਰੂਨੀ ਰਾਜਸੀ ਹਾਲਤ ਹਾਲੇ ਠੀਕ ਨਹੀਂ ਹੋਈ ਅਤੇ ਲਾਹੌਰ ਪੁਲੀਸ ਨੇ ਪੰਜਾਬ ਦੇ ਮੁੱਖ ਮੰਤਰੀ ਨਵਾਜ਼ ਸ਼ਰੀਫ ਤੇ ਕੁਝ ਹੋਰ ਅਹਿਮ ਸ਼ਖਸੀਅਤਾਂ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਪ੍ਰਗਟਾਵਾ ਕਰ ਕੇ ਦੋ ਵਿਅਕਤੀ ਹਮੀਦ ਬੱਟ ਤੇ ਸ਼ਾਹਦ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਗੁੱਟ ਦੇ ਮੁਖੀ ਬਾਬਰ ਬੱਟ ਨੂੰ ਕਰਾਚੀ ਵਿਚ ਗੋਲੀ ਮਾਰ ਦਿੱਤੀ ਗਈ ਹੈ ।

ਕੇਂਦਰੀ ਮੰਤਰੀ ਅਸਲਮ ਬੇਗ ਨੇ ਕਿਹਾ ਹੈ ਕਿ ਦਹਿਸ਼ਤਪਸੰਦਾਂ ਨੇ ਕਈ ਅਹਿਮ ਸਖਸ਼ੀਅਤਾਂ ਨੂੰ ਮਾਰਨ ਲਈ ਹਿੱਟ ਲਿਸਟ ਤਿਆਰ ਕੀਤੀ ਹੋਈ ਹੈ ਜਿਸ ਕਰ ਕੇ ਭਾਰੀ ਸੁਰੱਖਿਆ ਪ੍ਰਬੰਧ ਕਰ ਲਏ ਗਏ ਹਨ। ਪਾਕਿਸਤਾਨੀ ਅਖਬਾਰ ਖੁੱਲ੍ਹ ਕੇ ਲਿਖ ਰਹੇ ਹਨ ਕਿ ਨਵੇਂ ਪ੍ਰਧਾਨ ਨੂੰ ਜ਼ਿਆ ਦੀਆਂ ਨੀਤੀਆਂ 'ਤੇ ਨਹੀਂ ਚਲਣਾ ਚਾਹੀਦਾ ਅਤੇ ਅਮਰੀਕਾ ਦੇ ਚੁੰਗਲ ਵਿਚੋਂ ਨਿਕਲਣਾ ਚਾਹੀਦਾ ਹੈ। ਖਾਨ ਵਲੀ ਖਾਨ ਨੇ ਤਾਂ ਦੋਸ਼ ਲਾਇਆ ਹੈ ਕਿ ਅਮਰੀਕਾ ਹੀ ਅਫਗਾਨਿਸਤਾਨ ਵਿਰੁਧ ਪਾਕਿਸਤਾਨ ਨੂੰ ਵਰਤ ਰਿਹਾ ਹੈ ਜੋ ਅਯੋਗ ਹੈ ।

### ਚੋਣ ਤਿਆਰੀਆਂ ਠੰਡੀਆਂ

ਜਨਰਲ ਜ਼ਿਆ ਨੇ ਕੌਮੀ ਅਸੈਂਬਲੀ ਦੀਆਂ ਚੋਣਾਂ 16 ਨਵੰਬਰ ਨੂੰ ਕਰਾਉਣ ਦਾ ਐਲਾਨ ਕਰਦੇ ਮੁਖ ਚੋਣ ਕਮਿਸ਼ਨਰ ਨੂੰ ਹਦਾਇਤ ਕੀਤੀ ਸੀ ਕਿ ਉਹ 1981 ਦੀ ਜਨ ਗਣਨਾ ਦੇ ਆਧਾਰ 'ਤੇ ਨਵੀਂ ਹਲਕਾਬੰਦੀ ਬਣਾਵੇ ਪਰ ਇਸ ਸੰਬੰਧੀ ਨਵੀਂ ਸਰਕਾਰ ਚੁੱਪ ਹੈ। ਸਿਰਫ ਮੰਤਰੀ ਇਹ ਕਹੀ ਜਾ ਰਹੇ ਹਨ ਕਿ ਚੋਣਾਂ ਜ਼ਰੂਰ ਹੋਣਗੀਆਂ ਅਤੇ ਜਨਰਲ ਜ਼ਿਆ ਨੇ ਜੋ ਇਸਲਾਮੀ ਕਾਨੂੰਨ ਬਣਾਏ ਸਨ, ਉਨ੍ਹਾਂ 'ਤੇ ਅਮਲ ਹੋਵੇਗਾ। ਪ੍ਰਧਾਨ ਨੇ ਵਿਰੋਧੀ ਨੇਤਾਵਾਂ ਦੀ ਇਹ ਮੰਗ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਕਿ ਵਰਤਮਾਨ ਅੰਤਰ ਰਾਜ ਸਰਕਾਰਾਂ ਤੋੜ ਕੇ ਸਾਂਝੀਆਂ ਨਿਰਪੱਖ ਸਰਕਾਰਾਂ ਬਣਾਈਆਂ ਜਾਣ ।

ਲਾਹੌਰ ਦੇ ਅਖਬਾਰ 'ਨਵਾਏ ਵਕਤ' ਨੇ ਸਰਕਾਰ ਦੇ ਚੋਣ ਐਲਾਨਾਂ ਤੇ ਕਾਰਟੂਨ ਰਾਹੀਂ ਚੋਟ ਕੀਤੀ ਹੈ

# ਰਾਜੀਵ ਗਾਂਧੀ ਚੋਣਾਂ ਫਰਵਰੀ ਵਿਚ ਕਰਵਾਏਗਾ ?



ਨਵੀਂ ਦਿੱਲੀ — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਦੂਸਰੇ "ਸਫਲ" ਤਾਮਿਲਨਾਡੂ ਦੌਰੇ ਮਗਰੋਂ ਇਥੇ ਕਾਂਗਰਸ (ਇ) ਕੈਂਪ ਦੀਆਂ ਸਰਗਰਮੀਆਂ ਵਿਚ ਵੱਡੀ ਚੋਣ ਪ੍ਰੇਰਿਤ ਤਬਦੀਲੀ ਵੇਖਣ ਲਈ ਮਿਲ ਰਹੀ ਹੈ। ਚੋਣਾਂ ਦੀ ਘੁਸਰ ਮੁਸਰ ਤਾਂ ਸ਼ੁਰੂ ਹੋ ਹੀ ਚੁੱਕੀ ਹੈ ਅਤੇ ਅਗਰ ਹਾਕਮ ਪਾਰਟੀ ਦੇ ਸੂਤਰਾਂ ਦਾ ਭਰੋਸਾ ਕੀਤਾ ਜਾਵੇ ਤਾਂ ਪਾਰਲੀਮੈਂਟ ਦੇ ਸਰਦੀਆਂ ਦੇ ਸਮਾਗਮ ਮਗਰੋਂ ਮੱਧਕਾਲੀ ਚੋਣਾਂ ਦੀ ਸੰਭਾਵਨਾ ਨੂੰ ਵੇਖਦੇ ਹੋਏ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ।

ਹਾਕਮ ਪਾਰਟੀ ਦੇ ਆਗੂ ਇਸ ਤੱਥ ਨੂੰ ਭਲੀ ਪ੍ਰਕਾਰ ਸਮਝ ਚੁੱਕੇ ਹਨ ਕਿ ਖਤਮ ਹੋਇਆ ਪ੍ਰਧਾਨ ਮੰਤਰੀ ਦਾ ਦੂਸਰਾ ਤਾਮਿਲਨਾਡੂ ਦੌਰਾ ਚੋਣ ਦਾ ਬਿਗਲ ਸੀ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੇ ਆਪਣੀਆਂ ਤਕਰੀਰਾਂ ਵਿਚ ਬਹੁਤਾ ਜ਼ੋਰ ਸਿਆਸੀ ਮਾਮਲਿਆਂ ਤੇ ਖਾਸ ਕਰ ਵਿਰੋਧੀ ਪਾਰਟੀਆਂ ਦੀਆਂ ਨੀਤੀਆਂ ਉਪਰ ਹਮਲੇ ਦਾ ਰੱਖਿਆ। ਇਥੇ ਹੀ ਬਸ ਨਹੀਂ, ਪ੍ਰਧਾਨ ਮੰਤਰੀ ਨੇ ਤਾਮਿਲਨਾਡੂ ਤੋਂ ਮੁੜਦਿਆਂ ਹੀ ਪਾਰਟੀ ਲੀਡਰਾਂ ਨੂੰ ਚੌਕਸ ਕਰ ਦਿੱਤਾ ਕਿ ਰਾਜਾਂ ਵਿਚ ਚੋਣ ਮਸ਼ੀਨਰੀ ਨੂੰ "ਤੇਲ ਤੂਲ ਦੇ ਲੈਣ" ਅਤੇ "ਓਵਰਹਾਲ ਕਰ ਲੈਣ।" ਇਸੇ ਤੋਂ ਇਨ੍ਹਾਂ ਕਿਆਸਅਰਾਈਆਂ ਨੂੰ ਬਲ ਮਿਲਿਆ ਕਿ ਪ੍ਰਧਾਨ ਮੰਤਰੀ ਅਗਲੇ ਵਰ੍ਹੇ ਦੇ ਸ਼ੁਰੂ ਵਿਚ ਲੋਕ ਸਭਾ ਦੀਆਂ ਮੱਧਕਾਲੀ ਚੋਣਾਂ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਨ

ਇਸ ਤੋਂ ਪਹਿਲਾਂ ਮਧਕਾਲੀ ਚੋਣਾਂ ਦੀਆਂ ਅਫਵਾਹਾਂ ਜਦੋਂ ਵੀ ਉਡਦੀਆਂ, ਹਾਕਮ ਪਾਰਟੀ ਦੇ ਵਸੀਲਿਆਂ ਵਲੋਂ ਇਨ੍ਹਾਂ ਅਫਵਾਹਾਂ ਨੂੰ ਖਤਮ ਕਰਨ ਲਈ ਕਾਰਵਾਈ ਕੀਤੀ ਜਾਂਦੀ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਚੋਣਾਂ ਸਮੇਂ ਸਿਰ ਹੀ ਹੋਣਗੀਆਂ। ਪ੍ਰੰਤੂ ਦਿਨਾਂ ਦੌਰਾਨ ਇਸ ਰਵੱਈਏ ਵਿਚ ਤਬਦੀਲੀ ਦੇ ਸੰਕੇਤ ਮਿਲੇ ਹਨ ਅਤੇ ਕਾਂਗਰਸ (ਇ) ਲੀਡਰਾਂ ਵਲੋਂ ਉਸੇ ਤਰ੍ਹਾਂ ਦੀਆਂ ਸਰਗਰਮੀਆਂ ਵਿਖਾਈਆਂ ਜਾ ਰਹੀਆਂ ਹਨ ਜਿਸ ਤਰ੍ਹਾਂ ਦੀਆਂ ਕੇਵਲ ਚੋਣਾਂ ਦੇ ਮੌਕੇ 'ਤੇ ਹੀ ਵੇਖਣ ਵਿਚ ਆਉਂਦੀਆਂ ਹਨ।

## ਬੰਬਈ ਵਿਚ ਜੂਆ ਘਰ ਖੋਲ੍ਹੇ ਜਾਣਗੇ

ਬੰਬਈ — ਖਬਰ ਹੈ ਕਿ ਮਹਾਂਰਾਸ਼ਟਰ ਦੇ ਮੁਖ ਮੰਤਰੀ ਸ੍ਰੀ ਪਾਵਾਰ ਨੇ ਦੱਸਿਆ ਹੈ ਕਿ ਬੰਬਈ ਦੇ ਲਾਗੇ ਹੀਰੇ ਮੋਤੀਆਂ ਦੇ ਵਪਾਰ ਵਿਚ ਵਾਧਾ ਹੋਣ ਨਾਲ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਹ ਵਪਾਰਕ ਕੇਂਦਰ ਬੰਬਈ ਲਾਗੇ "ਅੰਧੇਰੀ" ਨਾਂ ਦੇ ਕਸਬੇ ਵਿਚ ਬਣ ਰਿਹਾ ਹੈ।

ਮੁਖ ਮੰਤਰੀ ਨੇ ਦੱਸਿਆ ਹੈ ਕਿ ਟੂਰਿਜ਼ਮ ਦੀ ਸਨਅਤ ਨੂੰ ਵਧਾਉਣ ਲਈ ਉਹ ਇਥੋਂ ਦੇ ਹੋਟਲਾਂ ਨੂੰ ਖੇਡਣ ਦੇ ਲਈ ਲਾਈਸੈਂਸ ਦੇ ਦੇਣਗੇ।

# ਭਾਖੜਾ ਬੋਰਡ ਵਿਰੁਧ ਪੜਤਾਲ ਹੋਣ ਲੱਗੀ

ਚੰਡੀਗੜ੍ਹ — ਪੰਜਾਬ ਵਿਚ ਹੜ੍ਹਾਂ ਨੇ ਜੋ ਤਬਾਹੀ ਮਚਾਈ ਉਸ ਵਿਚ ਭਾਖੜਾ ਬਿਆਸ ਮੈਨੇਜਮੈਂਟ ਦਾ ਵੀ ਕਾਫੀ ਹੱਥ ਹੈ। ਪੰਜਾਬ ਦੀ ਹਰ ਅਪੋਜ਼ੀਸ਼ਨ ਪਾਰਟੀ ਨੇ ਇਸ ਮੈਨੇਜਮੈਂਟ ਦੀ ਨਿਖੇਧੀ ਕੀਤੀ ਹੈ ਕਿਉਂਕਿ ਭਾਰੀ ਬਾਰਸ਼ਾਂ ਕਾਰਨ ਝੀਲ ਗੋਬਿੰਦ ਸਾਗਰ ਵਿਚ ਪਾਣੀ ਦੀ ਖਤਰਨਾਕ ਪੱਧਰ ਨੂੰ ਨੀਵਾਂ ਕਰਨ ਲਈ ਡੈਮ ਵਿਚੋਂ ਵਾਧੂ ਪਾਣੀ ਜਦੋਂ ਕਾਹਲੀ ਵਿਚ ਛੱਡਿਆ ਗਿਆ ਤਾਂ ਉਸਨੇ ਸਤਲੁਜ ਦੇ ਕੰਢੇ ਤੋੜ ਦਿੱਤੇ ਅਤੇ ਆਲੇ ਦੁਆਲੇ ਰੋਪੜ ਤੋਂ ਲੈ ਕੇ ਧੁਰ ਫਿਰੋਜ਼ਪੁਰ ਤੱਕ ਭਾਰੀ ਤਬਾਹੀ ਮਚਾਈ। ਪੰਜਾਬ ਕਿਸਾਨ ਸਭਾ ਦੇ ਸਕੱਤਰ ਡਾ: ਜੁਗਿੰਦਰ ਦਿਆਲ ਨੇ ਕਿਹਾ ਹੈ ਕਿ ਭਾਖੜਾ ਡੈਮ ਦਾ ਵਾਧੂ ਪਾਣੀ ਛੱਡਣ ਨਾਲ ਜ਼ਿਲਾ ਰੋਪੜ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਕਪੂਰਥਲਾ, ਫਿਰੋਜ਼ਪੁਰ ਤੇ ਅੰਮ੍ਰਿਤਸਰ ਵਿਚ ਜੋ ਤਬਾਹੀ ਹੋਈ ਹੈ ਉਸਦੀ ਜ਼ਿਮੇਂਵਾਰੀ ਭਾਖੜਾ ਤੇ ਬਿਆਸ ਮੈਨੇਜਮੈਂਟ ਉਤੇ ਹੈ।

ਉਹਨਾਂ ਕਿਹਾ ਕਿ ਜੇਕਰ ਪ੍ਰਬੰਧਕ ਅਤੇ ਸਰਕਾਰ ਦੇ ਸੰਚਾਈ ਮਹਿਕਮੇ ਵਾਲੇ ਹੇਠਲੇ ਅਫਸਰਾਂ ਤੇ ਆਮ ਲੋਕਾਂ ਨੂੰ ਵੇਲੇ ਸਿਰ ਖਬਰਦਾਰ ਕਰ ਦਿੰਦੇ ਅਤੇ ਸਰਕਾਰ ਹੰਗਾਮੀ ਪੱਧਰ ਉਤੇ ਖਤਰੇ ਵਾਲੇ ਇਲਾਕਿਆਂ ਵਿਚ ਲੋਕਾਂ ਨੂੰ ਕੱਢਣ ਵਿਚ ਮੱਦਦ ਕਰਦੀ ਤਾਂ ਇੰਨਾ ਜਾਨੀ ਤੇ ਮਾਲੀ ਨੁਕਸਾਨ ਨਹੀਂ ਸੀ ਹੋ ਸਕਦਾ। ਅਜੇਹੇ ਹੀ ਬਿਆਨ ਅਕਾਲੀ ਲੀਡਰਾਂ, ਭਾਰਤੀ ਜਨਤਾ ਪਾਰਟੀ ਨੇ ਵੀ ਦਿੱਤੇ।

ਡਾ. ਦਿਆਲ ਨੇ ਕਿਹਾ ਹੈ ਕਿ ਡੈਮ ਪਿਛੇ ਅਧਿਕਾਰੀਆਂ ਨੇ ਪਹਿਲਾਂ ਹੀ ਲੋੜੀਂਦਾ ਪਾਣੀ ਰੋਕ ਰਖਿਆ ਸੀ ਫਿਰ ਵਾਧੂ ਪਾਣੀ ਪਹਿਲਾਂ ਹੀ ਹੌਲੀ ਹੌਲੀ ਕਰਕੇ ਕਿਉਂ ਨਾ ਛੱਡਿਆ ਗਿਆ। 12 ਸਤੰਬਰ ਨੂੰ ਅਧਿਕਾਰੀਆਂ ਵਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਅਨੁਸਾਰ ਡੈਮ ਵਿਚ ਹਰ ਪਿਛਲੇ ਸਮੇਂ ਨਾਲੋਂ ਵੱਧ ਪਾਣੀ ਜਮ੍ਹਾਂ ਸੀ ਜਿਸ ਦੀ ਪੱਧਰ 1687 ਫੁਟ ਹੈ ਜਦੋਂ ਕਿ ਆਮ ਪੱਧਰ 1685 ਫੁਟ ਹੁੰਦੀ ਹੈ। ਉਹਨਾਂ ਕਿਹਾ ਕਿ ਲੋੜ ਹੈ ਇਸ ਅਣਗਹਿਲੀ ਅਤੇ ਮਹਾਨ ਗਲਤੀ ਬਾਰੇ ਉਚ ਪੱਧਰੀ ਜਾਂਚ ਕਰਾਈ ਜਾਵੇ ਤੇ ਜ਼ਿਮੇਂਵਾਰ ਅਧਿਕਾਰੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ

### ਬੋਰਡ ਤੇ ਚੇਅਰਮੈਨ

ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਜੈਨਰਲ ਬੀ. ਐਨ. ਕੁਮਾਰ ਨੇ ਪੰਜਾਬ ਵਿਚ ਪਾਈ ਦੁਹਾਈ ਦੇ ਜਵਾਬ ਵਿਚ ਕਿਹਾ ਹੈ ਕਿ ਹੜ੍ਹਾਂ ਨਾਲ ਭਿਆਨਕ ਤਬਾਹੀ ਹੋਈ ਹੈ ਪਰ ਜੋ ਇਲਜ਼ਾਮ ਬੋਰਡ ਉਤੇ ਲਾਇਆ ਜਾ ਰਿਹਾ ਹੈ ਉਸ ਬਾਰੇ ਕਿਸੇ ਵੀ ਪੜਤਾਲ ਦਾ ਸਾਹਮਣਾ ਕਰਨ ਲਈ ਉਹ ਤਿਆਰ ਹਨ। ਮਿ. ਕੁਮਾਰ ਨੇ ਲਗਾਤਾਰ ਤਿੰਨ ਦਿਨ ਪ੍ਰੈਸ ਕਾਨਫਰੰਸ ਕੀਤੀ ਤੇ ਘਬਰਾਹਟ ਵਿਚ ਕਿਹਾ ਹੈ ਕਿ ਜੇਕਰ ਭਾਖੜਾ ਡੈਮ ਦਾ ਪਾਣੀ ਛੱਡਿਆ ਨਾ ਜਾਂਦਾ ਤਾਂ ਡੈਮ ਨੂੰ ਖਤਰਾ ਪੈਦਾ ਹੋ ਸਕਦਾ ਸੀ। ਉਹਨਾਂ ਕਿਹਾ ਕਿ ਚੰਗਾ ਹੋਵੇ ਸੈਂਟਰਲ ਵਾਟਰ ਕਮਿਸ਼ਨ ਇਸ ਗੱਲ ਦਾ ਅਧਿਐਨ ਕਰੇ ਕਿ ਇਹ ਵਿਨਾਸ਼ਕਾਰੀ ਪੜਾਅ ਅਚਾਨਕ ਪੈਦਾ ਕਿਵੇਂ ਹੋਇਆ।

ਸਰਕਾਰ ਦੇ ਚੀਫ ਇੰਜੀਨੀਅਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਉਹ ਪੂਰੇ ਭਰੋਸੇ ਨਾਲ ਕਹਿੰਦੇ ਹਨ ਕਿ ਸਰਕਾਰ ਨੇ ਪਾਣੀ ਛੱਡਣ ਤੇ ਪੈਦਾ ਹੋਣ ਵਾਲੇ ਖਤਰਿਆਂ ਤੋਂ ਜ਼ਿਲਾ ਪ੍ਰਸ਼ਾਸ਼ਨ ਨੂੰ ਜਾਣੂ ਕਰਾ ਦਿੱਤਾ ਸੀ। ਜੈ. ਕੁਮਾਰ ਨੇ ਕਿਹਾ ਕਿ ਡੈਮ ਲਈ ਖਤਰਾ 24-25 ਅਤੇ 26 ਸਤੰਬਰ ਦੀ ਬਰਖਾ ਨਾਲ ਪੈਦਾ ਹੋਇਆ ਸੀ। ਪਰ ਜਦੋਂ ਉਹਨਾਂ ਨੂੰ ਪੁਛਿਆ ਗਿਆ ਉਹਨਾਂ ਪ੍ਰੈਸ ਨੋਟ ਜਾਰੀ ਕਰਕੇ ਅਖਬਾਰਾਂ ਨੂੰ ਜਾਣੂ ਕਿਉਂ ਨਾ ਕਰਾਇਆ ਤਾਂ ਕੁਮਾਰ ਜਵਾਬ ਟਾਲ ਗਏ ਤੇ ਕਿਹਾ ਕਿ ਉਹ ਖੁਦ ਬਾਰਸ਼ਾਂ ਕਾਰਨ ਡੈਮ ਨਾਲੋਂ ਕੱਟੇ ਹੋਏ ਸਨ। ਇਸ ਲਈ ਰੁਝੇਵੇਂ ਵਿਚ ਅਜੇਹਾ ਨਾ ਕੀਤਾ ਜਾ ਸਕਿਆ।

# ਕਾਲੇ ਪਾਣੀਆਂ ਦੇ ਲੋਕ ਸੰਕਟ ਵਿਚ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਭਾਰਤ ਦੇ ਅੰਡੇਮਾਨ-ਨਿਕੋਬਾਰ ਦੇ ਟਾਪੂ ਜਿਨ੍ਹਾਂ ਨੂੰ ਕਾਲੇ ਪਾਣੀ ਕਿਹਾ ਜਾਂਦਾ ਸੀ, ਜਿਥੇ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਸੈਂਕੜੇ ਦੇਸ਼ ਭਗਤਾਂ ਨੂੰ ਉਮਰ ਕੈਦੀ ਬਣਾ ਕੇ ਸੁੱਟ ਦਿੱਤਾ ਜਾਂਦਾ ਸੀ, ਅੱਜ ਕੱਲ੍ਹ ਇਥੋਂ ਦੇ ਲੋਕ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਪਤਾ ਲੱਗਾ ਹੈ ਕਿ ਇਹ ਟਾਪੂ ਹੁਣ ਕਾਫੀ ਵਿਕਸਤ ਹੋ ਗਏ ਹਨ ਇਥੇ ਕਾਫੀ ਸਨਅਤ ਵੀ ਲੱਗ ਗਈ ਹੈ। ਇਥੇ ਲੋਕਾਂ ਨੂੰ ਖਾਣ ਪੀਣ ਤੇ ਹੋਰ ਲੋੜ ਦੀਆਂ ਚੀਜ਼ਾਂ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੰਕਟ ਇਸ ਲਈ ਆਇਆ ਕਿ ਜਿਹੜੇ ਸਰਕਾਰੀ ਜਹਾਜ਼ ਇਥੇ ਸਾਮਾਨ ਲੈ ਕੇ ਜਾਂਦੇ ਸਨ, ਉਨ੍ਹਾਂ ਵਿਚੋਂ ਇਕ ਨੂੰ ਸ੍ਰੀਲੰਕਾ ਵਿਚ ਭੇਜੀਆਂ ਸ਼ਾਂਤੀ ਫੌਜਾਂ ਨੂੰ ਸਪਲਾਈ ਲਈ ਲਾ ਦਿੱਤਾ ਹੈ। ਇਕ ਜਹਾਜ਼ ਮੁਰੰਮਤ ਲਈ ਵਿਸ਼ਾਖਾਪਟਨਮ ਵਿਚ ਖੜਾ ਹੈ। ਇਹ ਜਹਾਜ਼ ਮਹੀਨੇ ਵਿਚ ਦੋ ਜਾਂ ਤਿੰਨ ਚੱਕਰ ਹੀ ਲਗਾ ਸਕਦੇ ਹਨ।

ਪਤਾ ਲੱਗਾ ਹੈ ਕਿ ਚੀਜ਼ਾਂ ਦੀ ਕਮੀ ਦੇ ਕਾਰਨ ਮਹਿੰਗਾਈ ਵਧ ਗਈ ਹੈ ਖੰਡ 15 ਰੁਪਏ ਕਿਲੋ ਅਤੇ ਮਛੀ 25 ਰੁਪਏ ਕਿਲੋ ਵਿਕ ਰਹੀ ਹੈ। ਸਪਲਾਈ ਵਿਭਾਗ ਨੇ ਮਛੀ ਦਾ ਮੁੱਲ 8 ਤੋਂ 12 ਰੁਪਏ ਰੱਖਿਆ ਹੈ।

# ਫਰੀ ਟ੍ਰੇਡ ਬਾਰੇ ਬੀ. ਸੀ. ਦੇ ਪ੍ਰੀਮੀਅਰ ਦੇ ਵਿਚਾਰ

—ਬਿੱਲ ਵੈਂਡਰਜ਼ਾਮ—



VANDER ZALM

ਵਿਕਟੋਰੀਆ-ਕੈਨੇਡਾ-ਅਮਰੀਕਾ ਫਰੀ ਟਰੇਡ ਸਮਝੌਤੇ ਦੇ ਆਲੋਚਕਾਂ ਦਾ ਵਿਚਾਰ ਹੈ ਕਿ ਜੇ ਇਹ ਸਮਝੌਤਾ ਲਾਗੂ ਹੋ ਗਿਆ ਤਾਂ ਕੈਨੇਡਾ ਆਪਣੀ ਆਜ਼ਾਦੀ ਤੋਂ ਹੱਥ ਧੋ ਬੈਠੇਗਾ। ਮੇਰਾ ਵਿਚਾਰ ਹੈ ਕਿ ਜੇ ਸਾਡਾ ਅਮਰੀਕਾ ਨਾਲ ਸਮਝੌਤਾ ਸਿਰੇ ਨਹੀਂ ਚੜ੍ਹਦਾ ਤਾਂ ਕੈਨੇਡਾ ਦੀ ਆਜ਼ਾਦੀ ਨੂੰ ਵੱਧ ਖਤਰਾ ਹੈ।

ਸਾਡੇ ਦੇਸ਼ ਲਈ ਦੋ ਵੱਡੇ ਖਤਰੇ ਹਨ — ਬੇਰੁਜ਼ਗਾਰੀ ਤੇ ਭੁੱਖ। ਜੇ ਅਸੀਂ ਹੁਣ ਵਾਲੇ ਹਾਲਾਤ ਵਿਚ ਹੀ ਰਹਿੰਦੇ ਹਾਂ ਤਾਂ ਦੇਸ਼ ਦੀ ਆਰਥਿਕ ਤਾਕਤ ਘਟੇਗੀ

ਇਕ ਵਪਾਰੀ ਕੌਮ ਦੇ ਨਾਤੇ ਸਾਨੂੰ ਆਪਣੀਆਂ ਮੰਡੀਆਂ ਵਧਾਉਣੀਆਂ ਜ਼ਰੂਰੀ ਹਨ ਅਤੇ ਇਸ ਲਈ ਸਾਨੂੰ ਦੁਨੀਆਂ ਦੇ ਬਾਕੀ ਦੇਸ਼ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਇਹੀ ਕੁਝ ਪਹਿਲਾਂ ਵੀ ਬੀ. ਸੀ. ਦੀਆਂ ਸੈਂਕੜੇ ਕੰਪਨੀਆਂ ਕਰ ਰਹੀਆਂ ਹਨ।

ਅੱਜ ਮਾਰਕਿਟ ਵਿਚ ਬੀ ਸੀ ਦੀਆਂ ਕੰਪਨੀਆਂ ਦੁਨੀਆਂ ਦੇ ਆਗੂ ਦੇਸ਼ਾਂ ਦਾ ਮੁਕਾਬਲਾ ਕਰ ਰਹੀਆਂ ਹਨ।

- ਦੁਨੀਆਂ ਦੀ ਸਭ ਤੋਂ ਵੱਡੀ ਰੀਮੋਟ-ਕੰਟਰੋਲ ਪਾਣੀ ਥੱਲੇ ਚੱਲਣ ਵਾਲੀ ਮੋਟਰ ਵੈਨਕੂਵਰ ਵਿਚ 1974 ਵਿਚ ਬਣਾਈ ਗਈ।
- ਬੀ. ਸੀ. ਦੀ ਇਕ ਕੰਪਨੀ ਨੇ ਕੁਦਰਤੀ ਬੈਕਟੀਰੀਆ ਟਰੇਂਡ ਕੀਤੇ ਜੋ ਸੋਨੇ ਤੇ ਚਾਂਦੀ ਦੇ ਕੰਨਸੈਨਟ੍ਰੇਟਵਿਚ ਸਲਫਾਈਟ ਖਾਂਦੇ ਹਨ ਅਤੇ ਸ਼ੁਧ ਧਾਤ ਬਣਦੀ ਹੈ।
- ਵਿਕਟੋਰੀਆ ਦੀ ਰੋਬੋਟਿਕਸ ਕੰਪਨੀ ਦੁਨੀਆਂ ਵਿਚ ਸਭ ਤੋਂ ਵੱਡੀ ਹੈ।

ਇਹ ਕੁਝ ਕੈਲੇਫੋਰਨੀਆ, ਇੰਗਲੈਂਡ ਜਾਂ ਜਾਪਾਨ ਵਿਚ ਨਹੀਂ ਹੋਇਆ। ਇਹ ਕੁਝ ਬੀ ਸੀ ਵਿਚ ਹੋਇਆ ਹੈ।

ਅਸੀਂ ਦੁਨੀਆਂ ਨੂੰ ਦਿਖਾਇਆ ਹੈ ਕਿ ਅਸੀਂ ਮੁਕਾਬਲਾ ਕਰ ਸਕਦੇ ਹਾਂ। ਫਰੀ ਟਰੇਡ ਸਮਝੌਤੇ ਨਾਲ ਸਾਨੂੰ ਵੱਡੀ ਮੰਡੀ ਮਿਲੇਗੀ ਤੇ ਬੀ ਸੀ ਤੇ ਕੈਨੇਡਾ ਵੱਧ ਚੀਜ਼ਾਂ ਵੇਚ ਸਕਣਗੇ। ਦੇਸ਼ ਦੀ ਆਜ਼ਾਦੀ ਦੀਆਂ ਜੜ੍ਹਾਂ ਆਰਥਿਕ ਉਨਤੀ ਵਿਚ ਹਨ। ਫਰੀ ਟਰੇਡ ਸਮਝੌਤੇ ਨਾਲ ਕੈਨੇਡਾ ਦੀ ਭਵਿਖ ਦੀ ਦੌਲਤ ਵਿਚ ਵਾਧਾ ਹੋਵੇਗਾ।

(ਇਹ ਵਿਚਾਰ ਬੀ. ਸੀ. ਦੇ ਪ੍ਰੀਮੀਅਰ ਦੇ ਹਨ। 'ਕੈਨੇਡਾ ਦਰਪਣ' ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ — ਸੰਪਾਦਕੀ ਮੰਡਲ)

### ਸਹਾਇਤਾ ਕੈਂਪ

ਸਰਕਾਰ ਨੇ ਕਰਾਚੀ, ਮੁਲਤਾਨ ਅਤੇ ਪਿਸ਼ਾਵਰ ਦੇ ਦੰਗਾ ਪੀੜਤਾਂ ਲਈ ਸਹਾਇਤਾ ਕੈਂਪ ਕਾਇਮ ਕਰ ਦਿੱਤੇ ਹਨ ਜਿਥੇ ਪੁਲੀਸ ਦੇ ਭਾਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਪਰ ਪੁਲੀਸ ਦਾ ਕਿਰਦਾਰ ਹੀ ਅਜਿਹਾ ਹੈ ਕਿ ਉਹ ਪੀੜਤਾਂ ਦੀ ਸਹਾਇਤਾ ਤੋਂ ਵੀ ਲਾਭ ਉਠਾ ਸਕਦੀ ਹੈ।

BOOK NOW FLY LATER SAVE MONEY



SPECIAL FARES TO:
San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.
CATHAY PACIFIC
AIR CANADA
Canadian
Wardair Canada
JAL
JAPAN AIR LINES
KLM
UNITED

Goyal Travels Inc.
4152 Fraser St., Vancouver, B.C. V5V 4E8
PH. (604) 877-7777
TOLL FREE From B.C., Alberta, Saskatchewan & Manitoba.
1-800-663-8638
CALGARY
Ph. (403) 235-6808
TORONTO
(416) 593-6966

ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:

**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75



■ BUYING ■ SELLING

Free Evaluation For Your Property
Call any time
Without any obligation

Ph. Bus: 736-3831 Res: 434-8548
Pager 687-1985 #2229



Malkit Dhami M.A. (Eco.)

**United Realty Ltd.**

3879 Oak Street, Vancouver, B.C. V6H 2M6



ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

London From $548.00 Toronto From $299.00



*AUTHORIZED AGENTS FOR:*

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

**BAINS TRAVEL SERVICE**

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363


# ਪਾਕਿ ਹੁਣ ਮਾਰਸ਼ਲ ਹਕੂਮਤ ਦਾ ਭਾਰ ਨਹੀਂ ਝੱਲ ਸਕਦਾ

ਨਵੀਂ ਦਿੱਲੀ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਚੇਅਰਪਰਸਨ ਨੁਸਰਤ ਭੁਟੋ ਨੇ ਭਵਿਖ ਵਿਚ ਦੇਸ਼ ਅੰਦਰ ਮਾਰਸ਼ਲ ਲਾਅ ਲਾਏ ਜਾਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ। ਬੇਗਮ ਨੁਸਰਤ ਭੁੱਟੋ ਨੇ ਕਰਾਚੀ ਤੋਂ ਨਿਕਲਦੇ ਅੰਗਰੇਜ਼ੀ ਸਪਤਾਹਿਕ "ਮੈਗ" ਨਾਲ ਇਕ ਭੇਟ ਵਾਰਤਾ ਦੌਰਾਨ ਕਿਹਾ, "ਜਨਰਲ ਅਸਲਮ ਖਾਨ ਨੇ ਜਦੋਂ ਸਪਸ਼ਟ ਤੌਰ 'ਤੇ ਕਹਿ ਦਿੱਤਾ ਹੈ ਕਿ ਰਾਜਨੀਤੀ, ਰਾਜਨੀਤਕਾਂ ਤਕ ਹੀ ਸੀਮਤ ਰਹਿਣੀ ਚਾਹੀਦੀ ਹੈ, ਮੇਰਾ ਨਹੀਂ ਖਿਆਲ ਕਿ ਇਸ ਤੋਂ ਪਿਛੋਂ ਪਾਕਿਸਤਾਨ ਅੰਦਰ ਮਾਰਸ਼ਲ ਲਾਅ ਦੀ ਕੋਈ ਸੰਭਾਵਨਾ ਰਹਿ ਜਾਂਦੀ ਹੈ।"

ਉਨ੍ਹਾਂ ਕਿਹਾ, "ਇਹ ਜ਼ਰੂਰ ਹੈ ਕਿ ਪਿਛਲੇ ਮਾਰਸ਼ਲ ਲਾਅ ਵੇਲੇ ਦੇ ਜੋ ਅਜੇ ਬਚੇ-ਖੁਚੇ ਹਨ ਉਹ ਸਮਝਦੇ ਹੋਣਗੇ ਕਿ ਉਨ੍ਹਾਂ ਦਾ ਬਚਾਅ ਇਸੇ ਗੱਲ ਵਿਚ ਹੀ ਹੈ ਕਿ ਮਾਰਸ਼ਲ ਲਾਅ ਹੋਵੇ ਪਰ ਇਸ ਗੱਲ ਦੀ ਚੰਗੀ ਤਰ੍ਹਾਂ ਸਮਝ ਆ ਜਾਣੀ ਚਾਹੀਦੀ ਹੈ ਕਿ ਪਿਛਲੇ 11 ਸਾਲਾਂ ਦੀ ਮਾਰਸ਼ਲ ਹਕੂਮਤ ਨੇ ਪਾਕਿਸਤਾਨ ਨੂੰ ਅਜਿਹੇ ਮੁਹਾਜ਼ 'ਤੇ ਲਿਆ ਖੜ੍ਹਾਇਆ ਹੈ ਕਿ ਇਹ ਹੁਣ ਇਕ ਹੋਰ ਮਾਰਸ਼ਲ-ਹਕੂਮਤ ਦਾ ਭਾਰ ਨਹੀਂ ਝੱਲ ਸਕਦਾ।"

ਬਰਮਾ ਅੰਦਰਲੀ ਸਥਿਤੀ ਨਾਲ ਮੇਲਦਿਆਂ ਬੇਗਮ ਭੁਟੋ ਨੇ ਕਿਹਾ, "ਦਬਾਅ ਪਾ ਕੇ ਲੋਕਾਂ ਦੀ ਆਵਾਜ਼ ਨੂੰ ਕੁਝ ਦੇਰ ਤਕ ਹੀ ਦਬਾਇਆ ਜਾ ਸਕਦਾ ਹੈ, ਕੁਝ ਸਾਲਾਂ ਲਈ ਜਾਂ ਇਕ ਦਹਾਕੇ ਲਈ ਵੀ ਪਰ ਜਦੋਂ ਨੌਬਤ ਵਸੋਂ ਤੋਂ ਬਾਹਰ ਹੋ ਜਾਂਦੀ ਹੈ ਉਦੋਂ ਤੱਕ ਆਪਣੀ ਮਰਜ਼ੀ ਮਨਵਾ ਕੇ ਹੀ ਰਹਿੰਦੇ ਹਨ।"

ਸ੍ਰੀਮਤੀ ਭੁੱਟੋ ਨੇ ਕਈ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਨੇ ਇਹ ਸੰਭਾਵਨਾ ਰੱਦ ਕੀਤੀ ਕਿ ਹਥਿਆਰਬੰਦ ਸੈਨਿਕਾਂ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਵਿਚ ਕਿਸੇ ਕਿਸਮ ਦਾ ਕੋਈ ਟਕਰਾਓ ਪੈਦਾ ਹੋਵੇਗਾ। ਫੌਜ ਦੀ ਇਕ 'ਰਾਸ਼ਟਰੀ ਸੰਸਥਾ' ਵਲੋਂ ਪ੍ਰਸੰਸਾ ਕਰਦਿਆਂ ਬੇਗਮ ਭੁੱਟੋ ਨੇ ਕਿਹਾ ਕਿ ਫੌਜ ਤਾਂ ਮੁਲਕ ਦੀ ਸਥਿਰਤਾ ਬਣਾਉਣ ਵਾਲਾ ਇਕ ਅਹਿਮ ਹਿਸਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੀ ਲੜਾਈ ਤਾਂ ਉਸ ਬੰਦੇ ਦੇ ਵਿਰੁੱਧ ਸੀ ਜਿਹੜਾ ਇਸ ਦੀ ਬਦਨਾਮੀ ਕਰਵਾ ਰਿਹਾ ਸੀ। ਉਨ੍ਹਾਂ ਨੇ ਜ਼ਿਆ ਉਤੇ ਦੋਸ਼ ਲਾਇਆ ਕਿ ਆਪਣੀ ਹਕੂਮਤ ਚਲਾਉਣ ਲਈ ਜ਼ਿਆ ਨੇ ਸਰਕਾਰੀ ਮਸ਼ੀਨਰੀ, ਫੌਜ, ਅਫਸਰਸ਼ਾਹੀ, ਨਿਆਂਪਾਲਿਕਾ ਤੇ ਕੁਝ ਰਾਜਨੀਤਕਾਂ ਨੂੰ ਲਗਾਤਾਰ ਵਰਤਿਆ ਉਨ੍ਹਾਂ ਹੋਰ ਕਿਹਾ ਕਿ ਹੁਣ ਫੌਜਾਂ ਇਸ ਗੱਲ ਲਈ ਰਾਜ਼ੀ ਨਹੀਂ ਹੋਣਗੀਆਂ ਕਿ ਉਹ ਕਿਸੇ ਇਕ ਗਰੁੱਪ ਜਾਂ ਵਿਅਕਤੀ ਦੀ ਉਨਤੀ ਵਾਸਤੇ ਵਰਤੀਆਂ ਜਾਣ।

ਬੇਗਮ ਭੁੱਟੋ ਨੇ ਕਿਹਾ ਕਿ ਇਸ ਤਰ੍ਹਾਂ ਦਾ ਸਟੈਂਡ ਲੈ ਕੇ ਫੌਜ ਨੇ ਆਪਣੇ ਉਤੇ ਲੱਗਾ ਦਾਗ ਧੋ ਦਿੱਤਾ ਹੈ। ਉਨ੍ਹਾਂ ਕਿਹਾ ਕਿ ਫੌਜ ਨੇ 'ਰਾਸ਼ਟਰੀ ਸੰਸਥਾ' ਵਜੋਂ ਆਪਣਾ ਵਕਾਰ ਨਵੇਂ ਸਿਰਿਓਂ ਬਹਾਲ ਕੀਤਾ ਹੈ। ਬੇਗਮ ਭੁਟੋ ਨੇ ਕਿਹਾ, "ਪਿਛਲਾ ਰਿਕਾਰਡ ਗਵਾਹ ਹੈ, ਜਦੋਂ ਪਾਕਿਸਤਾਨ ਪੀਪਲਜ਼ ਪਾਰਟੀ ਸੱਤਾ ਵਿਚ ਸੀ, ਉਸ ਨੇ ਹਥਿਆਰਬੰਦ ਫੌਜਾਂ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੰਮ ਕੀਤਾ। ਇਸ ਗੱਲ ਲਈ ਵੀ ਪੂਰਾ ਜ਼ੋਰ ਲਾਇਆ ਕਿ ਆਪਣੇ ਕਸਬ ਵਿਚ ਫੌਜੀ ਜਵਾਨਾਂ ਦੀ ਸਮਰੱਥਾ ਇੰਨੀ ਮੁਹਾਰਤ ਹਾਸਲ ਕਰੇ ਕਿ ਉਸ ਨੂੰ ਕੋਈ ਜਿੱਤ ਨਾ ਸਕੇ ਤੇ ਪਾਕਿਸਤਾਨੀ ਫੌਜ ਸ਼ਾਨ ਨਾਲ ਸਿਰ ਉਚਾ ਰੱਖ ਸਕੇ।"

ਸ੍ਰੀਮਤੀ ਭੁੱਟੋ ਨੇ ਇਨ੍ਹਾਂ ਅਫਵਾਹਾਂ ਦਾ ਖੰਡਨ ਕੀਤਾ ਕਿ ਪਾਕਿਸਤਾਨ ਅੰਦਰ ਜਮਹੂਰੀਅਤ ਦੀ ਬਹਾਲੀ ਲਈ ਗਠਿਤ ਮੋਰਚਾ ਖੰਡਿਤ ਹੋ ਜਾਏਗਾ ਕਿਉਂਕਿ ਸਾਰਿਆਂ ਦਾ ਸਾਂਝਾ ਦੋਖੀ ਜ਼ਿਆ-ਉਲ-ਹੱਕ ਹੁਣ ਨਹੀਂ ਹੈ।

ਇਹ ਦੱਸਦਿਆਂ ਕਿ ਪੀਪਲਜ਼ ਪਾਰਟੀ ਦੀ ਕੋ-ਚੇਅਰਪਰਸਨ ਬੇਨਜ਼ੀਰ ਭੁੱਟੋ ਵੀ ਇਨ੍ਹਾਂ ਸਾਰੇ ਨੁਕਤਿਆਂ ਬਾਰੇ ਉਨ੍ਹਾਂ ਦੀ ਹਮਖਿਆਲ ਹੈ, ਉਨ੍ਹਾਂ ਕਿਹਾ ਕਿ ਬੇਨਜ਼ੀਰ ਨੇ ਵੀ ਇਹ ਸਪਸ਼ਟ ਰੂਪ ਵਿਚ ਆਖ ਛੱਡਿਆ ਹੈ ਕਿ ਜੇ ਪੀਪਲਜ਼ ਪਾਰਟੀ ਮੁਕੰਮਲ ਬਹੁਮਤ ਹਾਸਲ ਕਰ ਵੀ ਗਈ ਤਦ ਵੀ ਉਹ ਪਾਰਲੀਮੈਂਟ ਅਤੇ ਸਰਕਾਰ ਵਿਚ ਮੋਰਚੇ ਦੇ ਭਾਈਵਾਲ ਪਾਰਟੀਆਂ ਨੂੰ ਨਾਲ ਲੈ ਕੇ ਚੱਲੇਗੀ। ਉਨ੍ਹਾਂ ਦੱਸਿਆ ਕਿ ਫਰਵਰੀ 1981 ਵਿਚ ਇਹ ਮੋਰਚਾ ਜ਼ੁਲਫਕਾਰ ਅਲੀ ਭੁੱਟੋ ਦੀ ਪ੍ਰੇਰਣਾ ਨਾਲ ਬਣਾਇਆ ਗਿਆ ਸੀ ਤੇ ਇਸ ਦੀ ਮਹੱਤਤਾ ਇਸੇ ਗੱਲ ਵਿਚ ਸੀ ਕਿ ਇਹ ਕਿਸੇ ਵਿਅਕਤੀ ਦੇ ਵਿਰੁੱਧ ਨਹੀਂ ਸੀ ਸਗੋਂ ਦੇਸ਼ ਵਿਚੋਂ ਤਾਨਾਸ਼ਾਹੀ ਖਤਮ ਕਰਕੇ ਜਮਹੂਰੀ ਨਿਜ਼ਾਮ ਲਿਆਉਣ ਤੱਕ ਬਿਲਕੁਲ ਇਕਮੁੱਠ ਹੋ ਕੇ ਚੱਲਣ ਵਿਚ ਸੀ।




ਜਸਬੀਰ ਕੌਰ ਨਰਵਾਲ
B.A. (U.B.C.) A.I.B. I & II

Autoplan
1986 INSURANCE & VEHICLE LICENCE

PROTECT YOURSELF WITH
**SOLD INSURANCE PROTECTION**

- ਘਰਾਂ ਦੀ ਇਨਸ਼ੋਰੈਂਸ
- ਬਿਜ਼ਨਿਸ ਦੀ ਇਨਸ਼ੋਰੈਂਸ
- ਕਮਰਸ਼ੀਅਲ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਲਾਈਫ਼ ਇਨਸ਼ੋਰੈਂਸ
- ਐਕਸੀਡੈਂਟ ਤੇ ਸਿਕਨਸ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ

ਨਰਵਾਲ ਇਨਸ਼ੋਰੈਂਸ ਸਰਵਿਸਿਜ਼ ਲਿ:
MURRICK INSURANCE SERVICES LTD.



ਪ੍ਰਿਤਪਾਲ ਸਿੰਘ ਨਰਵਾਲ



ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ

ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ.ਕਮਿਸ਼ਨਰ

ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖ਼੍ਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਹਲਫੀਆ ਬਿਆਨ ਲੈਣੇ • ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣਾਉਣੇ • ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ • ਲੀਜ਼ ਦੇ ਕਾਗਜ਼ ਬਣਾਉਣੇ
- ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ • ਬੱਚੇ ਅਡਾਪਟ (ਗੋਦ ਲੈਣਾ) ਕਰਨਾ

**Ph. 325-4744**

6415 MAIN ST. (at 48th., Ave.) VANCOUVER, B.C

# ਬਾਦਲ ਨੇ ਇੰਦਰਾ ਨੂੰ ਮਿਲਕੇ ਗੁਰਨਾਮ ਸਿੰਘ ਵਜ਼ਾਰਤ ਤੁੜਵਾਈ — ਦਿਲਬਾਗ ਸਿੰਘ

## ਹਿੰਦੂ ਭਾਈਚਾਰਾ ਆਪਣੀ ਗਲਤੀ ਵੀ ਮੰਨੇ — ਡਾ: ਲੇਖਰਾਜ

ਸਾਊਥਾਲ — 'ਅਕਾਲੀ ਕੇਂਦਰ ਉਤੇ ਦੋਸ਼ ਲਾਉਂਦੇ ਹਨ ਕਿ ਦੇਸ਼ ਵਿਚ ਸਿੱਖਾਂ ਨਾਲ ਦੋ ਨੰਬਰ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾਂਦਾ ਹੈ ਪਰ ਜਦੋਂ ਵੀ ਕਦੇ ਪੰਜਾਬ ਵਿਚ ਅਕਾਲੀ ਸਰਕਾਰ ਬਣੀ — ਅਕਾਲੀਆਂ ਦੇ ਦੂਸਰੇ ਗਰੁਪ ਨੇ ਉਸਨੂੰ ਭੰਗ ਕਰਾਇਆ ਜਿਵੇਂ ਬਾਦਲ ਹੋਰਾਂ ਗੁਰਨਾਮ ਸਿੰਘ ਦੀ ਸਰਕਾਰ ਤੁੜਵਾਈ।' ਦਿਲਬਾਗ ਸਿੰਘ ਸਾਬਕ ਐਮ ਐਲ ਏ ਦਾ ਦਿਲਚਸਪ ਪ੍ਰਗਟਾਵਾ।

"ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦਾ ਇਕ ਯਤਨ ਇਹ ਵੀ ਹੋਣਾ ਚਾਹੀਦਾ ਹੈ ਕਿ ਪੰਜਾਬ ਦਾ ਹਿੰਦੂ ਭਾਈਚਾਰਾ ਆਪਣੀ ਉਸ ਗਲਤੀ ਉਤੇ ਅਫਸੋਸ ਪ੍ਰਗਟ ਕਰੇ ਜੋ ਉਸਨੇ ਕਦੇ ਮਰਦਮ ਸ਼ੁਮਾਰੀ ਸਮੇਂ ਆਪਣੀ ਮਾਤਭਾਸ਼ਾ ਪੰਜਾਬੀ ਨਾ ਲਿਖਵਾ ਕੇ ਕੀਤੀ ਸੀ' — ਡਾ. ਲੇਖਰਾਜ ਸਾਬਕ ਐਮ ਐਲ ਸੀ।

ਦਿਲਬਾਗ ਸਿੰਘ ਮੀਤ ਪ੍ਰਧਾਨ ਪੰਜਾਬ ਕਾਂਗਰਸ ਤੇ ਸਾਬਕ ਐਮ ਐਲ ਏ ਅਤੇ ਡਾ. ਲੇਖਰਾਜ ਸਾਬਕ ਪ੍ਰਧਾਨ ਕਾਂਗਰਸ ਪੰਜਾਬ ਨੇ ਡੁਮੀਨੀਅਨ ਸੈਂਟਰ ਵਿਚ ਹੋਏ ਉਸ ਜਲਸੇ ਵਿਚ ਤਕਰੀਰਾਂ ਕਰਦਿਆਂ ਇਹ ਸ਼ਬਦ ਆਖੇ ਜਿਹੜਾ ਜਲਸਾ 'ਈਲਿੰਗ ਐਥਨਿਕ ਮਾਈਨੋਰਟੀਜ਼ ਐਜੂਕੇਸ਼ਨ ਗਰੁੱਪ' ਵਲੋਂ ਉਹਨਾਂ ਦੇ ਮਾਣ ਵਿਚ ਕੀਤਾ ਗਿਆ ਸੀ। ਲੇਬਰ ਪਾਰਟੀ ਦੇ ਲੀਡਰ ਮਿ. ਐਚ ਐਸ ਜੋਸ਼ੀ ਨੇ ਉਹਨਾਂ ਦੀ ਜਾਣ ਪਛਾਣ ਕਰਾਈ ਅਤੇ ਡਿਪਟੀ ਮੇਅਰ ਨੇ ਜਲਸੇ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਕੌਂਸਲਰ ਵਰਿੰਦਰ ਸ਼ਰਮਾ ਪ੍ਰਧਾਨ ਰੇਸ ਈਕੁਆਲਿਟੀ ਯੂਨਿਟ ਵੀ ਮੌਜੂਦ ਸਨ। ਦਿਲਬਾਗ ਸਿੰਘ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਪੰਜਾਬ ਦੀਆਂ ਜਿਹੜੀਆਂ ਮੰਗਾਂ ਕੇਂਦਰ ਤੋਂ ਮਨਵਾਉਣ ਦੀ ਲੋੜ ਸੀ ਅਕਾਲੀਆਂ ਨੇ ਕਦੇ ਵੀ ਉਹਨਾਂ ਦੀ ਮੰਗ ਨਹੀਂ ਕੀਤੀ ਪਰ ਉਲਟਾ ਧਰਮ ਦੇ ਨਾਂ ਉਤੇ ਪੰਜਾਬੀਆਂ ਦੀ ਸਾਂਝੀ ਤਾਕਤ ਨੂੰ ਹਮੇਸ਼ਾਂ ਵੰਡ ਕੇ ਰੱਖਿਆ। 1947 ਦੀ ਵੰਡ ਤੋਂ ਬਾਅਦ ਪੰਜਾਬੀਆਂ ਦੀ ਬਹੁ ਗਿਣਤੀ ਉਜੜ ਕੇ ਇਧਰ ਆਈ। ਉਹਨਾਂ ਵਿਚ ਹਿੰਦੂ ਵੀ ਸਨ ਸਿਖ ਵੀ ਸਨ। ਜੇਕਰ ਅਕਾਲੀ ਸਾਂਝੀਆਂ ਮੰਗਾਂ ਉਠਾਂਦੇ ਤਾਂ ਅਜ ਸਾਰੇ ਪੰਜਾਬੀਆਂ ਦੇ ਲੀਡਰ ਹੁੰਦੇ। ਦੁੱਖ ਦੀ ਗੱਲ ਹੈ ਕਿ ਅੱਜ ਆਜ਼ਾਦੀ ਦੇ 40 ਸਾਲ ਬਾਦ ਵੀ ਉਹ ਮੁੰਡਿਆਂ ਨੂੰ ਗਲਤ ਰਾਹ ਉਤੇ ਲਾ ਰਹੇ ਹਨ ਅਤੇ ਸਿੱਖਾਂ ਨਾਲ ਵਿਤਕਰੇ ਦੀ ਸ਼ਿਕਾਇਤ ਕਰਦੇ ਹਨ ਪਰ ਇਹ ਅਕਾਲੀ ਲੀਡਰ ਅਸਲ ਵਿਚ ਹਨ ਕੀ ਇਸ ਦੀ ਸਚੀ ਮਿਸਾਲ ਇਹ ਹੈ: 1970 ਦੀ ਗੱਲ ਹੈ ਸ਼ਾਇਦ ਗੁਰਨਾਮ ਸਿੰਘ ਦੀ ਸਰਕਾਰ ਸੀ। ਬਾਦਲ ਮੇਰੇ ਪਾਸ ਆਇਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮੁਲਾਕਾਤ ਕਰਵਾ ਦਿਓ। ਮੈਂ ਬਾਦਲ ਤੇ ਸੰਤ ਚੰਨਣ ਸਿੰਘ ਨੂੰ ਲੈ ਕੇ ਦਿੱਲੀ ਗਿਆ। ਬਾਦਲ ਨੇ ਜਾਂਦਿਆਂ ਹੀ ਸੰਜੇ ਗਾਂਧੀ ਦੇ ਘਰ ਕਾਕਾ ਹੋਣ ਦੀ ਵਧਾਈ ਇੰਦਰਾ ਗਾਂਧੀ ਨੂੰ ਪਹਿਲਾਂ ਦਿੱਤੀ ਜਦੋਂ ਇੰਦਰਾ ਗਾਂਧੀ ਨੇ ਪੁਛਿਆ ਕਿ ਕੀ ਕੰਮ ਹੈ ਤਾਂ ਪਾਸੇ ਲੈ ਜਾ ਕੇ ਕਹਿਣ ਲੱਗਾ ਗੁਰਨਾਮ ਸਿੰਘ ਦੀ ਸਰਕਾਰ ਤੋੜਨੀ ਹੈ। ਸਾਡੀ ਮੱਦਦ ਕਰੋ। ਅਗੋਂ ਇੰਦਰਾ ਨੇ ਕਿਹਾ ਕਾਂਗਰਸੀ ਵਧਾਇਕ ਕਿਸੇ ਪਾਸੇ ਵੋਟ ਨਹੀਂ ਕਰਨਗੇ — ਤੁਸੀਂ ਅਕਾਲੀ ਆਪਸ ਵਿਚ ਜ਼ੋਰ ਅਜ਼ਮਾਈ ਕਰ ਲਓ। ਇਸ ਗੱਲ ਤੋਂ ਤੀਜੇ ਦਿਨ ਬਾਦਲ ਹੁਰੀਂ ਗੁਰਨਾਮ ਸਿੰਘ ਦੀ 'ਸਰਕਾਰ ਤੁੜਵਾ ਦਿੱਤੀ।' ਦਿਲਬਾਗ ਸਿੰਘ ਨੇ ਕਿਹਾ — ਅਜੇਹੇ ਅਕਾਲੀ ਸਿੱਖਾਂ ਨਾਲ ਵਿਤਕਰੇ ਦੀ ਗੱਲ ਕਿਸ ਮੂੰਹ ਨਾਲ ਕਰਦੇ ਹਨ। ਜਦੋਂ ਵੀ ਕਦੇ ਅਕਾਲੀ ਸਰਕਾਰ ਬਣੀ ਵਿਰੋਧੀ ਅਕਾਲੀਆਂ ਨੇ ਵਿਰੋਧ ਕੀਤਾ। ਹੁਣ ਵੀ ਲੋਕਾਂ ਦੇ ਧਾਰਮਿਕ ਜਜ਼ਬਾਤ ਨੂੰ ਇਹ ਭੜਕਾ ਰਹੇ ਹਨ। ਲੋਕਾਂ ਨੇ ਬਹੁਤ ਕੁਝ ਸਮਝ ਲਿਆ ਹੈ। ਬਹੁਤੀ ਦੇਰ ਉਹ ਇਹਨਾਂ ਦੇ ਪਿਛਲੱਗ ਨਹੀਂ ਰਹਿਣਗੇ। ਪੰਜਾਬੀਆਂ ਨੇ ਨਾ ਹਿੰਦੂ-ਸਿਖ ਏਕੇ ਨੂੰ ਟੁੱਟਣ ਦਿੱਤਾ ਹੈ ਨਾ ਟੁਟਣ ਦੇਣਗੇ।

### ਫਾਸ਼ੀਵਾਦ ਤੋਂ ਖਬਰਦਾਰ

ਡਾ. ਲੇਖਰਾਜ ਨੇ ਤਕਰੀਰ ਕਰਦਿਆਂ ਪੰਜਾਬ ਦੀ ਹਾਲਤ ਦਾ ਵਰਨਣ ਕਰਦਿਆਂ ਕਿਹਾ ਹੈ ਕਿ ਅਸੀਂ ਕੋਈ ਮਸਲਾ ਕਤਲੋਗਾਰਤ ਰਾਹੀਂ ਹੱਲ ਕਰਨ ਦੇ ਵਿਰੁਧ ਹਾਂ ਪਰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਫਿਰਕਾਪ੍ਰਸਤੀ ਦੂਸਰੀ ਫਿਰਕਾਪ੍ਰਸਤੀ ਨੂੰ ਤਕੜਿਆਂ ਕਰਦੀ ਹੈ। ਦੂਸਰੀ ਗੱਲ ਇਹ ਹੈ ਕਿ ਕੋਈ ਵੀ ਸਮੱਸਿਆ ਸਖਤੀ ਨਾਲ ਦਬਾਈ ਨਹੀਂ ਜਾ ਸਕਦੀ। ਸਮੱਸਿਆ ਹੱਲ ਕਰਨ ਨਾਲ ਹੱਲ ਹੋ ਸਕਦੀ ਹੈ। ਜੋ ਕੁਝ ਅਜ ਪੰਜਾਬ ਵਿਚ ਹੋ ਰਿਹਾ ਹੈ ਇਸ ਪਿਛੇ ਫਾਸ਼ੀਵਾਦ ਦਾ ਹੱਥ ਹੈ। ਪੰਜਾਬੀ ਲੋਕ ਧਾਰਮਿਕ ਵਖੇਵਿਆਂ ਤੋਂ ਉਚੇ ਉਠ ਕੇ ਇਸ ਦਾ ਟਾਕਰਾ ਕਰ ਸਕਦੇ ਹਨ। ਡਾਕਟਰ ਹੁਰਾਂ ਕਿਹਾ ਕਿ ਪੰਜਾਬ ਦੇ ਹਿੰਦੂ ਭਾਈਚਾਰੇ ਨੇ ਕਦੇ ਮਰਦਮਸ਼ੁਮਾਰੀ ਸਮੇਂ ਆਪਣੀ ਮਾਤ ਭਾਸ਼ਾ ਪੰਜਾਬੀ ਨਾ ਲਿਖਾ ਕੇ ਗਲਤੀ ਕੀਤੀ ਸੀ ਇਹ ਵੀ ਫਿਰਕੂ ਪੱਖਪਾਤ ਹੀ ਸੀ ਜਿਸ ਦੇ ਸਿੱਟੇ ਅਜ ਜਵਾਬੀ ਫਿਰਕਾ ਪ੍ਰਸਤੀ ਦੇ ਘਿਨਾਉਣੇ ਰੂਪ ਵਿਚ ਸਾਹਮਣੇ ਆ ਰਹੇ ਹਨ ਜੇਕਰ ਹਿੰਦੂ ਭਾਈਚਾਰਾ ਆਪਣੀ ਉਸ ਗਲਤੀ ਨੂੰ ਮੰਨੇ ਤਾਂ ਸਿਖ ਭਾਈਚਾਰੇ ਦੇ ਉਹਨਾਂ ਲੋਕਾਂ ਦੀ ਨਾਰਾਜ਼ਗੀ ਦੂਰ ਹੋਵੇਗੀ ਜਿਹਨਾਂ ਨੇ ਇਸ ਗਲਤੀ ਨੂੰ ਦਿਲਾਂ ਵਿਚ ਪਾਲ ਰੱਖਿਆ ਹੈ। ਬਹੁਗਿਣਤੀ ਹਿੰਦੂ ਅਤੇ ਸਿੱਖਾਂ ਨੇ ਮੌਜੂਦਾ ਵੱਖਵਾਦ ਦੀ ਹਾਮੀ ਨਹੀਂ ਭਰੀ। ਇਸ ਲਈ ਹਿੰਦੂ ਸਿਖ ਅਜ ਵੀ ਇਕ ਹਨ ਤੇ ਇਕ ਹੀ ਰਹਿਣਗੇ।

# ਵੈਨਕੂਵਰ ਮਿਉਂਸਪਲ ਚੋਣਾਂ ਵਿਚ ਉਮੀਦਵਾਰਾਂ ਵਲੋਂ ਕਾਗਜ਼ ਦਾਖਲ

ਵੈਨਕੂਵਰ : 19 ਨਵੰਬਰ ਨੂੰ ਹੋ ਰਹੀਆਂ ਮਿਉਂਸਪਲ ਚੋਣਾਂ ਲਈ ਉਮੀਦਵਾਰਾਂ ਨੇ ਆਪਣੇ ਕਾਗਜ਼ ਭਰਨੇ ਆਰੰਭ ਦਿੱਤੇ ਹਨ। ਇਥੇ ਚੋਣ ਦੋ ਗਰੁੱਪਾਂ ਵਿਚਕਾਰ ਹੋਵੇਗੀ। ਕੋਪ ਅਤੇ ਐਨ. ਡੀ. ਪੀ. ਰਲ ਕੇ ਚੋਣਾਂ ਲੜ ਰਹੀਆਂ ਹਨ ਜਦ ਕਿ ਐਨ. ਪੀ. ਏ ਨੇ ਆਪਣੀ ਪੂਰੀ ਸਲੇਟ ਖੜ੍ਹੀ ਕੀਤੀ ਹੈ।

ਮੰਗਲਵਾਰ ਨੂੰ ਮੇਅਰ ਗੌਰਡਨ ਕੈਂਬਲ, ਜਾਰਜ ਪ੍ਰਇਲ, ਗੌਰਡਨ ਪਰਾਈਸ, ਗਿਮ ਹੁਈ, ਸੈਂਡਰਾ ਵਿਲਨਿੰਗ ਤੇ ਲਿਨ ਕੈਂਟ ਨੇ ਆਪਣੇ ਨੌਮੀਨੇਸ਼ਨ ਪੇਪਰ ਭਰੇ। ਤਿੰਨ ਆਜ਼ਾਦ ਉਮੀਦਵਾਰਾਂ, ਐਂਡੀ ਆਦਮੀ, ਐਲਿਨ ਤੇ ਡੌਨ ਵੈਸਟ ਨੇ ਵੀ ਕਾਗਜ਼ ਭਰੇ।

ਸਕੂਲ ਬੋਰਡ ਲਈ ਐਨ. ਪੀ. ਏ. ਵਲੋਂ ਕੈਨ ਡੈਨੀਕ, ਰੋਬਰਟ ਪੋਥਰਕੋ, ਹਰਕ੍ਰਿਪਾਲ ਸਾਰਾ ਆਦਿ ਨੇ ਕਾਗਜ਼ ਭਰੇ।

ਇਹ ਨੌਮੀਨੇਸ਼ਨ ਪੇਪਰ ਭਰਨ ਦੀ ਆਖਰੀ ਤਾਰੀਖ 31 ਅਕਤੂਬਰ ਹੈ। ਕੋਪ ਦੇ ਉਮੀਦਵਾਰ 28 ਅਕਤੂਬਰ ਨੂੰ ਆਪਣੇ ਪੇਪਰ ਭਰਨਗੇ। ਹੋਰ ਦੋ ਉਮੀਦਵਾਰ ਹੈਲਨ ਬੋਆਇਸ ਤੇ ਕੈਰਲ ਟੇਲਰ ਨੇ ਵੀ ਅਜੇ ਕਾਗਜ਼ ਨਹੀਂ ਭਰੇ। ਹੈਰੀ ਰਿੰਕਨ ਇਸ ਵਾਰ ਐਲਡਰਮੈਨ ਦੇ ਉਮੀਦਵਾਰ ਹੋਣਗੇ।

ਐਨ. ਡੀ. ਪੀ. ਤੇ ਕੋਪ ਵਲੋਂ ਜੀਨ ਸਵੇਨਸਨ ਮੇਅਰ ਲਈ ਉਮੀਦਵਾਰ ਹਨ।

# ਪੰਜਾਬ ਮਸਲਾ ਕੌਮੀ ਸਹਿਮਤੀ ਨਾਲ ਹੱਲ ਕਰੋ — ਵਿਮਲਾ ਡਾਂਗ

ਬੰਬਈ — ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਮਿਸਿਜ਼ ਵਿਮਲਾ ਡਾਂਗ ਨੇ ਇਕ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਹੈ ਕਿ ਜੇਕਰ ਦੇਸ਼ ਦੀਆਂ ਸਾਰੀਆਂ ਜਮਹੂਰੀ ਸੈਕੂਲਵਰ ਸ਼ਕਤੀਆਂ ਇਕ ਹੋ ਕੇ ਸਟੈਂਡ ਹੋਣ ਤਾਂ ਪੰਜਾਬ ਮਸਲਾ ਹਲ ਹੋ ਸਕਦਾ ਹੈ। ਇਸ ਪ੍ਰੈਸ ਕਾਨਫਰੰਸ ਦਾ ਪ੍ਰਬੰਧ ਮਰਾਠੀ ਪੱਤਰਕਾਰ ਸੰਘ ਵਲੋਂ ਕੀਤਾ ਗਿਆ ਸੀ। ਉਹਨਾਂ ਪ੍ਰਧਾਨ ਮੰਤਰੀ ਵਲੋਂ ਅਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਸੱਦਣ ਦੇ ਐਲਾਨ ਦਾ ਸਵਾਗਤ ਕੀਤਾ ਤੇ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੇ ਆਧਾਰ ਉਤੇ ਕੌਮੀ ਸਹਿਮਤੀ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪੰਜਾਬ ਤੇ ਦੇਸ਼ ਨੂੰ ਪਾੜਨ ਦੀ ਸਾਜ਼ਸ਼ ਪਿਛੇ ਸਾਮਰਾਜ ਤੇ ਸਾਮਰਾਜ ਪਿਠੂਆਂ ਦਾ ਹੱਥ ਹੈ।

# ਭੀੜ ਨੂੰ ਖਿੰਡਾਉਣ ਲਈ ਪੁਲਸ ਨੇ ਗੋਲੀ ਚਲਾਈ

ਨਵੀਂ ਦਿੱਲੀ — ਮੋਯੂਰ ਵਿਹਾਰ ਪੁਲਸ ਪੋਸਟ ਅਤੇ ਪੂਰਬੀ ਦਿੱਲੀ ਵਿਚ ਤਿਲਕਪੁਰੀ ਸਥਿਤ ਪੁਲਸ ਪਿਕਟ 'ਚ ਪਥਰਾਓ ਕਰ ਰਹੀ ਭੀੜ ਨੂੰ ਖਿੰਡਾਉਣ ਲਈ ਪੁਲਸ ਨੇ ਹਵਾ ਵਿਚ ਗੋਲੀ ਚਲਾਈ। ਗੁੱਸੇ ਵਿਚ ਆਏ ਲੋਕ, ਜਮਾਂਦਾਰ ਆਸ਼ਰਮ ਦੀ ਪੁਲਸ ਹਿਰਾਸਤ ਵਿਚ ਹੋਈ ਮੌਤ ਪ੍ਰਤੀ ਰੋਸ ਪ੍ਰਗਟ ਕਰ ਰਹੇ ਸਨ। ਲਗਭਗ ਸੌ ਲੋਕਾਂ ਦੀ ਭੀੜ ਵਲੋਂ ਕੀਤੇ ਪਥਰਾਓ ਕਾਰਨ ਪੁਲਸ ਦਾ ਇਕ ਸਬ ਇੰਸਪੈਕਟਰ ਪ੍ਰਕਾਸ਼ ਚੰਦ ਅਤੇ ਇਕ ਕਾਂਸਟੇਬਲ ਫੱਟੜ ਹੋ ਗਏ ਜਦ ਕਿ ਪੁਲਸ ਵਲੋਂ ਚਲਾਈ ਗੋਲੀ ਕਾਰਨ ਕਿਸੇ ਦੇ ਫੱਟੜ ਹੋਣ ਦਾ ਸਮਾਚਾਰ ਨਹੀਂ।

# ਪੀਪਲਜ਼ ਪਾਰਟੀ ਚੋਣਾਂ ਜਿੱਤ ਕੇ ਕੁਲੀਸ਼ਨ ਸਰਕਾਰ ਬਣਾਏਗੀ

## ਬੇਨਜ਼ੀਰ ਦਾ ਐਲਾਨ — ਵਲੀ ਖਾਂ ਨੇ ਸ਼ੱਕ ਪ੍ਰਗਟਾਏ

ਕਰਾਚੀ — ਜਾਪਦਾ ਹੈ ਕਿ ਪੀਪਲਜ਼ ਪਾਰਟੀ ਦੀ ਲੀਡਰ ਬੇਨਜ਼ੀਰ ਭੁੱਟੋ ਐਮ. ਆਰ. ਡੀ. ਵਲੋਂ ਅਪੋਜ਼ੀਸ਼ਨ ਦੀਆਂ ਸੈਕੂਲਰ ਤੇ ਜਮਹੂਰੀ ਪਾਰਟੀਆਂ ਦੇ ਇਤਿਹਾਦ ਨੂੰ ਖਾਸ ਅਹਿਮੀਅਤ ਨਹੀਂ ਦੇ ਰਹੀ ਹੈ। ਭਾਵੇਂ ਇਕ ਪ੍ਰੈਸ ਕਾਨਫਰੰਸ ਵਿਚ ਉਹਨਾਂ ਕਿਹਾ ਕਿ ਪੀਪਲਜ਼ ਪਾਰਟੀ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਬਾਅਦ ਕੁਲੀਸ਼ਨ ਸਰਕਾਰ ਬਣਾਏਗੀ ਪਰ ਨਾਲ ਹੀ ਕਿਹਾ ਹੈ ਕਿ ਜੇਕਰ ਚੋਣਾਂ . ਮਹਾਜ ਕਾਇਮ ਨਾ ਹੋਇਆ ਤਾਂ ਪੀਪਲਜ਼ ਪਾਰਟੀ ਆਪਣੇ ਤੌਰ ਤੇ ਐਮ ਆਰ ਡੀ ਇਤਿਹਾਦ ਵਿਚ ਸ਼ਾਮਲ ਪਾਰਟੀਆਂ ਦੇ ਲੀਡਰਾਂ ਦੇ ਮੁਕਾਬਲੇ ਉਤੇ ਆਪਣੇ ਉਮੀਦਵਾਰ ਖੜੇ ਨਹੀਂ ਕਰੇਗੀ। ਇਸ ਦੇ ਨਾਲ ਹੀ ਬੇਨਜ਼ੀਰ ਨੇ ਕਿਹਾ ਹੈ ਕਿ ਹੁਣ ਐਮ ਆਰ ਡੀ ਦਾ ਇਜਲਾਸ ਸੱਦਣ ਦਾ ਸਮਾਂ ਨਹੀਂ ਰਿਹਾ ਜਿਸ ਵਿਚ ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਚੋਣ ਸੂਚੀ ਦੇਖੀ ਜਾ ਸਕੇ ਤੇ ਹਰ ਹਲਕੇ 'ਚ ਇਕੋ ਇਕ ਉਮੀਦਵਾਰ ਦੇ ਨਾਂ ਦਾ ਫੈਸਲਾ ਕੀਤਾ ਜਾ ਸਕੇ। ਪੀਪਲਜ਼ ਪਾਰਟੀ ਦੇ ਟਿਕਟਾਂ ਲਈ 18 ਹਜ਼ਾਰ ਦਰਖਾਸਤਾਂ ਆਈਆਂ ਹਨ।

### ਵਲੀ ਖਾਂ ਦਾ ਬਿਆਨ

ਐਮ ਆਰ ਡੀ ਦੇ ਕਨਵੀਨਰ ਵਲੀ ਖਾਂ ਨੇ ਕਿਹਾ ਹੈ ਕਿ ਜੇਕਰ ਦੇਸ਼ ਦੇ ਅੰਦਰੂਨੀ ਤੇ ਸਰਹੱਦਾਂ ਉਤੇ ਪੈਂਦੇ ਹੋਏ ਹਾਲਾਤ ਸਿਆਸੀ ਪਾਰਟੀਆਂ ਨੂੰ ਮੁਹਿੰਮ ਚਲਾਉਣ ਦੀ ਆਗਿਆ ਨਾ ਦੇਣ ਤਾਂ ਉਹਨਾਂ ਨੂੰ ਘੱਟੋ ਘੱਟ ਚੋਣਾਂ ਵਿਚ ਹਿੱਸਾ ਲੈਣ ਤੋਂ ਇਨਕਾਰ ਜ਼ਰੂਰ ਕਰ ਦੇਣਾ ਚਾਹੀਦਾ ਹੈ। ਸਿਆਸੀ ਪਾਰਟੀ ਲਈ ਇਹੋ ਸਮਾਂ ਹੈ ਕਿ ਉਹ ਸਰਕਾਰ ਨੂੰ ਮੌਜੂਦਾ ਹਾਲਤ ਨੂੰ ਬਦਲਣ ਲਈ ਮਜ਼ਬੂਰ ਕਰ ਦੇਣ ਇਹ ਨਿਗਰਾਨ ਸਰਕਾਰਾਂ ਪਾਕਿਸਤਾਨ ਵਿਚ ਕਦੇ ਵੀ ਨਿਰਪੱਖ ਤੇ ਅਜ਼ਾਦਾਨਾ ਚੋਣਾਂ ਨਹੀਂ ਹੋਣ ਦੇਣਗੀਆਂ। ਵਲੀ ਖਾਂ ਨੇ ਪ੍ਰਧਾਨ ਇਸਹਾਕ ਖਾਂ ਦੇ ਦਾਅਵਿਆਂ ਤੇ ਵਾਹਦਿਆਂ ਨੂੰ ਚੈਲਿੰਜ ਕੀਤਾ।

ਪਿਸ਼ਾਵਰ ਦੇ ਇਕ ਜਲਸੇ ਵਿਚ ਤਕਰੀਰ ਕਰਦਿਆਂ ਉਹਨਾਂ ਕਿਹਾ ਕਿ ਪਾਕਿਸਤਾਨ ਵਿਚ ਅਬਦੁਲ ਗਫਾਰ ਖਾਂ ਨੇ ਜਿਸ ਇਨਕਲਾਬ ਦੀ ਗੱਲ ਕੀਤੀ ਸੀ ਉਸਨੂੰ ਕੋਈ ਨਹੀਂ ਰੋਕ ਸਕੇਗਾ। ਪਾਕਿਸਤਾਨ ਦੇ ਲੋਕ ਆਪਦੇ ਹੱਕਾਂ ਦੀ ਲੜਾਈ ਜਾਰੀ ਰੱਖਣਗੇ। ਮੌਜੂਦਾ ਹੁਕਮਰਾਨਾਂ ਤੋਂ ਪਾਈ-ਪਾਈ ਦਾ ਹਿਸਾਬ ਲਿਆ ਜਾਵੇਗਾ।

# ਬਰੂਨੋ ਨਾਲ ਮੁਕਾਬਲਾ 17 ਦਸੰਬਰ ਨੂੰ

ਲਾਂਸਏਂਜਲਸ — ਮੁੱਕੇਬਾਜ਼ੀ ਦੇ ਹੈਵੀਵੇਟ ਚੈਂਪੀਅਨ ਮਾਈਕ ਟਾਈਸਨ ਨੇ ਬਰਤਾਨਵੀ ਚੈਂਪੀਅਨ ਬਰੂਨੋ ਨਾਲ ਮੁਕਾਬਲੇ ਦੀਆਂ ਤਿਆਰੀਆਂ ਜ਼ੋਰਾਂ ਉਤੇ ਹਨ। ਹੁਣ ਇਹ ਮੁਕਾਬਲਾ ਵੈਂਬਲੇ ਅਰੀਨਾ ਵਿਚ 17 ਦਸੰਬਰ ਨੂੰ ਹੋ ਰਿਹਾ ਹੈ। ਮਾਈਕੀ ਡਫ ਨੇ ਦੱਸਿਆ ਹੈ ਕਿ ਟਾਈਸਨ ਹੁਣ ਪੂਰੀ ਤਰ੍ਹਾਂ ਸਿਹਤਯਾਬ ਹੋ ਰਿਹਾ ਹੈ।

ਉਧਰ ਟਾਈਸਨ ਦੀ ਪਤਨੀ ਰਾਬਨ ਗੋਨਜ਼ ਜੋ ਇਕ ਅਦਾਕਾਰਾ ਹੈ ਨੇ ਟਾਈਸਨ ਤੋਂ ਤਲਾਕ ਮੰਗ ਲਿਆ ਹੈ। ਉਸਦਾ ਕਹਿਣਾ ਹੈ ਕਿ ਅਜਿਹੇ ਜੈਂਡ ਨਾਲ ਪਤੀ-ਪਤਨੀ ਦਾ ਸੁੱਖ ਭੋਗਣਾ ਦੂਰ ਦੀ ਗੱਲ ਹੈ। ਉਸ ਨਾਲ ਰਹਿਣਾ ਤਾਂ ਨਰਕ ਭੋਗਣਾ ਹੈ। ਤਲਾਕ ਦਾ ਮੁਕਦਮਾ ਕਰਦਿਆਂ ਉਸਨੇ ਅਦਾਲਤ ਪਾਸੋਂ ਆਪਣੀ ਅਤੇ ਆਪਣੀ ਮਾਂ ਲਈ ਸੁਰੱਖਿਆ ਮੰਗੀ ਹੈ।

# ਭਾਰਤੀ ਮਜ਼ਦੂਰ ਸਭਾ ਵਲੋਂ ਚਿੱਲੀ ਦੇ ਲੋਕਾਂ ਨੂੰ ਵਧਾਈ

ਲੈਸਟਰ — ਭਾਰਤੀ ਮਜ਼ਦੂਰ ਸਭਾ (ਜੀ. ਬੀ.) ਦੇ ਨੈਸ਼ਨਲ ਪ੍ਰਧਾਨ ਪ੍ਰੇਮ ਸਿੰਘ ਅਤੇ ਜਨਰਲ ਸਕੱਤਰ ਮਿ. ਅਵਤਾਰ ਸਾਦਿਕ ਨੇ ਇਕ ਲਿਖਤੀ ਬਿਆਨ ਵਿਚ ਚਿੱਲੀ ਦੇ ਲੋਕਾਂ ਦੀ ਉਥੋਂ ਦੇ ਡਿਕਟੇਟਰ ਜੈ. ਪਿਨੋਚਿਤ ਨੂੰ ਗੱਦੀ ਤੋਂ ਲਾਹੁਣ ਲਈ ਪ੍ਰਾਪਤ ਕੀਤੀ ਜਿੱਤ ਦਾ ਸਵਾਗਤ ਕੀਤਾ ਹੈ। ਯਾਦ ਰਹੇ ਜੈ. ਪਿਨੋਚੈਟ ਨੇ ਖੁਦ ਹੀ ਦੇਸ਼ ਵਿਚ ਰੈਫਰੈਂਡਮ ਕਰਾਇਆ ਸੀ ਤਾਂ ਜੋ ਪਤਾ ਲੱਗਾ ਕਿ ਲੋਕ ਉਸਨੂੰ ਹੋਰ 8 ਸਾਲਾਂ ਲਈ ਪ੍ਰਧਾਨ ਰੱਖਣਾ ਚਾਹੁੰਦੇ ਹਨ ਜਾਂ ਨਹੀਂ। ਇਸ ਰੈਫਰੈਂਡਮ ਵਿਚ ਲੋਕਾਂ ਨੇ ਬਹੁ ਮਤ ਨਾਲ ਜੈ. ਪਿਨੋਚੈਟ ਨੂੰ ਰੱਦ ਕਰ ਦਿੱਤਾ ਹੈ। ਪਰ ਹੁਣ ਪਿਨੋਚੈਟ ਨੇ 17 ਮਹੀਨੇ ਤੱਕ ਪ੍ਰਧਾਨ ਬਣੇ ਰਹਿਣ ਦਾ ਐਲਾਨ ਕੀਤਾ ਹੈ ਜਿਸ ਵਿਰੁਧ ਲੋਕਾਂ ਦੀ ਜਦੋ ਜਹਿਦ ਜਾਰੀ ਹੈ।

ਭਾਰਤੀ ਮਜ਼ਦੂਰ ਸਭਾ ਨੇ ਇਸੇ ਤਰ੍ਹਾਂ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਫੌਜੀ ਡਿਕਟੇਟਰ ਦੇ ਖਿਲਾਫ ਲੜ ਰਹੇ ਲੋਕਾਂ (ਜਿਵੇਂ ਪਾਕਿਸਤਾਨ) ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।

### ਬਿਜਲੀ ਦੀ ਅੱਖ ਮਿਚੋਲੀ

ਬਿਜਲੀ ਦੀ ਅੱਖ ਮਿਚੋਲੀ ਸੰਸਾਰ ਪ੍ਰਸਿੱਧ ਹੈ ਪਰ ਅੱਜ ਦੇ ਯੁੱਗ ਵਿਚ ਬਿਜਲੀ ਮਨੁੱਖੀ ਜੀਵਨ ਦੀ ਮੁੱਖ ਯੋਜਨਾ ਬਣ ਗਈ ਹੈ ਜਿਸ ਬਿਨਾਂ ਕੋਈ ਵੀ ਸੁਖੀ ਨਹੀਂ ਰਹਿ ਸਕਦਾ। ਨਵਾਏ ਵਕਤ ਅਖਬਾਰ ਨੇ ਇਕ ਕਾਰਟੂਨ ਰਾਹੀਂ ਬਿਜਲੀ ਦਾ ਮਖੌਲ ਉਡਾਇਆ ਹੈ ਜਿਸ ਵਿਚ ਬਿਜਲੀ ਦੇ ਬਲਬ ਵਿਚੋਂ ਬਿਜਲੀ ਘਰ ਵਾਲੇ ਨੂੰ ਕਹਿ ਰਹੀ ਹੈ ਕਿ 'ਬਰਸਾਤ ਦੇ ਇਕ ਮਹੀਨੇ ਲਈ ਜਾ ਰਹੀ ਹਾਂ ਫਿਰ ਆਵਾਂਗੀ ਦਰਵਾਜ਼ਾ ਖੁਲ੍ਹਾ ਹੀ ਰੱਖਣਾ।'


## ਜਾਇਦਾਦ ਖ੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੂਪਿੰਦਰ ਸਿੰਘ ਸੋਢੀ**

**PH. Bus. 437-9431**

**Res. 434-8987**

**UNITED REALTY**

2443 Kingsway, Vancouver, B.C.

V5R 5G8

# ਟੌਹੜਾ ਤੇ ਉਸਦੇ ਸਾਥੀਆਂ ਦੀ ਪੇਸ਼ੀ 26 ਅਕਤੂਬਰ ਨੂੰ

ਪਟਿਆਲਾ — ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਪਤਨੀ ਜੋਗਿੰਦਰ ਕੌਰ ਨੇ ਇਥੇ ਪੱਤਰਕਾਰਾਂ ਨਾਲ ਇਕ ਭੇਂਟ ਵਾਰਤਾ ਵਿਚ ਦੱਸਿਆ ਕਿ ਟੌਹੜਾ ਦੇ ਮਨ 'ਤੇ ਬਿਦਰ ਕਾਂਡ ਕਾਰਨ ਸਖ਼ਤ ਰੋਸ ਹੈ ਅਤੇ ਉਨ੍ਹਾਂ ਨੇ ਇਸ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ ਅਤੇ ਸਮੂਹ ਸਿੱਖ ਕੌਮ ਨੂੰ ਅਕਾਲ ਤਖਤ ਦੀ ਅਗਵਾਈ ਹੇਠ ਸਾਰੇ ਵਾਦ-ਵਿਵਾਦ ਛੱਡ ਕੇ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ ਤਾਂ ਜੋ ਕੇਂਦਰ ਦੀ ਜਾਬਰ ਸਰਕਾਰ ਵਿਰੁਧ ਜ਼ੋਰਦਾਰ ਘੋਲ ਲੜ ਕੇ ਜਿੱਤ ਹਾਸਲ ਕੀਤੀ ਜਾ ਸਕੇ। ਜੋਗਿੰਦਰ ਕੌਰ ਹਾਲ ਹੀ ਵਿਚ ਟੌਹੜਾ ਨੂੰ ਮਿਲ ਕੇ ਆਈ ਹੈ।

ਟੌਹੜਾ ਨੇ ਅਕਾਲੀ ਦਲ ਵਿਚ ਪਈਆਂ ਤਰੇੜਾਂ 'ਤੇ ਵੀ ਦੁੱਖ ਪ੍ਰਗਟ ਕੀਤਾ ਹੈ ਅਤੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੂੰ ਆਪਣੇ ਸੰਦੇਸ਼ ਵਿਚ ਆਪਣੀ ਸ਼ਾਖ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ ਹੈ। ਟੌਹੜਾ ਨੇ ਸਖਤ ਰੋਸ ਪ੍ਰਗਟ ਕੀਤਾ ਕਿ ਕੇਂਦਰ ਦੀ ਸਰਕਾਰ ਹੁਣ ਤੱਕ ਦਿੱਲੀ ਅਤੇ ਹੋਰਨਾਂ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦੇ ਸਕੀ ਜਿਸ ਕਾਰਨ ਹੀ ਬਿਦਰ ਕਾਂਡ ਵਰਗੀਆਂ ਨਿੰਦਣਯੋਗ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਸ ਦੇਸ਼ ਵਿਚ ਬਿਨਾਂ ਮੁਕੱਦਮਾ ਚਲਾਏ ਨੌਜਵਾਨਾਂ ਅਤੇ ਅਕਾਲੀ ਨੇਤਾਵਾਂ ਨੂੰ ਕਈ ਕਈ ਸਾਲ ਜੇਲ੍ਹਾਂ ਵਿਚ ਰੱਖਿਆ ਜਾਂਦਾ ਹੋਵੇ ਉਸ ਦੇਸ਼ ਵਿਚ ਲੋਕਤੰਤਰ ਜਾਂ ਜਮਹੂਰੀਅਤ ਦਾ ਬੋਲ-ਬਾਲਾ ਕਹਿਣਾ ਇਕ ਮਜ਼ਾਕ ਵਾਲੀ ਗੱਲ ਹੈ।

ਟੌਹੜਾ ਦੀ ਸੁਪਤਨੀ ਨੇ ਦੱਸਿਆ ਕਿ ਸ੍ਰੀ ਟੌਹੜਾ ਅਤੇ ਬਾਕੀ ਜੋਧਪੁਰ ਜੇਲ੍ਹ ਵਿਚ ਨਜ਼ਰਬੰਦਾਂ ਦੀ ਅਗਲੀ ਪੇਸ਼ੀ 26 ਅਕਤੂਬਰ ਦੀ ਪਾ ਦਿੱਤੀ ਹੈ।


## ਏ. ਡੀ. ਬਾਰੀਆ ਐਲ. ਐਲ. ਬੀ.
## ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

**ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ**

**Arsad Dara Baria LL.B.**
**Lawyer**
Ste. 209-6330 Fraser St., Vancouver, B.C.
**Ph. 321-8300**


# ਬਹੁ ਸਭਿਆਚਾਰਕ ਤੇ ਨਸਲੀ ਸੰਬੰਧਾਂ ਬਾਰੇ ਮੀਟਿੰਗ

ਵੈਨਕੂਵਰ — ਵੈਨਕੂਵਰ ਮਲਟੀਕਲਚਰਲ ਸੁਸਾਇਟੀ ਤੇ ਕੁਝ ਹੋਰ ਸੰਸਥਾਵਾਂ ਵਲੋਂ ਬੁੱਧਵਾਰ 2 ਨਵੰਬਰ, 1988 ਸ਼ਾਮ ਦੇ 7 ਵਜੇ ਜੀਊਸ਼ ਕਮਿਊਨਿਟੀ ਸੈਂਟਰ 950, ਵੈਸਟ 41 ਐਵੇਨੀਊ ਵੈਨਕੂਵਰ ਵਿਚ ਇਕ ਮੀਟਿੰਗ ਹੋਵੇਗੀ ਜਿਸ ਵਿਚ ਮਿਊਂਸਪਲ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਬਹੁ ਸਭਿਆਚਾਰਕ ਮਸਲੇ ਤੇ ਨਸਲੀ ਸਬੰਧਾਂ ਬਾਰੇ ਬੋਲਣ ਨੂੰ ਕਿਹਾ ਜਾਵੇਗਾ।

ਵੈਨਕੂਵਰ ਦੇ ਮੇਅਰ ਗੌਰਡਨ ਕੈਂਬਲ, ਮੇਅਰ ਲਈ ਉਮੀਦਵਾਰ ਜੀਨ ਸਵੇਨਸਨ, ਕੇਰਲ ਟੇਲਰ, ਹੈਲਨ ਬੁਆਇਸ ਤੇ ਕੋਪ ਤੇ ਆਜ਼ਾਦ ਉਮੀਦਵਾਰ ਵੀ ਹਿੱਸਾ ਲੈਣਗੇ।

ਹੋਰ ਜਾਣਕਾਰੀ ਲਈ ਫੋਨ ਕਰੋ :

ਗੀਟਾ 731-4647


## ਪੰਜਾਬੀ ਮਾਰਕੀਟ ਦੇ
## ਸਭ ਤੋਂ ਪਹਿਲੇ ਤੇ ਭਰੋਸੇਯੋਗ ਇਨਸ਼ੋਰੈਂਸ ਦਫਤਰ
## ਐਸ. ਐਂਡ ਐਸ. ਇਨਸ਼ੋਰੈਂਸ
## ਅਸੀਂ ਵਿਜ਼ਟਿਰ ਤੇ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ



Daljit Singh Sidhu

# S. & S. INSURANCE

**6658 MAIN ST., VANCOUVER, B.C.**
(IN PUNJABI MARKET)

ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ ਇਨਸ਼ੋਰੈਂਸ ਦਫਤਰ। ਕਾਰਾਂ, ਟਰੱਕਾਂ, ਵੈਨਾਂ ਤੇ ਪਿਕਅਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਓ!

autoplan

**Bus. 324-5711**


## 'ਕੈਨੇਡਾ ਦਰਪਣ' ਹਰ ਬੁੱਧਵਾਰ ਨੂੰ

ਜਿਨ੍ਹਾਂ ਸਟੋਰਾਂ ਤੋਂ ਪਰਚਾ ਮਿਲਦਾ ਹੈ ਉਨ੍ਹਾਂ ਦੀ ਲਿਸਟ ਇਸ ਪ੍ਰਕਾਰ ਹੈ :

**ਵੈਨਕੂਵਰ — ਪੰਜਾਬੀ ਮਾਰਕਿਟ**

ਬੰਬੇ ਸਵੀਟਸ - ਮੇਨ ਸਟਰੀਟ, ਮਾਨ ਮਿਊਜ਼ਕ - ਮੇਨ ਸਟਰੀਟ. ਆਲ ਇੰਡੀਆ ਫੂਡਜ਼ ਸੈਂਟਰ - ਮੇਨ ਸਟਰੀਟ. ਮਾਈਕਲ ਫੂਡਜ਼ - ਮੇਨ ਸਟਰੀਟ ਐਸ ਐਂਡ ਐਸ ਇਨਸ਼ੋਰੈਂਸ - ਮੇਨ ਸਟਰੀਟ, ਸ਼ਾਨ ਸਾੜ੍ਹੀਜ਼ - ਮੇਨ ਸਟਰੀਟ, ਗੁਰੂ ਬਾਜ਼ਾਰ - ਮੇਨ ਸਟਰੀਟ, ਕੰਵਲ ਗਿਫਟਸ - ਮੇਨ ਸਟਰੀਟ, ਮਾਈਕਲ ਫੂਡਜ਼ - 26 ਐਵੇਨਿਊ ਤੇ ਮੇਨ ਸਟਰੀਟ)

**ਫਰੇਜ਼ਰ ਸਟਰੀਟ**

ਫਾਈਵ ਰਿਵਰ ਫਿਸ਼ ਐਂਡ ਚਿਪਸ, ਰੋਕੋ ਸਾੜ੍ਹੀਜ਼, ਅਸ਼ੋਕਾ ਟਰੇਡਿੰਗ, ਇੰਟਰਨੈਸ਼ਨਲ ਗਰੋਸਰੀ ਸਟੋਰ, ਗੋਇਲ ਵੀਡੀਓਜ਼

**ਵਿਕਟੋਰੀਆ ਡਰਾਈਵ**

ਅੰਬੀਕਾ ਫੂਡਜ਼, ਪੈਰਾਡਾਈਜ਼ ਵੀਡੀਓ

**ਕਿੰਗਜ਼ਵੇਅ**

ਨਿਸ਼ਾਨ ਫੂਡਜ਼, ਕਿੰਗਜ਼ਵੇਅ ਸੁਪਰਮਾਰਕਿਟ

**ਬਰਨਬੀ**

ਗਿੱਲ ਫੂਡਜ਼, ਐਚ. ਆਰ. ਵੀਡੀਓਜ਼

**ਸਰੀ/ਡੈਲਟਾ**

ਟਰੂ ਫੂਡਜ਼, ਏ. ਸੀ. ਜਿਊਲਰਜ਼, ਜੈਸੀ ਫੈਬਰਿਕਸ, ਗਿੱਲ ਫੂਡਜ਼, ਟੀ.ਜੇ. ਵੀਡੀਓ, ਅੰਬੀਕਾ ਡਿਸਕਾਊਂਟ ਫੂਡਜ਼, ਪੈਰਾਮਾਊਂਟ ਵੀਡੀਓ, ਪਾਇਲ ਸਾੜ੍ਹੀ ਸੈਂਟਰ, ਸੁਪਰਮਾਰਕਿਟ ਫੂਡ, ਮਾਈਕਲ ਫੂਡਜ਼ (72 ਐਵੇਨਿਊ ਨੇੜੇ)

**ਕਲੀਅਰਬਰੁੱਕ**

ਅਵਤਾਰ ਫੂਡਜ਼, ਅਮਰ ਫੂਡਜ਼, ਵੀਡੀਓ ਸਟੋਰ, ਦਸ਼ਮੇਸ਼ ਕਲਾਥ ਹਾਊਸ

**ਮਿਸ਼ਨ**

ਸਨ ਫੂਡਜ਼,

ਮੈਨੇਜਰ — 'ਕੈਨੇਡਾ ਦਰਪਣ'


## ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ. ਯੂ.)
## ਨੋਟਰੀ ਪਬਲਿਕ

- ਘਰ ਜਾਂ ਜ਼ਮੀਨ ਖ਼ਰੀਦਣ, ਵੇਚਣ ਲਈ ਜਾਂ ਮੌਰਟਗੇਜ ਲੈਣ ਲਈ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
- ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

## ਇਮੀਗਰੇਸ਼ਨ ਸਲਾਹਕਾਰ

- ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
- Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਦੇ ਆਮ ਮਸਲੇ
- ਭਾਰਤੀ ਕਾਨੂੰਨਾਂ ਬਾਰੇ ਸਲਾਹ
- ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ



ਜਗਦੀਸ਼ ਸਿੰਘ [B.A. L.L.B. (Pb. U.)]
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

**Ph. Off: 324-6727    Res: 324-4160**

(ਦਫ਼ਤਰ ਸ਼ਨਿਚਰਵਾਰ ਵੀ ਖੁਲ੍ਹਦਾ ਹੈ)

**#201 - 2001 East 36th Ave. [at victoria]**
**Vancouver. B.C. V5P 1C9**



# MERIDIAN INSURANCE

*Life & Accident sickness*

**LOCATION 1**

3268 COAST MERIDIAN RD.,
PORT COQUITLAM, B.C. V3B 3N4

**LOCATION 2**

Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)

ਸੰਤਬੀਰ ਸਿੰਘ ਮਿਨਹਾਸ

autoplan
1986 INSURANCE & VEHICLE LICENCE

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

**Ph. 272-0700**

**Santbir Minhas    Res. 271-1248    ICBC, house, tenant, commercial**

# ਪਾਕਿਸਤਾਨੀ ਵਪਾਰੀ ਤੇ ਬੈਂਕ ਮੈਨੇਜਰ ਕਾਬੂ

## ਸਕਾਟਲੈਂਡ ਯਾਰਡ ਦੀ ਸਾਊਥਾਲ ਦੇ ਗੈਂਗ ਲੀਡਰਾਂ ਤੇ ਵੀ ਨਜ਼ਰ

ਲੰਡਨ — "ਬਰਤਾਨੀਆਂ ਦੇ ਵੱਖ ਵੱਖ ਇਲਾਕਿਆਂ ਵਿਚ ਏਸ਼ੀਅਨ ਮਾਫੀਆ ਕਾਇਮ ਹੋ ਚੁੱਕਾ ਹੈ ਜੋ ਛੋਟੇ-ਮੋਟੇ ਲੜਾਕੇ ਗੈਂਗਾਂ ਰਾਹੀਂ ਡਰੱਗ ਸਮਗਲਿੰਗ ਦਾ ਧੰਦਾ ਕਰਦਾ ਹੈ। ਇਸ ਮਾਫੀਏ ਦਾ ਲੱਖਾਂ ਪੌਂਡਾਂ ਦੇ ਇਨਸ਼ੋਰੈਂਸ ਦੇ ਫਰਾਡ ਪਿਛੇ ਵੀ ਹੱਥ ਹੈ।" ਇਸ ਭੇਤ ਦਾ ਪ੍ਰਗਟਾਵਾ ਸਕਾਟਲੈਂਡ ਯਾਰਡ ਨੇ ਕੀਤਾ ਹੈ ਜਿਸ ਬਾਰੇ ਵਿਸ਼ੇਸ਼ ਖਬਰ ਪਿਛਲੇ ਦਿਨੀਂ ਸੰਡੇ ਟਾਈਮਜ਼ ਨੇ ਸੁਰਖੀਆਂ ਵਿਚ ਛਾਪੀ ਹੈ। ਇਸ ਰੀਪੋਰਟ ਵਿਚ ਸਾਊਥਾਲ ਦੇ ਦੋ ਏਸ਼ੀਅਨ ਗਰੁੱਪਾਂ 'ਹੋਲੀ ਸਮੋਕ' ਤੇ 'ਟੂਟੀ ਨੰਗ' ਦਾ ਵੀ ਜ਼ਿਕਰ ਹੈ। ਸੀਨੀਅਰ ਸਕਾਟਲੈਂਡ ਯਾਰਡ ਡੀਟੇਕਟਿਵ ਅਤੇ ਕਸਟਮ ਅਧਿਕਾਰੀ ਬੜੀ ਸਰਗਰਮੀ ਨਾਲ ਇਸ ਏਸ਼ੀਅਨ ਮਾਫੀਏ ਬਾਰੇ ਛਾਣ ਬੀਣ ਕਰ ਰਹੇ ਹਨ। ਇਸ ਵਿਚ ਕੁਝ ਸਿੱਖ ਲੀਡਰਾਂ ਦੇ ਸ਼ਾਮਲ ਹੋਣ ਦੀ ਵੀ ਚਰਚਾ ਹੈ। ਲੱਖਾਂ ਪੌਂਡ ਦੀ ਹੈਰੋਇਨ ਦੀ ਸਮਗਲਿੰਗ ਦਾ ਧੰਦਾ ਵੀ ਸ਼ਾਮਲ ਦੱਸਿਆ ਜਾਂਦਾ ਹੈ।

ਇਸ ਤੋਂ ਪਹਿਲਾਂ ਸਾਊਥਾਲ ਪੁਲਸ ਨੇ ਏਸ਼ੀਅਨ ਕਮਿਊਨਿਟੀ ਨੂੰ ਉਦੋਂ ਖਬਰਦਾਰ ਕੀਤਾ ਸੀ ਜਦੋਂ ਹੋਲੀ ਸਮੋਕ ਤੇ ਟੂਟੀ ਨੰਗ ਗਰੁੱਪਾਂ ਦੇ ਲੀਡਰਾਂ ਨੇ ਆਪਸੀ ਗੁਪਤ ਸਮਝੌਤੇ ਨਾਲ ਪੁਲਸ ਕੇਸਾਂ ਵਿਚ ਫਸੇ ਦੋਵਾਂ ਗਰੁੱਪਾਂ ਦੇ ਕੁਝ ਮੁਜਰਮਾਂ ਨੂੰ ਬਰੀ ਕਰਾ ਲਿਆ ਸੀ। ਸਕਾਟਲੈਂਡ ਯਾਰਡ ਅਨੁਸਾਰ ਏਸ਼ੀਅਨ ਮਾਫੀਆ ਵੀ ਉਸੇ ਤਰ੍ਹਾਂ ਕੰਮ ਕਰਦਾ ਹੈ ਜਿਵੇਂ ਇਟੈਲੀਅਨ ਮਾਫੀਆ ਤੇ ਚੀਨੀ ਟਰੇਡ ਗੈਂਗ ਕੰਮ ਕਰਦੇ ਹਨ। ਪੁਲਸ ਪਾਸ ਇਹਨਾਂ ਲੜਾਕੇ ਗਰੁੱਪਾਂ ਪਿਛੇ ਕੰਮ ਕਰਨ ਵਾਲੇ ਗੈਂਗ ਲੀਡਰਾਂ ਦੇ ਨਾਂ ਵੀ ਮੌਜੂਦ ਹਨ ਤੇ ਇਹ ਵੀ ਪਤਾ ਹੈ ਕਿ ਕਮਿਊਨਿਟੀ ਦੇ ਕੁਝ ਵੱਡੇ ਲੀਡਰਾਂ ਨੇ ਹੈਰੋਇਨ ਦੀ ਸਮਗਲਿੰਗ ਦੇ ਸੰਬੰਧ ਵਿਚ ਗਾਹੇ-ਬਗਾਹੇ ਲੰਡਨ, ਬਰਮਿੰਘਮ, ਕਾਰਡਿਫ ਤੇ ਗਲਾਸਗੋ ਆਦਿ ਵਿਚ ਗੁਪਤ ਮੀਟਿੰਗਾਂ ਵੀ ਕੀਤੀਆਂ ਹਨ।

ਪੁਲਸ ਨੇ ਅਜੇਹੇ ਕੇਸ ਵੀ ਫੜੇ ਹਨ ਜਿਹਨਾਂ ਵਿਚ ਇੰਸ਼ੋਰੈਂਸ ਦੇ 40 ਲੱਖ ਪੌਂਡ ਦੇ ਫਰਾਡ ਕੀਤੇ ਗਏ ਹਨ। ਇਹਨਾਂ ਲੜਾਕੇ ਗਰੁੱਪਾਂ ਦੀ 1983 ਦੀ ਆਪਸੀ ਲੜਾਈ ਨੇ ਪੁਲਸ ਦਾ ਧਿਆਨ ਇਸ ਪਾਸੇ ਕੇਂਦਰਤ ਕੀਤਾ ਸੀ ਜਿਸ ਤੋਂ ਬਾਅਦ ਸਕਾਟਲੈਂਡ ਯਾਰਡ ਹੁਣ ਇਸ ਸਿੱਟੇ ਤੇ ਪਹੁੰਚਾ ਹੈ ਕਿ ਇਹਨਾਂ ਦੇ ਗੈਂਗ ਲੀਡਰਾਂ ਦੇ ਹੱਥ ਬਹੁਤ ਲੰਮੇ ਹਨ। ਪੁਲਸ ਅਨੁਸਾਰ ਹੋਲੀ ਸਮੋਕ ਗਰੁੱਪ ਪਹਿਲਾਂ ਪਹਿਲ 1970 ਵਿਚ ਨਸਲਵਾਦ ਦੇ ਖਿਲਾਫ ਲੜਨ ਲਈ ਬਣਾਇਆ ਗਿਆ ਸੀ। ਇਸ ਗਰੁਪ ਵਿਚ ਵਧੇਰੇ ਗਿਣਤੀ ਭਾਰਤੀ ਜੱਟ ਸਿੱਖਾਂ ਦੀ ਪਰ ਟੂਟੀ ਨੰਗ ਗਰੁੱਪ ਵਿਚ ਵਧੇਰੇ ਭਾਰਤੀ "ਛੋਟੀਆਂ ਜਾਤੀਆਂ" ਦੇ ਲੋਕਾਂ ਦੀ ਭਰਤੀ ਹੈ। ਦੇਸ਼ ਭਰ ਵਿਚ ਇਹਨਾਂ ਦੀ ਕੁਲ ਭਰਤੀ ਇਕ ਹਜ਼ਾਰ ਦੇ ਕਰੀਬ ਹੈ। ਇਹਨਾਂ ਗਰੁਪਾਂ ਦੇ ਛੋਟੇ ਲੀਡਰ ਅੱਗੋਂ ਆਪਣਾ ਅਸਰ ਰਸੂਖ ਸਕੂਲਾਂ ਦੇ ਬੱਚਿਆਂ ਵਿਚ ਪੈਦਾ ਕਰਦੇ ਹਨ।

ਸਕਾਟਲੈਂਡ ਯਾਰਡ ਦੀ ਰੀਪੋਰਟ ਅਨੁਸਾਰ ਇਹ ਗੈਂਗ ਲੀਡਰ ਤੇ ਇਹਨਾਂ ਦੇ "ਗੌਡਫਾਦਰ" ਖੁਲੀ ਤਰ੍ਹਾਂ ਭਾਰਤ-ਪਾਕਿਸਤਾਨ ਤੇ ਬਰਤਾਨੀਆ ਵਿਚ ਆਉਂਦੇ ਜਾਂਦੇ ਹਨ। ਸਾਊਥਾਲ ਪੁਲਸ ਦਾ ਕਹਿਣਾ ਹੈ ਕਿ ਇਹਨਾਂ ਗਰੁਪਾਂ ਦੀਆਂ ਸਰਗਰਮੀਆਂ ਕਾਰਨ ਸਾਊਥਾਲ ਆਲੇ ਦੁਆਲੇ ਜੁਰਮ ਵਧੇ ਹਨ।

### ਦੋ ਵੱਡੀਆਂ ਗ੍ਰਿਫਤਾਰੀਆਂ

ਖਬਰ ਮਿਲੀ ਹੈ ਕਿ ਪੁਲਸ ਦੀ ਇਸੇ ਤਰ੍ਹਾਂ ਦੀ ਛਾਣ ਬੀਣ ਦੇ ਨਤੀਜੇ ਵਜੋਂ 38 ਸਾਲਾ ਬੈਂਕ ਮੈਨੇਜਰ ਆਸਿਫ ਅਬਦੁਲਾ ਨੂੰ ਇਕ ਹੋਰ ਪਾਕਿਸਤਾਨੀ ਧਨਾਢ ਬਿਜਨੇਸਮੈਨ ਜ਼ਿਆ ਉਦੀਨ ਅਲੀ ਅਕਬਰ ਨਾਲ ਚਾਰਜ ਕੀਤਾ ਗਿਆ। ਇਸ ਬੈਂਕ ਮੈਨੇਜਰ ਦਾ ਨਾਂ ਬੈਂਕ ਆਫ ਕਾਰਡਿਫ ਐਂਡ ਕਾਮਰਸ ਨਾਲ ਜੋੜਿਆ ਜਾਂਦਾ ਹੈ। ਅਦਾਲਤ ਦੇ ਹੁਕਮ ਨਾਲ ਇਹਨਾਂ ਗੈਂਗ ਲੀਡਰਾਂ ਦੇ ਪਾਸਪੋਰਟ ਜ਼ਬਤ ਕਰ ਲਏ ਗਏ ਹਨ। ਆਸਿਫ ਅਬਦੁਲਾ ਨੇ ਸਵਾ ਦੋ ਲੱਖ ਪੌਂਡ ਦੀ ਜ਼ਮਾਨਤ ਉਤੇ 8 ਨਵੰਬਰ ਤੱਕ ਰਿਹਾਅ ਕੀਤਾ ਗਿਆ ਹੈ ਪਰ ਦੂਸਰੇ ਬੰਦੇ ਦੀ ਤਿੰਨ ਲੱਖ ਪੌਂਡ ਦੀ ਜ਼ਮਾਨਤ ਹੋਈ ਹੈ। ਬੈਂਕ ਆਫ ਕਾਰਡਿਫ ਐਂਡ ਕਮਰਸ ਦੀਆਂ ਦੁਨੀਆਂ ਭਰ ਵਿਚ ਬਰਾਂਚਾਂ ਹਨ। ਡਰਗ ਸਮਗਲਿੰਗ ਰਾਹੀਂ ਕਮਾਏ ਗਏ ਕਰੋੜਾਂ ਪੌਂਡਾਂ ਦੀਆਂ ਰਕਮਾਂ ਨੂੰ ਚਿਟੇ ਸਰਮਾਏ ਵਿਚ ਬਦਲਣ ਲਈ ਏਸ਼ੀਅਨ ਮਾਫੀਆ ਕੌਮਾਂਤਰੀ ਡਰਗ ਮਾਫੀਏ ਦਾ ਹਿੱਸਾ ਬਣਦਾ ਜਾਪਦਾ ਹੈ। ਪਿਛਲੇ ਦਿਨਾਂ ਵਿਚ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚੋਂ ਇਸ ਦੇ 84 ਬੰਦੇ ਕਾਬੂ ਕੀਤੇ ਜਾ ਚੁਕੇ ਹਨ। ਜਿਹਨਾਂ ਮਾਫੀਆ ਲੀਡਰਾਂ ਦਾ ਸਕਾਟਲੈਂਡ ਯਾਰਡ ਨੇ ਉਪਰ ਜ਼ਿਕਰ ਕੀਤਾ ਹੈ ਦੱਸਿਆ ਜਾਂਦਾ ਹੈ ਉਹਨਾਂ ਦੀ ਗ੍ਰਿਫਤਾਰੀ ਕਿਸੇ ਸਮੇਂ ਵੀ ਸੰਭਵ ਹੈ।

# ਵੈਨਕੂਵਰ ਵਿਚ ਪ੍ਰਵਾਰਾਂ ਲਈ ਬੇਸਮੈਂਟਾਂ ਦਾ ਕਾਨੂੰਨ ਪਾਸ

## 'ਹਿੱਟ ਲਿਸਟ' ਵਾਲੀ ਕੌਂਸਲ ਨੂੰ ਰਗੜੇ

ਵੈਨਕੂਵਰ — ਵੈਨਕੂਵਰ ਮਿਉਂਸਪਲ ਕੌਂਸਲ ਨੇ 'ਪਰਵਾਰ' ਦੀ ਨਵੇਂ ਸਿਰੇ ਤੋਂ ਵਿਆਖਿਆ ਅਤੇ ਪ੍ਰਵਾਰਾਂ ਲਈ ਬੇਸਮੈਂਟਾਂ ਦੀ ਵਰਤੋਂ ਦੇ ਸੰਬੰਧ ਵਿਚ 20 ਅਕਤੂਬਰ ਨੂੰ ਇਕ ਪਬਲਿਕ ਸੁਣਵਾਈ ਰੱਖੀ ਸੀ। ਇਸ ਮੀਟਿੰਗ ਵਿਚ ਪੰਜਾਹ ਦੇ ਕਰੀਬ ਲੋਕਾਂ ਨੇ ਹਿੱਸਾ ਲਿਆ। ਇਸ ਵਿਚ ਈਸਟ ਇੰਡੀਅਨ ਵਰਕਰਜ਼ ਐਸੋ: ਅਤੇ ਫਾਰਮ ਵਰਕਰਜ਼ ਯੂਨੀਅਨ ਦੇ ਮੀਤ ਪ੍ਰਧਾਨ ਸ੍ਰੀ ਜੁਆਲਾ ਸਿੰਘ ਅਤੇ ਹੋਰਨਾਂ ਬਜ਼ੁਰਗਾਂ ਨੇ ਹਿੱਸਾ ਲਿਆ।

ਸ੍ਰੀ ਜੁਆਲਾ ਸਿੰਘ, ਅਮਰਜੀਤ ਚੱਠਾ ਆਦਿ ਨੇ ਪਰਵਾਰਾਂ ਲਈ ਬੇਸਮੈਂਟਾਂ ਦੀ ਵਰਤੋਂ ਦੀ ਮੰਗ ਕਰਦਿਆਂ ਵੱਡੇ ਪਰਵਾਰ ਦੀ ਵਿਆਖਿਆ ਦੀ ਮੰਗ ਵੀ ਕੀਤੀ। ਕਈ ਕੈਨੇਡੀਅਨ (ਗੋਰੇ) ਬਜ਼ੁਰਗਾਂ ਨੇ ਕਿਹਾ ਕਿ ਸਿਟੀ ਕੌਂਸਲ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਬੇਸਮੈਂਟਾਂ ਨੂੰ ਕਿਰਾਏ ਉਪਰ ਦੇਣ ਜਾਂ ਨਾ ਦੇਣ ਲਈ ਦਖਲ ਅੰਦਾਜ਼ੀ ਕਰੇ।

ਸ੍ਰੀ ਗੁਰਨਾਮ ਸਿੰਘ ਸੰਘੇੜਾ ਨੇ ਪਰਵਾਰਾਂ ਲਈ ਬੇਸਮੈਂਟਾਂ ਦੀ ਖੁੱਲ੍ਹ ਕੇ ਪ੍ਰੋੜ੍ਹਤਾ ਕੀਤੀ। ਉਨ੍ਹਾਂ ਕੌਂਸਲ ਵਲੋਂ ਪਰਵਾਰਾਂ ਦੀ ਵਿਆਖਿਆ ਨੂੰ ਪਰਵਾਨ ਕੀਤਾ।

ਸੂਫੀ ਅਮਰਜੀਤ ਨੇ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਬੋਲਦਿਆਂ ਕਿਹਾ ਉਹ ਪਰਵਾਰ ਲਈ ਬੇਸਮੈਂਟਾਂ ਦੀ ਵਰਤੋਂ ਦੇ ਪੂਰੀ ਤਰ੍ਹਾਂ ਹੱਕ ਵਿਚ ਹੈ ਪਰ ਉਹ ਕੌਂਸਲ ਵਲੋਂ ਪਰਵਾਰ ਦੀ ਕੀਤੀ ਵਿਆਖਿਆ ਨੂੰ ਅਧੂਰੀ ਸਮਝਦਾ ਹੈ ਇਸ ਵਿਆਖਿਆ ਨੂੰ ਹੋਰ ਵਡੇਰੀ ਕਰਨ ਦੀ ਉਨ੍ਹਾਂ ਮੰਗ ਕੀਤੀ। ਕੌਂਸਲ ਵਲੋਂ ਕੀਤੀ ਵਿਆਖਿਆ ਵਿਚ ਬਾਬੇ/ਨਾਨੇ ਤੋਂ ਪੋਤਰੇ/ਦੋਹਤਰੇ ਤਕ ਵਿਆਖਿਆ ਕੀਤੀ ਗਈ ਸੀ। ਜਦੋਂ ਕਿ ਚਾਚੇ-ਤਾਏ ਅਤੇ ਮਾਮਿਆਂ-ਮਾਸੜਾਂ ਦੇ ਪਰਵਾਰਾਂ ਨੂੰ ਵੀ ਸ਼ਾਮਲ ਕਰ ਲਏ ਜਾਣ ਦੀ ਸੂਫੀ ਹੋਰਾਂ ਮੰਗ ਕੀਤੀ।

ਸੂਫੀ ਹੋਰਾਂ ਅਗੇ ਕਿਹਾ ਕਿ ਬੇਸਮੈਂਟਾਂ ਦੇ ਮਸਲੇ ਨੂੰ ਛੇੜਨਾ ਨਹੀਂ ਚਾਹੀਦਾ ਕਿਉਂਕਿ ਇਸ ਨੂੰ ਛੇੜ ਕੇ ਇਸ ਦਾ ਹੱਲ ਨਹੀਂ ਕੀਤਾ ਜਾ ਸਕਦਾ। ਇਸ ਨਾਲ ਲੋਕਾਂ ਨੂੰ ਖੱਜਲ-ਖੁਆਰ ਹੀ ਕੀਤਾ ਜਾਵੇਗਾ। ਉਨ੍ਹਾਂ ਬੇਸਮੈਂਟਾਂ ਨੂੰ ਕਿਰਾਏ ਉਪਰ ਦੇਣ ਜਾਂ ਨਾਂਹ ਦੇਣ ਦੇ ਸਵਾਲ ਉਪਰ ਮਿਉਂਸਪਲ ਚੋਣਾਂ ਸਮੇਂ ਰਾਏ ਸ਼ੁਮਾਰੀ (ਰੈਫਰੈਂਡਮ) ਬੰਦ ਕਰਨ ਲਈ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਰਾਏ ਸ਼ੁਮਾਰੀ ਸਿਰਫ ਫਜ਼ੂਲ ਖਰਚੀ ਹੈ।

ਉਨ੍ਹਾਂ ਅਗੇ ਕਿਹਾ ਕਿ ਲੋਕ ਭੁੱਲੇ ਨਹੀਂ ਹਨ ਕਿ ਇਹ ਉਹ ਹੀ ਕੌਂਸਲ ਹੈ ਜਿਸ ਨੇ ਬੇਸਮੈਂਟਾਂ ਦੇ ਸਵਾਲ ਨੂੰ ਹਿੱਟ ਲਿਸਟ ਉਪਰ ਰੱਖਿਆ ਸੀ ਹੁਣ ਇਹ ਲੋਕਾਂ ਨੂੰ ਚੰਗਾ ਬਣ ਕੇ ਦਿਖਾਉਣਾ ਚਾਹੁੰਦੀ ਹੈ। ਸੂਫੀ ਹੋਰਾਂ ਅੰਤ ਵਿਚ ਮਿਉਂਸਪਲ ਕੌਂਸਲ ਨੂੰ ਅਪੀਲ ਕੀਤੀ ਕਿ ਬੇਸਮੈਂਟਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਤੰਗ ਨਾ ਕਰੇ। ਉਨ੍ਹਾਂ ਐਨ ਪੀ ਏ ਦੀ ਕੌਂਸਲ ਨੂੰ ਧੋਖੇਬਾਜ਼ ਕਿਹਾ ਅਤੇ 19 ਨਵੰਬਰ ਨੂੰ ਵੋਟਾਂ ਸਮੇਂ ਟਕਰਨ ਲਈ ਚੈਲੰਜ ਕੀਤਾ।

ਪਰਵਾਰ ਦੀ ਹੋਰ ਵਡੇਰੀ ਵਿਆਖਿਆ ਲਈ ਰੱਖੀ ਇਕ ਸੋਧ 5/4 ਦੀ ਵੋਟ ਨਾਲ ਰੱਦ ਹੋ ਗਈ।

ਵੈਨਕੂਵਰ ਵਿਚ ਮੇਅਰ ਲਈ ਕੋਪ ਅਤੇ ਐਨ ਡੀ ਪੀ ਦੀ ਸਾਂਝੀ ਸਲੇਟ ਦੀ ਉਮੀਦਵਾਰ ਜੀਨ ਸਵੈਨਸਨ ਨੇ ਬੇਸਮੈਂਟਾਂ ਦੇ ਸੰਬੰਧ ਵਿਚ ਮੌਜੂਦਾ ਸਿਟੀ ਕੌਂਸਲ ਦੀ ਤਿੱਖੀ ਨੁਕਤਾਚੀਨੀ ਕੀਤੀ ਕਿ ਉਹ ਅਸਲੀ ਮੁਸ਼ਕਲਾਂ ਤੋਂ ਮੂੰਹ ਮੋੜ ਕੇ ਸਿਰਫ ਬੇਸਮੈਂਟਾਂ ਨੂੰ ਚੋਣਾਂ ਦਾ ਇਸ਼ੂ ਬਣਾ ਰਹੇ ਹਨ। ਕਿਰਾਏਦਾਰਾਂ ਨੂੰ ਔਝੜ ਵਿਚ ਪਾ ਕੇ ਉਨ੍ਹਾਂ ਨੂੰ ਤੰਗ ਕਰ ਰਹੇ ਹਨ।

# ਸਾਲ ਦੇ ਅੰਤ ਤੱਕ ਸੁਪਰ ਕੰਪੀਊਟਰ

ਨਵੀਂ ਦਿੱਲੀ — ਖਬਰ ਹੈ ਕਿ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਸੈਕਟਰੀ ਸ੍ਰੀ ਵਸੰਤ ਸਾਠੇ ਨੇ ਦੱਸਿਆ ਹੈ ਕਿ ਇਸ ਸਾਲ ਦੇ ਅੰਤ ਤੱਕ ਦਿਨ ਵਿਚ ਸੁਪਰ ਕੰਪੀਊਟਰ ਸਥਾਪਤ ਕਰ ਦਿੱਤਾ ਜਾਵੇਗਾ। ਇਸ ਉਪਰ ਤਿੰਨ ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਵੀ ਪਤਾ ਲੱਗਾ ਹੈ ਕਿ ਇਸ ਕੰਪੀਊਟਰ ਦੀ ਸਥਾਪਨਾ ਦਾ ਖੇਤੀਬਾੜੀ ਦੀ ਖੋਜ ਦੇ ਨਾਲ ਕਿਸਾਨਾਂ ਨੂੰ ਵੱਡਾ ਲਾਭ ਪੁੱਜੇਗਾ।

ਉਨ੍ਹਾਂ ਕਿਹਾ ਹੈ ਕਿ ਇਸ ਨਾਲ ਮੌਸਮ ਦਾ ਪਹਿਲਾਂ ਤੋਂ ਪਤਾ ਲਾਇਆ ਜਾ ਸਕੇਗਾ ਜਿਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਹੋਵੇਗਾ। ਖੇਤੀ ਖੋਜ ਇੰਜਨੀਅਰਿੰਗ ਇਸ ਦੀ ਸਹਾਇਤਾ ਨਾਲ ਕਈ ਵਡਮੁਲੀਆਂ ਕਾਢਾਂ ਅਤੇ ਬੀਜਾਂ ਦੀਆਂ ਨਵੀਆਂ ਕਿਸਮਾਂ ਕੱਢ ਸਕੇਗਾ।

# 1990 ਤੱਕ ਭਾਰਤ ਭਰ ਵਿਚ ਹੈਲਥ ਸੈਂਟਰ

ਮੰਗਲੌਰ — ਖਬਰ ਹੈ ਕਿ ਭਾਰਤ ਦੇ ਪੇਂਡੂ ਵਿਕਾਸ ਮੰਤਰੀ ਸ੍ਰੀ ਜਨਾਰਧਨ ਪੁਜਾਰੀ ਨੇ ਇਕ ਸਭਾ ਵਿਚ ਬੋਲਦਿਆਂ ਦੱਸਿਆ ਹੈ ਕਿ 1990 ਤੱਕ ਭਾਰਤ ਦੇ ਹਰ ਪਿੰਡ ਵਿਚ ਇਕ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਿਆ ਜਾਵੇਗਾ।

# ਭਾਰਤ ਵਿਚ ਕੁਦਰਤੀ ਗੈਸ

ਮਦਰਾਸ — ਪਤਾ ਲੱਗਾ ਹੈ ਕਿ ਆਇਲ ਐਂਡ ਨੈਚਰਲ ਗੈਸ ਕਮਿਸ਼ਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਵਿਚ ਕੁਦਰਤੀ ਗੈਸ ਲੱਭ ਲਈ ਹੈ। ਕਮਿਸ਼ਨ ਕੁਦਰਤੀ ਗੈਸ ਦੀ ਭਾਲ ਵਿਚ ਸਰਵੇ ਕਰ ਰਿਹਾ ਸੀ ਉਸ ਨੇ ਪਿਛੇ ਜਿਹੇ ਇਕ ਖੂਹ-ਬੋਰ ਕੀਤਾ ਜੋ ਕਿ ਰਾਜ ਮੁੰਦਰੀ ਤੋਂ 25 ਕਿਲੋਮੀਟਰ ਉਤੇ ਹੈ। ਇਸ ਵਿਚੋਂ 1,63,000 ਕਿਊਬਿਕ ਮੀਟਰ ਗੈਸ ਰੋਜ਼ਾਨਾ ਕੱਢੀ ਜਾਇਆ ਕਰੇਗੀ। ਪਹਿਲਾਂ ਕਮਿਸ਼ਨ ਕ੍ਰਿਸ਼ਨਾ-ਗੋਦਾਵਰੀ ਦਰਿਆਵਾਂ ਦੇ ਲਾਗੇ ਕੁਦਰਤੀ ਗੈਸ ਲੱਭ ਚੁਕਾ ਹੈ।

# ਪੁਰਾਣੇ ਦੇਸ਼ ਭਗਤ ਕਾਸ਼ੀਨਾਥ ਬਮਜਈ ਚੱਲ ਬਸੇ

ਨਵੀਂ ਦਿੱਲੀ — ਖਬਰ ਹੈ ਕਿ 23 ਅਕਤੂਬਰ ਨੂੰ ਪੁਰਾਣੇ ਦੇਸ਼ ਭਗਤ ਸ੍ਰੀ ਕਾਸ਼ੀਨਾਥ ਬਮਜਈ ਦਾ ਏਥੇ ਦਿਹਾਂਤ ਹੋ ਗਿਆ ਹੈ। ਉਨ੍ਹਾਂ 'ਭਾਰਤ ਛੱਡੋ' ਮੁਹਿੰਮ ਵਿਚ ਜੇਲ੍ਹ ਯਾਤਰਾ ਵੀ ਕੀਤੀ ਸੀ। ਉਹ 72 ਸਾਲਾਂ ਦੇ ਸਨ।

ਸ੍ਰੀ ਬਮਜਈ ਕਾਂਗਰਸ ਦੇ 'ਨੈਸ਼ਨਲ ਹੈਰਲਡ' ਅਤੇ 'ਬਲਿਟਜ' ਅਖਬਾਰਾਂ ਨਾਲ ਵੀ ਸੰਬੰਧਿਤ ਰਹੇ ਹਨ। ਉਹ 1976 ਵਿਚ ਪਬਲੀਕੇਸ਼ਨ ਵਿਭਾਗ ਦੇ ਡਾਇਰੈਕਟਰ ਵਜੋਂ ਰਿਟਾਇਰ ਹੋਏ ਸਨ।

# ਵਿਚਾਰੇ ਅਮਲੀ ਕੀ ਕਰਨ ?

ਫਰੀਦਕੋਟ — ਨਸ਼ਾ ਪੱਤਾ ਨਾ ਮਿਲਣ ਕਾਰਨ ਇਸ ਜ਼ਿਲੇ ਦੇ 17 ਅਮਲੀ ਦਮ ਤੋੜ ਗਏ ਹਨ। ਪਤਾ ਲੱਗਾ ਹੈ ਕਿ ਜਿਸ ਦਿਨ ਤੋਂ ਬਰਸਾਤ ਸ਼ੁਰੂ ਹੋਈ ਹੜ੍ਹਾਂ ਕਾਰਨ ਅਮਲੀਆਂ ਨੂੰ ਮਿਲਣ ਵਾਲੇ ਨਸ਼ੇ ਪੱਤੇ ਦੀ ਸਪਲਾਈ ਲਾਈਨ ਟੁੱਟ ਗਈ ਜਿਸ ਕਾਰਨ ਅਮਲੀਆਂ ਦੇ ਭਾਅ ਦੀ ਬਣੀ ਹੋਈ ਸੀ ਤੇ ਆਖਰ ਨੌਬਤ ਇਥੋਂ ਤੱਕ ਪਹੁੰਚ ਗਈ ਕਿ ਨਸ਼ੇ ਦੀ ਤੋਟ ਕਾਰਨ ਇਕ-ਇਕ ਕਰ ਕੇ ਅਮਲੀ ਕਿਰਨੇ ਸ਼ੁਰੂ ਹੋ ਗਏ। ਮਰਨ ਵਾਲਿਆਂ ਵਿਚ ਬਾਘਾ ਪੁਰਾਣਾ, ਮੋਗਾ, ਕੋਟਕਪੂਰਾ ਸਦਰ ਥਾਣੇ ਵਿਚ ਪੈਂਦੇ ਪਿੰਡਾਂ ਦੇ ਅਮਲੀ ਸ਼ਾਮਲ ਹਨ। ਅੱਠ ਅਮਲੀਆਂ ਨੂੰ ਨਾਜ਼ਕ ਹਾਲਤ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ ਜਦ ਕਿ ਬਾਕੀਆਂ ਨੂੰ ਬੈਡ ਖਾਲੀ ਨਾ ਹੋਣ ਕਾਰਨ ਦਾਖਲ ਨਹੀਂ ਕੀਤਾ ਗਿਆ। ਹਸਪਤਾਲ ਵਿਚ ਦਾਖਲ ਇਕ ਅਮਲੀ ਨੇ ਕਿਹਾ, "ਸਾਨੂੰ ਹਸਪਤਾਲਾਂ ਵਿਚ ਭਰਤੀ ਕਰੀ ਜਾਨੇ ਓ, ਨਸ਼ੇ ਪੱਤੇ ਦਾ ਪ੍ਰਬੰਧ ਕਰ ਦਿਓ, ਅਸੀਂ ਤਾਂ ਆਪੇ ਉਠ ਖੜ੍ਹਨਾ।"

ਯਾਦ ਰਹੇ ਕਿ ਲਗਪਗ 100 ਅਮਲੀਆਂ ਨੇ ਨਸ਼ੇ ਪੱਤੇ ਦੀ ਤੋਟ ਦੂਰ ਕਰਨ ਦੀ ਮੰਗ ਨੂੰ ਲੈ ਕੇ ਪਿਛਲੇ ਮਹੀਨੇ ਸੀ. ਐਮ. ਓ. ਦੇ ਦਫਤਰ ਅੱਗੇ ਧਰਨਾ ਦਿੱਤਾ ਸੀ ਤੇ ਹੁਣ ਵੀ ਅਮਲੀ ਕਈ ਵਾਰ ਸੀ ਐਮ ਓ ਤੇ ਐਸ ਐਸ ਪੀ ਨੂੰ ਮਿਲ ਚੁਕੇ ਹਨ। ਪਿੰਡਾਂ ਵਿਚ ਜਿਹੜਾ ਵੀ ਅਧਿਕਾਰੀ ਹੜ੍ਹਾਂ ਦਾ ਸਰਵੇਖਣ ਕਰਨ ਜਾਂਦਾ ਹੈ, ਅਮਲੀ ਉਸੇ ਅਧਿਕਾਰੀ ਅਗੇ ਆਪਣੀ ਮੰਗ ਰੱਖਦੇ ਹਨ ਪਰ ਹਾਲੇ ਤੱਕ ਉਹ ਸਫਲ ਨਹੀਂ ਹੋ ਸਕੇ। ਹੁਣ ਤਾਂ ਛੇਕੜ ਨੂੰ ਹਾਲਤ ਅਜਿਹੀ ਬਣੀ ਹੋਈ ਹੈ ਕਿ ਇਕ ਦੂਜੇ ਦੇ ਮਰਨ ਦੀਆਂ ਖਬਰਾਂ ਸੁਣ ਸੁਣ ਕੇ ਹੀ ਅਮਲੀ ਰੱਬ ਨੂੰ ਪਿਆਰੇ ਹੋਈ ਜਾ ਰਹੇ ਹਨ। ਐਸ ਐਸ ਪੀ ਫਰੀਦਕੋਟ ਨੇ ਸੀ ਐਮ ਓ ਅਤੇ ਮੈਡੀਕਲ ਕਾਲਜ ਵਾਲਿਆਂ ਨੂੰ ਅਮਲੀਆਂ ਦੀ ਦੇਖਭਾਲ ਕਰਨ ਲਈ ਮੋਗਾ ਵਿਖੇ ਇਕ ਕੈਂਪ ਲਾਉਣ ਲਈ ਕਿਹਾ ਹੈ।




John Fraser

VANCOUVER SOUTH

CAMPAIGN HEADQUARTERS

5892 Cambie St.

TELEPHONE:

321-5646

Please feel free to drop by the office for information or to assist with John Fraser's re-election campaign.

PC

# UJJAL DOSANJH
## LAWYER

**#202—5887 VICTORIA DRIVE,**

**VANCOUVER, B.C. V5P 3W5**

## ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫੋਨ ਕਰੋ :

**ਉਜੱਲ ਦੁਸਾਂਝ**

**PHONE 327-6381**



## ਗ੍ਰੰਥੀ ਦੀ ਲੋੜ

ਮਕੈਂਜੀ ਸਿੱਖ ਸੁਸਾਇਟੀ ਲਈ ਗ੍ਰੰਥੀ ਦੀ ਲੋੜ ਹੈ। ਕਥਾ, ਕੀਰਤਨ ਜਾਣਦਾ ਹੋਵੇ ਤੇ ਸਿਖਾ ਸਕਦਾ ਹੋਵੇ। ਬੱਚਿਆਂ ਨੂੰ ਪੰਜਾਬੀ ਸਿਖਾ ਸਕੇ, ਉਮਰ 45 ਸਾਲ ਤੋਂ ਉਪਰ ਹੋਵੇ। ਕੈਨੇਡਾ ਦਾ ਇਮੀਗਰੈਂਟ ਜਾਂ ਸਿਟੀਜ਼ਨ ਹੋਵੇ। ਵਿਜ਼ਟਰ ਬਾਰੇ ਵੀ ਸੋਚਿਆ ਜਾ ਸਕਦਾ ਹੈ। ਤਨਖਾਹ ਯੋਗਤਾ ਮੁਤਾਬਕ ਦਿੱਤੀ ਜਾਵੇਗੀ। ਇਸ ਬਾਰੇ ਗੱਲਬਾਤ ਕਰੋ :

**ਬਲਬੀਰ ਸਿੰਘ ਨਾਗਰਾ**
(604) 997-6994

**ਜਾਂ**

**ਹਰਬੰਸ ਸਿੰਘ ਰਾਏ - 997-3567**

ਚਿੱਠੀ ਲਿਖਣ ਦਾ ਪਤਾ :

**Mackenzie Sikh Society**
**Box 2407**
**Mackenzie, B.C. V0J 2C0**



CALL US FIRST

IATA APPROVED OFFICE

## Express Internationl Travel (1986) Ltd. ATAC

**Approved Agent All Major Airlines**



### ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ

ਸਿੰਘਾਪੁਰ **$1050** ਰੀਟਰਨ ਹਾਂਗਕਾਂਗ **$870** ਰੀਟਰਨ ਟਰਾਂਟੋ **$269** ਇੰਗਲੈਂਡ **$577** ਰੀਟਰਨ

**ਸਾਡੇ ਕੋਲ ਸਪੈਸ਼ਲ ਇਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।**

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,

AJIT KANG



# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

### ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

**ਮੁਰਗਾ ਮਸਾਲੇ ਵਾਲਾ**
Spicy (Masala) Chicken
**$4.45 lb.**

**ਸੀਨਾ ਮਸਾਲੇ ਵਾਲਾ ਮੁਰਗੇ ਦਾ**
Only Breasts (Spicy)
**$6.95 lb.**

**ਮਸਾਲੇ ਵਾਲੀ ਮੱਛੀ ਦੇ ਪਕੌੜੇ**
Spicy (Masala) Fish
**$5.95 lb.**

**ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ**

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

**ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ**



GM

# WESTMINSTER

**12th. STREET AT QUEENS AVE., NEW WESTMINSTER, B.C.**

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

FOR **BEST DEAL & BEST SERVICE**

**BUS. 521-7731**

**Pager 687-1985 #5531**





ਗੁਰਜੀਤ ਢੀਂਡਸਾ ਬਾਵਾ

# ਅਤਿੰਦਰਪਾਲ ਨੇ ਗਾਰਡਾਂ ਨੂੰ ਪੈਸੇ ਦੇ ਕੇ ਇੰਦਰਾ ਨੂੰ ਮਰਵਾਣ ਦੀ ਸਾਜ਼ਿਸ਼ ਰਚੀ

ਚੰਡੀਗੜ੍ਹ — ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੇ ਕਰਤਾ ਧਰਤਾ ਖਤਰਨਾਕ ਦਹਿਸ਼ਤਗਰਦ ਅਤਿੰਦਰਪਾਲ ਸਿੰਘ ਜਿਸ ਨੂੰ ਦੋ ਹਫਤੇ ਪਹਿਲਾਂ ਗ੍ਰਿਫਤਾਰ ਕੀਤਾ ਗਿਆ ਹੈ ਨੇ ਪੁਲਸ ਨੂੰ ਪੁਛਗਿਛ ਸਮੇਂ ਦੱਸਿਆ ਕਿ ਅਕਤੂਬਰ 1984 ਵਿਚ ਪਾਕਿਸਤਾਨ ਜਾਣ ਤੋਂ ਪਹਿਲਾਂ ਉਹ ਕਈ ਵਿਅਕਤੀਆਂ ਨੂੰ ਮਿਲਿਆ ਸੀ। ਜਿਹਨਾਂ ਵਿਚ ਬਲਬੀਰ ਸਿੰਘ ਵੀ ਸ਼ਾਮਲ ਸੀ। ਜੋ ਕਿ ਇੰਦਰਾ ਕਤਲ ਕੇਸ ਵਿਚੋਂ ਬਰੀ ਹੋ ਚੁਕਾ ਹੈ। ਅਤਿੰਦਰਪਾਲ ਨੇ ਕਿਹਾ ਕਿ ਉਸਦੀ ਯੋਜਨਾ ਸੀ ਕਿ ਇੰਦਰਾ ਗਾਂਧੀ ਦੇ ਗਾਰਡਾਂ ਨੂੰ ਭਾਰੀ ਰਕਮਾਂ ਦੇ ਕੇ ਇੰਦਰਾ ਦਾ ਕਤਲ ਕਰਵਾਇਆ ਜਾਵੇ ਪਰ ਖੁਫੀਆ ਏਜੰਸੀਆਂ ਹੁਣ ਬਲਬੀਰ ਸਿੰਘ ਨੂੰ ਪੱਕੇ ਸੂਬੂਤਾਂ ਤੋਂ ਬਿਨਾਂ ਗ੍ਰਿਫਤਾਰ ਨਹੀਂ ਕਰਨਾ ਚਾਹੁੰਦੀਆਂ। ਇਹ ਏਜੰਸੀਆਂ ਪਤਾ ਲਾ ਰਹੀਆਂ ਹਨ ਕਿ ਅਤਿੰਦਰਪਾਲ ਸਿੰਘ ਨੂੰ ਮਿਲਣ ਵਾਲੇ ਹੋਰ ਕਿਹੜੇ ਕਿਹੜੇ ਵਿਅਕਤੀ ਹਨ। ਅਤਿੰਦਰਪਾਲ ਬਾਰੇ ਪਤਾ ਲੱਗਾ ਹੈ ਕਿ 1980-81 ਵਿਚ ਡਿਗਰੀ ਲੈਣ ਬਾਅਦ ਭੁਪਾਲ ਦੀ ਇਕ ਅਖਬਾਰ ਵਿਚ ਕੰਪੋਜ਼ਿਗ ਦਾ ਕੰਮ ਸ਼ੁਰੂ ਕੀਤਾ ਸੀ। 31 ਸਾਲਾ ਪਾਲ ਦੀਆਂ ਦੋ ਭੈਣਾਂ ਤੇ ਇਕ ਭਰਾ ਹੈ। ਉਸਦੀ ਮਾਤਾ ਦਾ ਪਰਿਵਾਰ ਹੁਕਮ ਸਿੰਘ ਚਿਮਨੀ ਦੀ ਪੁਸ਼ਤ ਵਿਚੋਂ ਹੈ। ਹੁਕਮ ਸਿੰਘ ਚਿਮਨੀ ਮਹਾਰਾਜਾ ਰਣਜੀਤ ਸਿੰਘ ਦਾ ਇਕ ਜਰਨੈਲ ਸੀ ਜਿਸ ਦਾ ਅਤਿੰਦਰਪਾਲ ਦੇ ਜੀਵਨ ਉਤੇ ਬਹੁਤ ਗੂੜਾ ਪ੍ਰਭਾਵ ਪਿਆ। ਐਨਕਾਂ ਲਾਹ ਕੇ ਉਸਨੇ ਲੈਨਜ਼ ਪਾ ਲਏ ਸਨ ਤਾਂ ਜੋ ਪਛਾਣ ਬਦਲੀ ਕਰ ਸਕੇ। ਮੁਹਾਲੀ ਵਿਚ ਉਹ ਲਗਾਤਾਰ ਤਿੰਨ ਸਾਲ ਇਕੋ ਥਾਂ ਤੇ ਰਹਿੰਦਾ ਰਿਹਾ ਤੇ ਆਪਣੇ ਆਪ ਨੂੰ 1984 ਦੇ ਦੰਗਿਆਂ ਦਾ ਪੀੜਤ ਦਸਦਾ ਰਿਹਾ।

# ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਡਿਨਰ ਅਤੇ ਡਾਂਸ

ਵੈਨਕੂਵਰ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ 4 ਨਵੰਬਰ, 1988 ਨੂੰ ਸਕਾਟਿਸ਼ ਕਲਚਰਲ ਸੈਂਟਰ, 8886 ਹਡਸਨ ਸਟਰੀਟ, ਵੈਨਕੂਵਰ ਵਿਚ ਡਿਨਰ ਅਤੇ ਡਾਂਸ ਦਾ ਪ੍ਰੋਗਰਾਮ ਹੋ ਰਿਹਾ ਹੈ ਜਿਸ ਵਿਚ ਕੈਲੇਫੋਰਨੀਆਂ ਤੋਂ ਡਾ: ਮੇਰੀਅਨ ਮੋਜਜ਼ ਤੇ ਬੀ ਸੀ ਫੈਡਰੇਸ਼ਨ ਆਫ ਲੇਬਰ ਦੇ ਸਕੱਤਰ-ਖਜ਼ਾਨਚੀ ਕਲਿਫ ਐਂਡਸਟੀਨ ਮੁੱਖ ਬੁਲਾਰਿਆਂ ਨਾਲ ਸਰਵਣ ਬੋਲ ਪ੍ਰਧਾਨ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵੀ ਭਾਸ਼ਨ ਦੇਣਗੇ। ਭਾਰਤੀ ਖਾਣਾ, ਪੰਜਾਬੀ ਗੀਤ, ਭੰਗੜਾ ਤੇ ਜਿੰਜਰ ਗਰੁੱਪ ਵਲੋਂ ਡਾਂਸ ਹੋਵੇਗਾ। ਬੱਚਿਆਂ ਨੂੰ ਸੰਭਾਲਣ ਦਾ ਪ੍ਰਬੰਧ ਹੋਵੇਗਾ।

ਟਿਕਟ ਦੀ ਕੀਮਤ ਰੁਜ਼ਗਾਰ ਕਰਨ ਵਾਲਿਆਂ ਲਈ 15 ਡਾਲਰ ਹੈ ਅਤੇ ਬਾਕੀਆਂ ਲਈ 8 ਡਾਲਰ। ਟਿਕਟਾਂ ਅਤੇ ਹੋਰ ਜਾਣਕਾਰੀ ਲਈ ਫੋਨ ਕਰੋ :

**ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ**

# 1 ਅਰਬ ਰੁਪੈ ਦੀ ਮੱਦਦ ਨਾਕਾਫੀ

## ਮੱਦਦ ਲੋੜਵੰਦਾਂ ਤੱਕ ਪਹੁੰਚਾਈ ਜਾਏ —

ਚੰਡੀਗੜ੍ਹ — ਪੰਜਾਬ ਦੀਆਂ ਵੱਖ ਵੱਖ ਪਾਰਟੀਆਂ ਦੇ ਲੀਡਰਾਂ ਨੇ ਪ੍ਰਧਾਨ ਮੰਤਰੀ ਵਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸੌ ਕਰੋੜ ਰੁਪੈ ਦੇਣ ਦਾ ਸਵਾਗਤ ਕੀਤਾ ਪਰ ਨਾਲ ਹੀ ਇਸ ਰਕਮ ਨੂੰ ਨਾਕਾਫੀ ਕਰਾਰ ਦਿੱਤਾ। ਸਾਬਕ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਨੇ ਕਿਹਾ ਕਿ ਇਸ ਗਰਾਂਟ ਨੂੰ ਸਪੈਸ਼ਲ ਗਰਾਂਟ ਵਿਚ ਬਦਲਿਆ ਜਾਵੇ। ਉਹਨਾਂ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਸੌ ਕਰੋੜ ਰੁਪੈ ਵਿਚ ਸਹਾਇਤਾ ਕੇਵਲ ਤੀਹ ਕਰੋੜ ਰੁਪੈ ਦੀ ਹੈ। ਬਾਕੀ 70 ਕਰੋੜ ਰੁਪਏ ਪੰਜਾਬ ਲਈ ਅਗਲੇ ਸਾਲ ਵਿਚ ਮਿਲਣ ਵਾਲੀ ਸਹਾਇਤਾ ਵਿਚੋਂ ਕੱਟੇ ਜਾਣੇ ਹਨ। ਪੰਜਾਬ ਦਾ ਨੁਕਸਾਨ ਦੋ ਸੌ ਕਰੋੜ ਰੁਪੈ ਤੋਂ ਵੀ ਵੱਧ ਹੋਇਆ ਹੈ। ਇਸ ਲਈ ਸੌ ਕਰੋੜ ਦੀ ਸਹਾਇਤਾ ਕਾਫੀ ਨਹੀਂ ਹੈ। ਬਰਨਾਲਾ ਤੇ ਬਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਪ੍ਰਸ਼ਾਸਨ ਤੇ ਭਾਖੜਾ ਬੋਰਡ ਨੇ ਹੜ੍ਹਾਂ ਉਤੇ ਕੰਟਰੋਲ ਕਰਨ ਲਈ ਜੋ ਢਿਲ ਵਰਤੀ ਉਸ ਬਾਰੇ ਪੜਤਾਲ ਦਾ ਕੰਮ ਅਦਾਲਤੀ ਕਮਿਸ਼ਨ ਨੂੰ ਸੌਂਪਿਆ ਜਾਏ। ਢਠੇ ਹੋਏ ਮਕਾਨਾਂ ਦਾ ਘਟੋ ਘੱਟ ਮੁਆਵਜ਼ਾ ਇਕ ਹਜ਼ਾਰ ਰੁਪਏ ਪ੍ਰਤੀ ਮਕਾਨ ਹੋਣਾ ਚਾਹੀਦਾ ਹੈ। ਫਸਲਾਂ ਦਾ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ। ਜਦੋਂ ਕਿ ਮਰੇ ਹੋਏ ਇਕ ਪਸ਼ੂ ਦਾ ਮੁਆਵਜ਼ਾ ਦੋ ਹਜ਼ਾਰ ਰੁਪਏ ਰਖਿਆ ਜਾਏ।

ਸੀ ਪੀ ਆਈ ਦੇ ਹਲਕਿਆਂ ਨੇ ਵੀ ਸੌ ਕਰੋੜ ਰੁਪਏ ਦੀ ਸਹਾਇਤਾ ਨੂੰ ਨਾਕਾਫੀ ਕਿਹਾ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰ ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਸਮਝਦੀ ਹੈ ਤਾਂ ਇਸ ਨੂੰ ਸਹਾਇਤਾ ਵੀ ਉਸੇ ਹਿਸਾਬ ਨਾਲ ਮਿਲਣੀ ਚਾਹੀਦੀ ਹੈ ਤਾਂ ਹੀ ਕਿਸਾਨ ਮੁੜ ਖੇਤੀਬਾੜੀ ਕਰਨ ਦੇ ਯੋਗ ਹੋ ਸਕਣਗੇ। ਦੂਸਰੇ ਮਿਲੀ ਸਹਾਇਤਾ ਨੂੰ ਲੋੜਵੰਦ ਲੋਕਾਂ ਤੱਕ ਪੁਚਾਣ ਦੇ ਖਾਸ ਪ੍ਰਬੰਧ ਹੋਣੇ ਚਾਹੀਦੇ ਹਨ ਪਿੰਡਾਂ ਦੀ ਪੰਚਾਇਤਾਂ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਨੁਮਾਇੰਦਿਆਂ ਰਾਹੀਂ ਯੋਗ ਸਹਾਇਤਾ ਲੋੜਵੰਦਾਂ ਤਕ ਪੁਚਾਏ ਜਾਣ ਦੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

# ਦਹਿਸ਼ਤਪਸੰਦਾਂ ਨੂੰ ਸਰਕਾਰ ਨੇ ਹਥਿਆਰ ਬਣਾ ਕੇ ਵਰਤਿਆ

## ਮਾਨੋਚਾਹਲ ਦੇ ਪਿਤਾ ਦਾ ਬਿਆਨ

ਅੰਮ੍ਰਿਤਸਰ — ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ-ਪ੍ਰਧਾਨ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਕਿਹਾ ਹੈ ਕਿ ਇਸ ਜ਼ਿਲੇ ਵਿਚ ਆਪਣੇ ਅਮਨ ਮਾਰਚ ਦੌਰਾਨ ਉਨ੍ਹਾਂ ਨੇ ਕਈ ਦਹਿਸ਼ਤਪਸੰਦਾਂ ਦੇ ਮਾਪਿਆਂ ਨਾਲ ਵੀ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਇਸ ਗੱਲ ਲਈ ਮਨਾਇਆ ਕਿ ਉਹ ਆਪਣੇ ਬੱਚਿਆਂ ਨੂੰ ਇਸ ਰਾਹ ਤੋਂ ਮੋੜਨ ਲਈ ਆਪਣਾ ਅਸਰ ਰਸੂਖ ਵਰਤਣ।

ਨੌਸ਼ਹਿਰਾ ਪੰਨੂੰਆਂ ਵਿਚ ਗੁਰਬਚਨ ਸਿੰਘ ਮਾਨੋਚਾਹਲ ਦੇ ਪਿਤਾ ਆਤਮਾ ਸਿੰਘ ਨਾਲ ਉਨ੍ਹਾਂ ਇਕ ਘੰਟੇ ਦੀ ਮੁਲਾਕਾਤ ਕੀਤੀ ਜਿਸ ਦੌਰਾਨ ਆਤਮਾ ਸਿੰਘ ਨੇ ਦੱਸਿਆ ਕਿ ਭਾਵੇਂ ਉਨ੍ਹਾਂ ਦਾ ਪੁੱਤਰ ਹੱਥ ਨਹੀਂ ਆ ਰਿਹਾ ਫਿਰ ਵੀ ਦਹਿਸ਼ਤਪਸੰਦਾਂ ਦਾ ਕਸੂਰ ਕੇਵਲ 15 ਪ੍ਰਤੀਸ਼ਤ ਹੈ, ਬਾਕੀ ਲਈ ਅਕਾਲੀਆਂ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਂਵਾਰੀ ਲੈਣੀ ਚਾਹੀਦੀ ਹੈ ਜਿਨ੍ਹਾਂ ਨੇ ਸੱਤਾ ਵਿਚ ਹੁੰਦਿਆਂ ਦਹਿਸ਼ਤਪਸੰਦਾਂ ਨੂੰ ਹਥਿਆਰ ਬਣਾ ਕੇ ਵਰਤਿਆ ਅਤੇ ਉਨ੍ਹਾਂ ਨੂੰ ਪੁੱਠੇ ਰਾਹ ਪਾਇਆ। ਆਤਮਾ ਸਿੰਘ ਨੇ ਜਥੇਦਾਰ ਉਮਰਾਨੰਗਲ ਨੂੰ ਸੁਝਾਅ ਦਿੱਤਾ ਕਿ ਉਹ ਪੰਜਾਬ ਸਮੱਸਿਆ ਦੇ ਹੱਲ ਵਾਸਤੇ ਪਹਿਲਕਦਮੀ ਲਈ ਕੇਂਦਰ ਸਰਕਾਰ ਉਤੇ ਜ਼ੋਰ ਪਾਉਣ।

# ਰਾਜੀਵ ਨੇ 'ਗਿੱਲ-ਬਜਾਜ' ਕੇਸ ਦੀ ਫਾਈਲ ਮੰਗੀ

ਚੰਡੀਗੜ੍ਹ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਗਿੱਲ-ਬਜਾਜ' ਕੇਸ ਦੀ ਫਾਈਲ ਰਾਜਪਾਲ ਸ੍ਰੀ ਸਿਧਾਰਥ ਸ਼ੰਕਰ ਰੇਅ ਤੋਂ ਮੰਗ ਲਈ ਹੈ। ਪ੍ਰਧਾਨ ਮੰਤਰੀ ਨੇ ਬੇਸ਼ੱਕ ਪ੍ਰੈਸ ਕਾਨਫਰੰਸ ਵਿਚ ਇਸ ਕੇਸ ਬਾਰੇ ਕੁਝ ਨਹੀਂ ਕਿਹਾ ਪ੍ਰੰਤੂ ਬਾਅਦ ਵਿਚ ਇਕ ਮਹਿਲਾ ਪੱਤਰਕਾਰ ਵਲੋਂ ਵਾਰ ਵਾਰ ਪੁਛੇ ਜਾਣ ਉਤੇ ਪ੍ਰਧਾਨ ਮੰਤਰੀ ਨੇ ਉਪਰੋਕਤ ਜਾਣਕਾਰੀ ਦਿੱਤੀ। ਪੁਲਸ ਦੇ ਡਾਇਰੈਕਟਰ ਜਨਰਲ ਕੇ ਪੀ ਐਸ ਗਿੱਲ ਅਤੇ ਆਈ ਏ ਐਸ ਮਹਿਲਾ ਅਧਿਕਾਰੀ ਸ੍ਰੀਮਤੀ ਰੂਪਨ ਦਿਉਲ ਬਜਾਜ ਦਾ ਕੇਸ ਇਸ ਸਮੇਂ ਚੰਡੀਗੜ੍ਹ ਪੁਲਸ ਅਧੀਨ ਹੈ।

ਵਰਨਣ ਯੋਗ ਹੈ ਕਿ ਪੰਜਾਬ ਦੇ ਗ੍ਰਹਿ ਸਕੱਤਰ ਸ੍ਰੀ ਐਸ ਐਲ ਕਪੂਰ ਦੇ ਘਰ ਰਾਤ ਦੇ ਖਾਣੇ ਉਪਰ ਸ੍ਰੀ ਗਿੱਲ ਨੇ ਸ਼ਰਾਬੀ ਹਾਲਤ ਵਿਚ ਕਥਿਤ ਤੌਰ ਤੇ ਸ੍ਰੀਮਤੀ ਬਜਾਜ ਨਾਲ ਦੁਰਵਿਵਹਾਰ ਕੀਤਾ ਸੀ। ਸ੍ਰੀਮਤੀ ਬਜਾਜ ਨੇ ਰਾਜਪਾਲ ਅਤੇ ਹੋਰ ਸੀਨੀਅਰ ਅਧਿਕਾਰੀਆਂ ਕੋਲ ਸ੍ਰੀ ਗਿੱਲ ਦੀ ਹਰਕਤ ਵਿਰੁਧ ਰੋਸ ਪ੍ਰਗਟ ਕੀਤਾ ਸੀ।


# 'Honest, hardworking and outspoken.'

**Svend Robinson**

NEW DEMOCRATS
BURNABY-KINGSWAY

ਬਰਨਬੀ-ਕਿੰਗਜ਼ਵੇ ਨਿਵਾਸੀਓ
**ਸਵੈਂਡ ਰੌਬਿਨਸਨ**
ਨੂੰ ਜਿਤਾਓ

Svend Robinson has been the New Democrat Member of Parliament for Burnaby since 1979. He was raised in this community and went on to obtain a law degree from UBC.

He completed post-graduate work in law and economics at the London School of Economics.

Svend still lives in the riding.

Svend Robinson has earned the respect and support of his constituents by his hard work, his honesty and his outspokenness. For example, the Burnaby Chamber of Commerce in 1984 unanimously recognized Svend as one of the first Honourary Members of Distinction.

During his nine years as a Member of Parliament, thousands of residents and businesses have turned to Svend for help – and he's never let them down.

On November 21, re-elect Svend Robinson.



ਐਡ ਬਰੌਡਬੈਂਟ ਤੇ ਸਵੈਂਡ ਰੌਬਿਨਸਨ

**Will you help re-elect Svend?**

We need your assistance to help re-elect Svend as our M.P. in Burnaby-Kingsway.
Please contact election headquarters:
4624 Hastings Street,
North Burnaby (one block east of Willingdon)

**299-2211**

ਕਿਉਂਕਿ

- ਸਵੈਂਡ ਰੌਬਿਨਸਨ 1979 ਤੋਂ ਤੁਹਾਡਾ ਪਾਰਲੀਮੈਂਟ ਮੈਂਬਰ ਹੈ। ਉਹ ਤੁਹਾਡੇ ਇਲਾਕੇ ਵਿਚ ਹੀ ਜੰਮਿਆ, ਪਲਿਆ ਤੇ ਪੜ੍ਹਿਆ ਹੈ। ਤੇ ਅਜੇ ਵੀ ਤੁਹਾਡੇ ਏਰੀਏ ਵਿਚ ਹੀ ਰਹਿੰਦਾ ਹੈ।
- ਸਵੈਂਡ ਰੌਬਿਨਸਨ ਮਿਹਨਤੀ ਹੈ, ਈਮਾਨਦਾਰ ਹੈ ਅਤੇ ਖੁਲ੍ਹ ਕੇ ਗੱਲ ਕਰਦਾ ਹੈ।
- ਪਿਛਲੇ ਨੌਂ ਸਾਲਾਂ ਵਿਚ ਇਲਾਕਾ ਨਿਵਾਸੀਆਂ ਦੀ ਉਸਨੇ ਮੱਦਦ ਕੀਤੀ ਹੈ।

**21 ਨਵੰਬਰ ਨੂੰ ਸਵੈਂਡ ਰੌਬਿਨਸਨ ਨੂੰ**
ਦੁਬਾਰਾ ਚੁਣੋ

**ਵੋਟ ਸਵੈਂਡ ਰੌਬਿਨਸਨ ਨੂੰ ਪਾਓ**

ਵਲੰਟੀਅਰ ਬਣਨ ਲਈ ਫੋਨ ਕਰੋ : 299-2211

# ਫਾਰੂਕ ਨੇ ਪਾਕਿਸਤਾਨੀ ਘੁਸਪੈਠ ਵਿਰੁੱਧ ਕੇਂਦਰ ਦੀ ਮਦਦ ਮੰਗੀ

ਨਵੀਂ ਦਿੱਲੀ — ਜੰਮੂ-ਕਸ਼ਮੀਰ ਦੇ ਮੁਖ ਮੰਤਰੀ ਡਾ. ਫਾਰੂਕ ਅਬਦੁੱਲਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਮਿਲੇ ਅਤੇ ਉਨ੍ਹਾਂ ਨੂੰ ਰਾਜ ਦੀ ਸਿਆਸੀ ਅਤੇ ਅਮਨ-ਕਾਨੂੰਨ ਦੀ ਸਥਿਤੀ ਤੋਂ ਜਾਣੂੰ ਕਰਵਾਇਆ। ਡਾ. ਅਬਦੁੱਲਾ ਨੇ ਪ੍ਰਧਾਨ ਮੰਤਰੀ ਨਾਲ ਹੋਈ ਗੱਲਬਾਤ ਦੇ ਵੇਰਵੇ ਦੱਸਣ ਤੋਂ ਇਨਕਾਰ ਕਰ ਦਿੱਤਾ, ਪਰ ਸਮਝਿਆ ਜਾਂਦਾ ਹੈ ਕਿ ਮੀਟਿੰਗ ਦਾ ਮੁਖ ਵਿਸ਼ਾ ਪ੍ਰਧਾਨ ਮੰਤਰੀ ਨੂੰ ਜੰਮੂ-ਕਸ਼ਮੀਰ ਵਿਚ ਪਾਕਿਸਤਾਨੀ ਏਜੰਟਾਂ ਦੀਆਂ ਗਤੀਵਿਧੀਆਂ ਤੋਂ ਜਾਣੂੰ ਕਰਵਾਉਣਾ ਸੀ।

ਪਤਾ ਲੱਗਾ ਹੈ ਕਿ ਡਾ. ਅਬਦੁੱਲਾ ਨੇ ਸ੍ਰੀ ਗਾਂਧੀ 'ਤੇ ਜ਼ੋਰ ਪਾਇਆ ਕਿ ਉਹ ਪਾਕਿਸਤਾਨੀ ਦਹਿਸ਼ਤਗਰਦਾਂ ਦੀ ਕਸ਼ਮੀਰ ਵਾਦੀ ਵਿਚ ਘੁਸਪੈਠ ਦਾ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਉਣ। ਉਨ੍ਹਾਂ ਕਿਹਾ ਕਿ ਇਹ ਘੁਸਪੈਠ ਕਸ਼ਮੀਰ ਵਾਦੀ ਵਿਚ ਫਿਰਕੂ ਹਿੰਸਾ ਤੇ ਗੜਬੜ ਫੈਲਾਉਣ ਲਈ ਕੀਤੀ ਜਾ ਰਹੀ ਹੈ।

ਵਜ਼ਾਰਤੀ ਪੁਨਰਗਠਨ ਬਾਰੇ ਮਸ਼ਵਰਾ : ਮੀਟਿੰਗ ਦੌਰਾਨ ਸੂਬਾਈ ਵਜ਼ਾਰਤ ਦੇ ਪ੍ਰਸਤਾਵਿਤ ਰੱਦੋ-ਬਦਲ ਤੇ ਪੁਨਰਗਠਨ ਦੇ ਵਿਸ਼ੇ 'ਤੇ ਵੀ ਚਰਚਾ ਹੋਈ। ਇਥੇ ਵਰਨਣਯੋਗ ਹੈ ਕਿ ਕਾਂਗਰਸ ਹਾਈ ਕਮਾਂਡ ਲੰਬੇ ਸਮੇਂ ਤੋਂ ਡਾ. ਅਬਦੁੱਲਾ 'ਤੇ ਜ਼ੋਰ ਪਾਉਂਦੀ ਆ ਰਹੀ ਹੈ ਕਿ ਰਾਜ ਦੇ ਸੀਨੀਅਰ ਕਾਂਗਰਸੀ ਨੇਤਾਵਾਂ, ਖਾਸ ਕਰ ਕੇ ਪ੍ਰਦੇਸ਼ ਕਾਂਗਰਸ ਪ੍ਰਧਾਨ ਗੁਲਾਮ ਰਸੂਲ ਕਾਰ, ਮੰਗਤ ਰਾਮ ਸ਼ਰਮਾ ਤੇ ਰੰਗੀਲ ਸਿੰਘ ਨੂੰ ਸੂਬਾਈ ਵਜ਼ਾਰਤ ਵਿਚ ਸ਼ਾਮਲ ਕੀਤਾ ਜਾਵੇ। ਡਾ. ਅਬਦੁੱਲਾ ਨੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨਾਲ ਵੀ ਦੋ ਮੀਟਿੰਗਾਂ ਕੀਤੀਆਂ ਜਿਨ੍ਹਾਂ ਵਿਚ ਰਾਜ ਦੀ ਅਮਨ-ਕਾਨੂੰਨ ਦੀ ਸਥਿਤੀ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਅਬਦੁੱਲਾ ਦੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਲਗਪਗ ਇਕ ਘੰਟਾ ਚੱਲੀ। ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨੇ ਮੁਖ ਮੰਤਰੀ ਨੂੰ ਪਾਕਿਸਤਾਨੀ ਘੁਸਪੈਠ ਰੋਕਣ ਲਈ ਹਰ ਤਰ੍ਹਾਂ ਦੀ ਮੱਦਦ ਦੇਣ ਦਾ ਭਰੋਸਾ ਦਿਵਾਇਆ। ਅਬਦੁੱਲਾ ਨੇ ਸ੍ਰੀ ਗਾਂਧੀ ਨੂੰ ਦੱਸਿਆ ਕਿ ਰਾਜ ਸਰਕਾਰ ਨੇ ਘੁਸਪੈਠ ਰੋਕਣ ਅਤੇ ਸਮਾਜ ਵਿਰੋਧੀ ਅਨਸਰਾਂ ਨਾਲ ਸਿੱਝਣ ਲਈ ਵਿਆਪਕ ਮੁਹਿੰਮ ਸ਼ੁਰੂ ਕੀਤੀ ਹੈ, ਪਰ ਕੇਂਦਰ ਸਰਕਾਰ ਦੀ ਮੱਦਦ ਤੋਂ ਬਿਨਾਂ ਇਹ ਮੁਹਿੰਮ ਕਾਰਗਰ ਸਾਬਤ ਨਹੀਂ ਹੋ ਸਕਦੀ। ਕੇਂਦਰ ਨੂੰ ਚਾਹੀਦਾ ਹੈ ਕਿ ਉਹ ਪਾਕਿਸਤਾਨ ਸਰਕਾਰ ਕੋਲ ਘੁਸਪੈਠ ਦਾ ਮਾਮਲਾ ਉਠਾਵੇ ਅਤੇ ਸਖਤ ਕਦਮ ਚੁੱਕਣ ਦੀ ਧਮਕੀ ਦੇਵੇ।


## ਦਿਉਲ ਲੇਡੀਜ਼ ਟੇਲਰ ਸ਼ਾਪ

**11860 - Oldfield Ave., Richmond, B.C. V6X 1M4**

**Phone : 270-1529**

ਅਸੀਂ ਹਰ ਤਰ੍ਹਾਂ ਦੇ ਡੀਜ਼ਾਇਨਾਂ ਵਾਲੇ ਪੰਜਾਬੀ ਸੂਟ, ਪਟਿਆਲਾ ਸ਼ਾਹੀ ਸੂਟ, ਬਲਾਊਜ਼, ਪੇਟੀਕੋਟ, ਡਰੈਸ, ਸਾੜ੍ਹੀ ਫਾਲ ਆਦਿ ਦੀ ਤਸੱਲੀਬਖਸ਼ ਸਲਾਈ ਕਰਦੇ ਹਾਂ

ਹਰ ਤਰ੍ਹਾਂ ਦੀ ਰੀਪੇਅਰ ਵੀ ਕੀਤੀ ਜਾਂਦੀ ਹੈ। ਸਾਡੀਆਂ ਸੇਵਾਵਾਂ ਦਾ ਲਾਭ ਉਠਾਓ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

**270-1529**



## ਕਰਤਾਰ ਫੋਟੋ ਸਟੂਡੀਓ

**1 HOUR PHOTO SERVICE**
**KARTAR PHOTO STUDIO**
**4279 - Fraser St. (27th Ave.)**
**Vancouver, B.C.**

**We Do Passport, 5 Mins. Service, Portrait Photos & Weddings**



**Off; 872-6060**

**FREE!! FREE!!!**
**1-5×7 STUDIO PORTRAIT**
$15.00 Value-- Free with this Coupon
With any Photo



## ਐਨ. ਡੀ. ਪੀ. ਉਮੀਦਵਾਰ ਸਿਲਵੀਆ ਬਿਸ਼ਪ ਨੂੰ ਡੈਲਟਾ ਵਿਚ ਜਿਤਾਓ

**Sylvia Bishop** has been a resident of Delta for over twenty years. She graduated from Delta Secondary, then attended UBC, where she received her Bachelor of Education with Honours. After several years of teaching, Sylvia pursued other interests, owning and operating three businesses in the Vancouver area, which she has since sold. Currently she is the assistant to the Federal President of the New Democratic Party.



### ਸਿਲਵੀਆ ਬਿਸ਼ਪ

- ਤੁਹਾਡੇ ਇਲਾਕੇ ਵਿਚ 20 ਸਾਲ ਤੋਂ ਰਹਿ ਰਹੀ ਹੈ
- ਸਿਲਵੀਆ ਬਿਸ਼ਪ ਐਨ. ਡੀ. ਪੀ. ਪ੍ਰੈਜੀਡੈਂਟ ਦੀ ਅਸਿਸਟੈਂਟ ਹੋਣ ਕਾਰਨ ਤਜਰਬੇਕਾਰ ਹੈ
- ਸਿਲਵੀਆ ਕਮਿਊਨਿਟੀ ਦੇ ਮਾਮਲਿਆਂ ਵਿਚ ਮੱਦਦ ਕਰਨ ਦੇ ਯੋਗ ਹੈ

ਇਸ ਲਈ

**ਸਿਲਵੀਆ ਬਿਸ਼ਪ ਦੀ ਚੋਣ ਲਈ ਵਲੰਟੀਅਰ ਬਣੋ ਤੇ ਚੋਣਾਂ ਦੇ ਦਿਨ**

**21 ਨਵੰਬਰ ਨੂੰ**

ਵੋਟਾਂ ਸਮੇਂ ਮੱਦਦ ਕਰੋ

***Help elect Sylvia Bishop***

To help in the campaign, take a sign, or get a ride to the polls, contact:

Ladner and Tsawwassen
4865 Delta Street
946-8562

North Delta
11940 - 88 Avenue
596-7177

THE NEW DEMOCRATS

ਇੰਡੋ-ਕੈਨੇਡੀਅਨਾਂ ਦਾ ਪ੍ਰਤੀਨਿਧ
**ਮੋਅ ਸਹੋਤਾ**
ਸਿਲਵੀਆ ਬਿਸ਼ਪ ਦੀ ਮੱਦਦ ਲਈ ਡੈਲਟਾ ਪਹੁੰਚੇਗਾ

ਗਰੈਂਡ ਪਾਰਟੀ ਹੋਵੇਗੀ
ਸ਼ਾਮਲ ਹੋਣ ਲਈ ਫੋਨ ਕਰੋ
596-7177

# ਆਪਸੀ ਫੁਟ ਲੈ ਡੁੱਬੀ

ਫਿਰੋਜ਼ਪੁਰ — ਪੰਜਾਬ ਵਿਚ ਦਹਿਸ਼ਤਗਰਦਾਂ ਦੇ ਟੋਲੇ ਬੁਰੀ ਤਰ੍ਹਾਂ ਵੰਡੇ ਹੋਏ ਹਨ ਤੇ ਵੱਖ ਵੱਖ ਗਰੁਪਾਂ ਵਿਚ ਕੰਮ ਕਰ ਰਹੇ ਹਨ। ਇਹ ਸ਼ਾਇਦ ਪੁਲੀਸ ਦੀ ਦਹਿਸ਼ਤਵਾਦ ਵਿਰੁਧ ਲੜਾਈ ਵਿਚ ਸਫਲਤਾ ਦਾ ਰਾਜ਼ ਹੈ। ਪੁਲੀਸ ਸੂਤਰਾਂ ਅਨੁਸਾਰ ਇਨ੍ਹਾਂ ਵਿਚੋਂ ਬਹੁਤ ਸਾਰੇ ਆਜ਼ਾਦਾਨਾ ਤੌਰ 'ਤੇ ਕੰਮ ਕਰ ਰਹੇ ਹਨ। ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਅਪਰੇਸ਼ਨ ਬਲੈਕ ਥੰਡਰ ਨੇ ਰਾਜ ਵਿਚ ਦਹਿਸ਼ਤਵਾਦੀ ਸਰਗਰਮੀਆਂ ਦੀ ਰੀੜ੍ਹ ਦੀ ਹੱਡੀ 'ਤੇ ਸੱਟ ਮਾਰੀ ਹੈ। ਪ੍ਰੰਤੂ ਦੋ ਚੋਟੀ ਦੇ ਆਗੂਆਂ ਸੁਖਦੇਵ ਸਿੰਘ ਉਰਫ ਸੁਖਾ ਸਿਪਾਹੀ ਉਰਫ ਜਨਰਲ ਲਾਭ ਸਿੰਘ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਮੌਤ ਮਗਰੋਂ ਇਨ੍ਹਾਂ ਲਈ ਹਾਲਤ ਬਦ ਤੋਂ ਬਦਤਰ ਬਣ ਗਈ ਹੈ।

ਖੁਫੀਆ ਸੂਤਰਾਂ ਅਨੁਸਾਰ ਜਨਰਲ ਲਾਭ ਸਿੰਘ ਦੀ ਮੌਤ ਤੋਂ ਪਹਿਲਾਂ ਖਾਲਿਸਤਾਨ ਕਮਾਂਡੋ ਫੋਰਸ ਨੂੰ ਦਹਿਸ਼ਤਗਰਦਾਂ ਦੀ ਸਭ ਤੋਂ ਵੱਡੀ ਜਥੇਬੰਦੀ ਮੰਨਿਆ ਜਾਂਦਾ ਸੀ ਪ੍ਰੰਤੂ ਹੁਣ ਇਹ ਕਈ ਹਿੱਸਿਆਂ ਵਿਚ ਵੰਡੀ ਗਈ ਹੈ ਤੇ ਸੁਖਦੇਵ ਸਿੰਘ ਝਾਮਕੇ, ਪੰਥਕ ਕਮੇਟੀ ਮੈਂਬਰਾਂ ਕੰਵਲਜੀਤ ਸਿੰਘ ਅਤੇ ਬਲਵਿੰਦਰ ਸਿੰਘ ਦੇ ਗਰੁਪ ਵੱਖਰੇ ਵੱਖਰੇ ਹਨ। ਇਸੇ ਤਰ੍ਹਾਂ ਖਾਲਿਸਤਾਨ ਲਿਬਰੇਸ਼ਨ ਫੋਰਸ ਵਿਚ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਅਤੇ ਪਿੱਪਲ ਸਿੰਘ ਦੇ ਜਥੇ ਮਾਲਵੇ ਤੇ ਮਾਝੇ ਵਿਚ ਵੱਖੋ ਵੱਖਰਿਆਂ ਕੰਮ ਕਰ ਰਹੇ ਹਨ।

ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਭਾਵੇਂ ਦਹਿਸ਼ਤਗਰਦਾਂ ਦੀਆਂ ਸਫਾਂ ਵਿਚ ਫੁਟ ਹੈ ਪ੍ਰੰਤੂ ਇਹ ਗਰੁਪ ਸਭ ਤੋਂ ਵੱਧ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਵਿਚ ਸਰਗਰਮ ਹਨ। ਜਲੰਧਰ, ਹੁਸ਼ਿਆਰਪੁਰ, ਰੋਪੜ ਤੇ ਲੁਧਿਆਣਾ ਦਾ ਨੰਬਰ ਇਸ ਮਗਰੋਂ ਆਉਂਦਾ ਹੈ। ਅੰਮ੍ਰਿਤਸਰ ਰੈਵੇਨਿਊ ਜ਼ਿਲੇ ਵਿਚ ਵੀ ਤਰਨਤਾਰਨ ਤੇ ਮਜੀਠਾ ਪੁਲੀਸ ਜ਼ਿਲਿਆਂ ਵਿਚ ਸਭ ਤੋਂ ਵੱਧ ਦਹਿਸ਼ਤਗਰਦ ਸਰਗਰਮ ਹਨ ਕਪੂਰਥਲਾ ਜ਼ਿਲੇ ਦੇ ਮੰਡ ਖੇਤਰ ਵਿਚ ਆਏ ਸੈਲਾਬ ਕਾਰਨ ਦਹਿਸ਼ਤਗਰਦ ਦੀਆਂ ਸਰਗਰਮੀਆਂ ਰੁਕੀਆਂ ਹੋਈਆਂ ਹਨ।

ਪੰਜਾਬ ਪੁਲੀਸ ਦੇ ਇਕ ਸੀਨੀਅਰ ਅਧਿਕਾਰੀ ਨੇ ਮੰਨਿਆ ਹੈ ਕਿ ਅਜੇ ਵੀ ਦਹਿਸ਼ਤਵਾਦੀ ਟੋਲਿਆਂ ਵਿਚ ਦਮਖਮ ਹੈ ਅਤੇ ਅਗਰ ਇਨ੍ਹਾਂ ਗਰੁਪਾਂ ਦੇ ਆਗੂਆਂ ਵਿਚ ਏਕਤਾ ਤੇ ਤਾਲਮੇਲ ਹੋ ਜਾਵੇ ਤਾਂ ਪੁਲੀਸ ਤੇ ਸੁਰੱਖਿਆ ਦਸਤਿਆਂ ਲਈ ਇਹ ਸਚਮੁਚ ਹੀ ਤਕੜੀ ਸਮੱਸਿਆ ਖੜ੍ਹੀ ਕਰ ਸਕਦੇ ਹਨ। ਖੁਫੀਆ ਰੀਪੋਰਟਾਂ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਸਭ ਤੋਂ ਖਤਰਨਾਕ ਬੱਬਰ ਹਨ ਜਿਨ੍ਹਾਂ ਦੀ ਜਥੇਬੰਦੀ ਦਾ ਤਾਣਾ ਬਾਣਾ ਬੜਾ ਮਜ਼ਬੂਤ ਹੈ। ਵੱਡੀ ਮਾਰ ਵੇਲੇ ਦੂਸਰੇ ਟੋਲੇ ਬਬਰਾਂ ਵਿਚ ਆ ਰਲਦੇ ਹਨ।

## ਆਸਾਮ ਮੰਤਰੀ ਮੰਡਲ ਦਾ ਪੁਨਰ ਗਠਨ

ਗੁਹਾਟੀ — ਪਤਾ ਲੱਗਾ ਹੈ ਕਿ ਆਸਾਮ ਦੇ ਮੁਖ ਮੰਤਰੀ ਸ੍ਰੀ ਪਰਫੁਲਾ ਕੁਮਾਰ ਮਹੰਤਾ ਨੇ ਆਪਣੇ ਮੰਤਰੀ ਮੰਡਲ ਵਿਚ ਅਦਲਾ ਬਦਲੀ ਕੀਤੀ ਹੈ। ਉਨ੍ਹਾਂ ਪਹਿਲੇ ਮੰਤਰੀ ਮੰਡਲ ਦੇ 12 ਮੰਤਰੀਆਂ ਨੂੰ ਛੁੱਟੀ ਕਰ ਦਿੱਤੀ ਅਤੇ ਨਵੇਂ ਸੱਤ ਮੰਤਰੀ ਲੈ ਲਏ ਹਨ।


OPPORTUNITY KNOCKS

ਕਮਿਉਨਿਟੀ ਚੈਲੰਜ

'ਗੋ ਬੀ. ਸੀ.' ਦਾ ਮਤਲਬ ਹੈ ਬ੍ਰਿਟਿਸ਼ ਕੋਲੰਬੀਆ ਦੀਆਂ ਕਮਿਉਨਿਟੀਆਂ ਲਈ ਵਧਣਾ ਫੁਲਣਾ ਤੇ ਮੌਕੇ ਪ੍ਰਦਾਨ ਕਰਨੇ।

'ਗੋ ਬੀ. ਸੀ.' ਸਥਾਨਕ ਗਰੁਪਾਂ ਅਤੇ ਸੰਸਥਾਵਾਂ ਲਈ ਇਕ ਚੈਲੰਜ ਹੈ ਕਿ ਉਹ ਆਪਣੀ ਸ਼ਕਤੀ ਅਤੇ ਪ੍ਰਤੀਬੱਧਤਾ ਸੂਬੇ ਦੇ ਸਰਕਾਰੀ ਸਾਧਨਾਂ ਨਾਲ ਮਿਲਾ ਕੇ ਆਪਣੇ ਜੀਵਨ ਨੂੰ ਵੀ ਪ੍ਰਫੁਲਤ ਕਰਨ ਅਤੇ ਸਾਡੀਆਂ ਕਮਿਉਨਿਟੀਆਂ ਵਿਚ ਵੀ ਮਾਣ ਦੀ ਭਾਵਨਾ ਨੂੰ ਵਧਾਉਣ।

ਆਉਂਦੇ ਸਾਢੇ ਤਿੰਨ ਸਾਲਾਂ ਵਿਚ, ਬੀ. ਸੀ. ਲਾਟਰੀ ਫੰਡ ਵਿਚੋਂ 162 ਮਿਲੀਅਨ ਡਾਲਰ ਮੁਹੱਈਆ ਕੀਤੇ ਜਾਣਗੇ ਜੋ ਅਜੋਕੇ ਚਲ ਰਹੇ ਲਾਟਰੀ ਪ੍ਰੋਗਰਾਮਾਂ ਤੋਂ ਵੱਖ ਹੋਣਗੇ, ਜਿਨ੍ਹਾਂ ਨਾਲ ਕਮਿਉਨਿਟੀ ਪ੍ਰਾਜੈਕਟਾਂ ਨੂੰ ਲਾਭ ਪੁਜੇਗਾ।

ਇਹ 'ਗੋ ਬੀ. ਸੀ.' ਪ੍ਰਾਜੈਕਟ ਵਿਚ :

— ਕਮਿਉਨਿਟੀ ਜੀਵਨ ਵਿਚ ਗੁਣਾਤਮਕ ਤਰੱਕੀ

— ਤਾਕਤ ਵਾਲੀ ਕਮਿਉਨਿਟੀ ਮੱਦਦ ਦਾ ਪ੍ਰਗਟਾਵਾ, ਜਿਸ ਵਿਚ ਵਲੰਟੀਅਰ ਤੌਰ ਤੇ ਹਿੱਸਾ ਲੈਣ ਤੇ ਆਰਥਿਕ ਪ੍ਰਤੀਬੱਧਤਾ।

— ਕਮਿਉਨਿਟੀ ਵਿਚ ਨਵੀਆਂ ਜੌਬਾਂ ਪੈਦਾ ਕਰਨੀਆਂ ਅਤੇ ਸਥਾਨਕ ਮਾਲ, ਚੀਜ਼ਾਂ ਅਤੇ ਸੇਵਾਵਾਂ ਦੀ ਵਰਤੋਂ ਕਰ ਕੇ ਆਰਥਿਕ ਤੌਰ ਤੇ ਕੀਤੇ ਜਾਣ ਵਾਲੇ ਕੰਮ ਨੂੰ ਉਤਸ਼ਾਹ

ਇਹ ਚੈਲੰਜ ਹੈ, ਇਹ ਹੀ ਮੌਕਾ ਹੈ ਕਿ ਇਸ ਪ੍ਰੋਗਰਾਮ ਵਿਚ ਹਿਸਾ ਲੈ ਕੇ ਵੱਧ ਤੋਂ ਵੱਧ ਕਮਿਉਨਿਟੀ ਦਾ ਸਹਿਯੋਗ ਲਿਆ ਜਾਵੇ ਤੇ ਸਥਾਨਕ ਲੋਕ ਤੇ ਸਥਾਨਕ ਸਪਲਾਈ ਕਰਨ ਵਾਲੇ ਉਤਸ਼ਾਹਤ ਹੋਣ।

ਇਸ ਪ੍ਰੋਗਰਾਮ ਬਾਰੇ ਬਰੋਸ਼ਰ, ਜਿਨ੍ਹਾਂ ਵਿਚ ਪ੍ਰੋਗਰਾਮ ਦੀ ਜਾਣਕਾਰੀ ਅਤੇ ਅਰਜ਼ੀ-ਫਾਰਮ, ਮਿਲਦੇ ਹਨ ਜੋ ਤੁਸੀਂ ਆਪਣੇ ਐਮ. ਐਲ. ਏ., ਮਨਿਸਟਰ ਆਫ ਸਟੇਟ ਜਾਂ ਸਰਕਾਰੀ ਏਜੰਟ ਦੇ ਦਫਤਰ ਤੋਂ ਲੈ ਸਕਦੇ ਹੋ।

'ਗੋ ਬੀ. ਸੀ.' ਅਜਿਹਾ ਵਚਨ ਵਾਲਾ ਮੌਕਾ ਘੱਟ ਹੀ ਮਿਲਦਾ ਹੈ।

Honourable Bill Reid
Minister of Tourism
and Provincial Secretary

GO BC Growth & Opportunities


## ਪੰਜਾਬ ਵਿਚ ਕਤਲੋਗਾਰਤ ਜਾਰੀ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਲੰਘੇ ਸੋਮਵਾਰ ਅਤਿਵਾਦੀਆਂ ਨੇ ਪੰਜਾਬ ਵਿਚ 13 ਬੇਦੋਸ਼ੇ ਵਿਅਕਤੀਆਂ ਦੀਆਂ ਜਾਨਾਂ ਲੈ ਲਈਆਂ ਹਨ। ਕਤਲ ਕੀਤੇ ਗਏ ਲੋਕਾਂ ਵਿਚ ਬਸੀ ਪਠਾਣਾ ਦਾ ਸ੍ਰੀ ਵਿਦਿਆ ਸਾਗਰ ਵੀ ਸ਼ਾਮਲ ਹੈ ਜੋ ਲੋਕ ਕਾਂਗਰਸ ਦਾ ਪ੍ਰਧਾਨ ਸੀ।

ਪਤਾ ਲੱਗਾ ਹੈ ਕਿ ਪੁਲੀਸ ਨੇ ਪਾਕਿਸਤਾਨ ਨਾਲ ਲੱਗਦੇ ਜ਼ਿਲਿਆਂ ਫੀਰੋਜ਼ਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚੋਂ 21 ਅਤਿਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪਤਾ ਲੱਗਾ ਹੈ ਕਿ ਉਨ੍ਹਾਂ ਕੋਲੋਂ ਭਾਰੀ ਮਾਤਰਾ ਵਿਚ ਹਥਿਆਰ ਫੜੇ ਗਏ ਹਨ।

ਅਤਿਵਾਦੀਆਂ ਨੇ ਹੁਸ਼ਿਆਰਪੁਰ ਜ਼ਿਲੇ ਵਿਚ ਇਕ ਛੋਟਾ ਠਾਣੇਦਾਰ ਕਤਲ ਕਰ ਦਿੱਤਾ ਹੈ। ਇਸ ਤੋਂ ਬਿਨਾਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਦੋ ਕਿਸਾਨਾਂ ਦਾ ਕਤਲ ਕੀਤਾ ਹੈ।

## ਚਮਨ ਲਾਲ ਨੇ ਟਕਸਾਲ ਤੇ ਕੇਂਦਰ ਦੇ ਸੰਬੰਧ ਨੰਗੇ ਕੀਤੇ

ਨਵੀਂ ਦਿੱਲੀ — ਪ੍ਰੋਟੈਸਟ ਵਜੋਂ ਛੁੱਟੀ ਉਤੇ ਗਏ ਆਈ ਜੀ ਚਮਨ ਲਾਲ ਨੇ ਪ੍ਰੈਸ ਨੂੰ ਬਿਆਨ ਦੇ ਕੇ ਕੇਂਦਰੀ ਲੀਡਰਾਂ ਨੂੰ ਗਧੀ ਗੇੜ ਵਿਚ ਪਾ ਦਿੱਤਾ ਹੈ ਉਹਨਾਂ ਇਹ ਸਪਸ਼ਟ ਇਸ਼ਾਰਾ ਦਿੱਤਾ ਹੈ ਕਿ ਕੇਂਦਰੀ ਲੀਡਰਾਂ ਨੇ ਭਿੰਡਰਾਂਵਾਲੇ ਪਰਿਵਾਰ ਨਾਲ ਯਾਰੀ ਪਾਲਣ ਲਈ ਜਸਬੀਰ ਸਿੰਘ ਨੂੰ ਦਰਬਾਰ ਸਾਹਿਬ ਵਿਚ ਭੇਜਿਆ ਸੀ। ਉਪਰਲੀਆਂ ਹਦਾਇਤਾਂ ਕਾਰਨ ਹੀ ਚਮਨ ਲਾਲ ਦੀ ਇਕ ਨਾ ਮੰਨੀ ਗਈ। ਚੰਡੀਗੜ੍ਹ ਦੇ ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਚਮਨ ਲਾਲ ਨੇ ਜਿਥੇ ਕੇਂਦਰੀ ਲੀਡਰਾਂ ਦੀ 'ਇਜਤ' ਦਾ ਪਰਦਾ ਚਾਕ ਕੀਤਾ ਹੈ ਉਥੇ ਗਧੀ ਗੇੜ ਵਿਚ ਵੀ ਪਾਇਆ ਹੈ। ਕੇਂਦਰੀ ਲੀਡਰ ਨਿਰਉਤਰ ਹੋ ਕੇ ਰਹਿ ਗਏ ਹਨ।

ਹੁਣ ਇਹ ਭੇਤ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਪੁਲਸ ਦੇ ਡੀ ਆਈ ਜੀ ਅਟਵਾਲ ਨੂੰ ਜਦੋਂ ਦਰਬਾਰ ਸਾਹਿਬ ਦੇ ਬਾਹਰ ਗੋਲੀ ਮਾਰੀ ਗਈ ਸੀ ਤਾਂ ਕੇਂਦਰੀ ਗੁਪਤ ਏਜੰਸੀ ਰਾਅ ਦਾ ਅਧਿਕਾਰੀ ਮਿ. ਗਰੇਵਾਲ ਦਰਬਾਰ ਸਾਹਿਬ ਵਿਚ ਸੰਤ ਭਿੰਡਰਾਂਵਾਲੇ ਦੇ ਗੋਡੇ ਮੁਢ ਬੈਠਾ ਸੀ। ਗਰੇਵਾਲ ਨੇ ਹੀ ਅਟਵਾਲ ਨੂੰ ਮਿਲਣ ਲਈ ਅੰਮ੍ਰਿਤਸਰ ਸੱਦਿਆ ਸੀ। ਅਟਵਾਲ ਨੂੰ ਗੋਲੀ ਮਾਰਨ ਵਾਲੇ ਮੁਲਜ਼ਮ ਵੀ ਦਰਬਾਰ ਸਾਹਿਬ ਵਿਚ ਹੀ ਸਨ ਜਿਹਨਾਂ ਦੀ ਸ਼ਨਾਖਤ ਵੀ ਹੋ ਗਈ ਸੀ ਪਰ ਉਹਨਾਂ ਨੂੰ ਫੜਿਆ ਨਹੀਂ ਸੀ ਗਿਆ।

ਇਹ ਭੇਤ ਵੀ ਹੁਣੇ ਹੀ ਖੁਲਿਆ ਹੈ ਕਿ ਸੰਤ ਲੌਂਗੋਵਾਲ ਦਾ ਦਿੱਲੀ ਦੌਰਾ ਸਫਲ ਹੋਣ ਬਾਅਦ ਸੰਤਾਂ ਦੇ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਵਿਰੋਧੀ ਅਕਾਲੀ ਦਲ ਦਾ ਧੜਾ ਖੜ੍ਹਾ ਕੀਤਾ ਗਿਆ। ਇਹ ਵੀ ਰਾਅ ਦਾ ਕੰਮ ਹੀ ਸੀ। ਇਸ ਧੜੇ ਦੇ ਨੇਤਾ ਬਾਬਾ ਜੁਗਿੰਦਰ ਸਿੰਘ ਬਣਾਏ ਗਏ ਸਨ। ਜੁਗਿੰਦਰ ਸਿੰਘ ਦੇ ਲੜਕੇ ਨੂੰ ਸੁਰਖਿਆ ਐਕਟ ਅਧੀਨ ਗ੍ਰਿਫਤਾਰ ਕਰਕੇ ਅਚਾਨਕ ਛੱਡ ਦਿੱਤਾ ਗਿਆ। ਇਸ ਤੋਂ ਬਾਅਦ ਹੀ ਭਾਈ ਜਸਬੀਰ ਸਿੰਘ ਨੂੰ ਰਿਹਾਅ ਕੀਤਾ ਗਿਆ। ਕੇਂਦਰ ਦੀ ਇਹ ਚਾਲ ਵੀ ਸੀ ਕਿ ਭਾਈ ਜਸਬੀਰ ਸਿੰਘ ਰਾਹੀਂ ਸ਼੍ਰੋਮਣੀ ਕਮੇਟੀ ਪੂਰੀ ਤਰ੍ਹਾਂ ਦਮਦਮੀ ਟਕਸਾਲ ਨੂੰ ਸੌਂਪੀ ਜਾਏ। ਘਟਨਾਵਾਂ ਦੀ ਇਸੇ ਲੜੀ ਦੀ ਕੜੀ ਵਜੋਂ ਹੁਣ ਜਸਬੀਰ ਸਿੰਘ ਨੂੰ ਅੰਦਰ ਦਾਖਲ ਹੋਣ ਦਿੱਤਾ ਗਿਆ। ਇਸ ਤੋਂ ਅਗਲੀ ਕੜੀ ਕੀ ਹੈ ਇਹ ਤਾਂ ਸਮਾਂ ਹੀ ਦੱਸੇਗਾ।

## ਫੈਡਰੇਸ਼ਨ ਦੇ ਲੀਡਰਾਂ ਦੀ ਧਮਕੀ

ਚੰਡੀਗੜ੍ਹ — ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਦਹਿਸ਼ਤਗਰਦ ਗਰੁਪ ਦੇ ਕਨਵੀਨਰ ਦਿਲਜੀਤ ਸਿੰਘ, ਸ਼ੇਰ ਸਿੰਘ, ਕੁਲਵੰਤ ਸਿੰਘ ਖੁਖਰਾਣਾ ਨੇ ਇਕ ਸਾਂਝੇ ਬਿਆਨ ਵਿਚ ਇੰਦਰਾ ਕਤਲ ਕੇਸ ਵਿਚ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫਾਂਸੀ ਦੇਣ ਲਈ ਕਾਲੇ ਵਾਰੰਟ ਜਾਰੀ ਕਰਨ ਵਿਰੁਧ ਧਮਕੀ ਦਿੱਤੀ ਹੈ ਤੇ ਕਿਹਾ ਹੈ ਕਿ ਜੇਕਰ ਫਾਂਸੀ ਦਿੱਤੀ ਗਈ ਤਾਂ ਸਰਕਾਰ ਨੂੰ ਇਸ ਦੀ ਭਾਰੀ ਕੀਮਤ ਤਾਰਨੀ ਪਵੇਗੀ। ਧਮਕੀ ਪੱਤਰ ਵਿਚ ਕਿਹਾ ਗਿਆ ਹੈ ਕਿ ਸਰਕਾਰ ਇਕ ਪਾਸੇ ਲੋਕ ਰਾਜ ਦਾ ਰੌਲਾ ਪਾਉਂਦੀ ਹੈ। ਦੂਸਰੇ ਪਾਸੇ ਧੱਕਾ ਕਰ ਰਹੀ ਹੈ। 1984 ਦੇ ਦਿੱਲੀ ਦੇ ਫਸਾਦਾਂ ਨੂੰ ਬਹਾਨਾ ਬਣਾ ਕੇ ਫੈਡਰੇਸ਼ਨ ਦੇ ਇਹਨਾਂ ਲੀਡਰਾਂ ਨੇ ਕਾਤਲਾਂ ਦੀ ਫਾਂਸੀ ਨੂੰ ਧੱਕਾ ਕਰਾਰ ਦਿੱਤਾ ਤੇ ਕਿਹਾ ਕਿ 1984 ਦੇ ਫਸਾਦਾਂ ਦੇ ਦੋਸ਼ੀਆਂ ਨੂੰ ਕਿਉਂਕਿ ਫਾਂਸੀਆਂ ਨਹੀਂ ਦਿੱਤੀਆਂ ਗਈਆਂ।

## ਫੈਡਰੇਸ਼ਨ ਦੇ ਵਿਰੋਧੀ ਗਰੁੱਪ ਵਾਲੇ ਸੰਤਾਂ ਨੂੰ ਧਮਕੀਆਂ ਦੇਣ ਵਾਲਿਆਂ ਦੀ ਨਿਖੇਧੀ

ਜਲੰਧਰ — ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਧੜੇ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਅੱਜ ਕਲ ਕਤਲਾਂ ਦੀ ਮੁਹਿਮ ਦੇ ਖਿਲਾਫ ਹੈ, ਨੇ ਫੈਡਰੇਸ਼ਨ ਦੇ ਦੂਸਰੇ ਵਿਰੋਧੀ ਧੜੇ ਅਤੇ ਅਤਿਵਾਦੀ ਗਰੁੱਪਾਂ ਨੂੰ ਵਾਰਨਿੰਗ ਦਿੱਤੀ ਹੈ ਕਿ ਉਹ ਸੰਤ ਮਹਾਤਮਾਵਾਂ ਨੂੰ ਧਮਕੀ ਪੱਤਰ ਲਿਖਣੇ ਬੰਦ ਕਰ ਦੇਣ। ਫੈਡਰੇਸ਼ਨ ਦੇ ਇਸ ਧੜੇ ਨੇ ਜਲੰਧਰ ਦੇ ਇਕ ਅਖਬਾਰ ਵਿਚ ਇਸ ਮੰਤਵ ਦਾ ਇਸ਼ਤਿਹਾਰ ਵੀ ਛਪਵਾਇਆ ਹੈ ਜਿਸ ਦੇ ਹੇਠਾਂ ਪ੍ਰਧਾਨ ਮਨਜੀਤ ਸਿੰਘ ਭੂਰਿਆ ਵਾਲੇ ਤੇ ਕਨਵੀਨਰ ਗੁਰਨਾਮ ਸਿੰਘ ਬੁੰਡਾਲਾ ਦੇ ਨਾਂ ਛਪੇ ਹਨ।

ਉਹਨਾਂ ਦੱਸਿਆ ਕਿ ਗੁਰੂ ਅਸਥਾਨਾਂ ਦੀ ਸੇਵਾ ਕਰਨ ਵਾਲੇ ਸੰਤਾਂ ਜਿਵੇਂ ਬਾਬਾ ਹਰਬੰਸ ਸਿੰਘ ਦਿੱਲੀ, ਸੰਤ ਬਲਕਾਰ ਸਿੰਘ ਆਨੰਦਪੁਰ, ਬਾਬਾ ਸੂਬਾ ਸਿੰਘ ਤਰਨ ਤਾਰਨ, ਬਾਬਾ ਸਾਧੂ ਸਿੰਘ ਆਦਿ ਨੂੰ ਧਮਕੀਆਂ ਭਰੀਆਂ ਚਿੱਠੀਆਂ ਆ ਰਹੀਆਂ ਹਨ। ਇਹ ਚਿੱਠੀਆਂ ਲਿਖਣ ਵਾਲੇ ਕੌਣ ਹਨ ਇਹ ਪਤਾ ਨਹੀਂ। ਪਰ ਨੌਜਵਾਨਾਂ ਨੂੰ ਸੰਤਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਹਨਾਂ ਨੇ ਬਦੇਸ਼ਾਂ ਦੇ ਰਹਿੰਦੇ ਲੋਕਾਂ ਨੂੰ ਪੰਜਾਬ ਦੇ ਹੜ੍ਹ ਪੀੜਤਾਂ ਦੀ ਮੱਦਦ ਕਰਨ ਦੀ ਵੀ ਅਪੀਲ ਕੀਤੀ ਹੈ।

ਪੰਜਾਬੀ ਮ

ਸਪੈਸ਼ਲ ਸੇਲ

# ਆਲ ਇੰਡੀਅ

# ALL IND

ਫਿਜ਼ੀ ਦੇ ਲੰਬੇ ਬਤਾਊਂ
89¢ lb.

6634 Main St.,

Ph. (604

ਫਰੀਨ ਆਟਾ
Farine Atta
Limit
$4.99 10 KG

ਨਵਾਬ ਚਾਹ
Nabob Tea Deluxe
(limit)
$2

ਬੀ. ਸੀ. ਖੰਡ
B.C. Sugar
(limit)
$4.98 10 kg.

ਤਾਜ਼ਾ ਚਿ
'FRESH' CHICKE
LEGS

ਮੈਦਾ ROBINHOOD
All Purpose Flour
Yellow Bag
$5.88
(limit) 10 K.G.

ਸੈਵਨ ਅ
7Up/Pepsi
48

ਕਿਟ ਵਿਚ

Special Sale

ਫੂਡਜ਼ ਸੈਂਟਰ

IA FOODS

Vancouver, B.C.

324-1686

ਲਸਣ, ਅਦਰਕ
Garlic, Ginger
69¢ lb.

ਤੀ

78 120 Pck.

ਦੁੱਧ Homo Milk

$3.49 4 liter

ਨ ਲੈਗਜ਼

99¢ lb.

ਹਰੀਆਂ ਲੈਚੀਆਂ
Green Illachi

$3.99 lb.

ਪ/ਪੈਪਸੀ

750 ML. Each plus deposit

ਯੂ. ਐਸ. ਏ. ਗੰਢੇ
U.S.A.ONIONS

(limit)

$4.99

50 lb.

# Two income families.

Will your lifestyle survive on one income? Ask about a new life insurance policy that will provide your spouse with an income which increases annually to help offset inflation.

**SATISH KUMAR** B.A., LL.B.

**Ph. 681-5321, Res. 594-2598**

500 One Bentall Centre
505 Burrard St.
Vancouver, B.C. V7X 1B2.

SunLife OF CANADA




## ਟੇਲਰ ਦੀ ਲੋੜ

ਈਸਟ ਇੰਡੀਅਨ ਲੇਡੀਜ਼ ਦੇ ਕਸਟਮ-ਮੇਡ ਸੂਟ ਬਨਾਉਣ ਲਈ ਇਕ ਟੇਲਰ ਦੀ ਲੋੜ ਹੈ। ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਜ਼ਰੂਰੀ ਹੈ। ਤਨਖਾਹ ਵਧੀਆ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਪੰਜਾਬ ਟੇਲਰ ਵਿੰਨੀਪੈਗ**

ਫ਼ੋਨ : 204-632-5965


# PAUL'S PLUMBING, ELECTRICAL & HEATING SUPPLY





Plumbing & Bathroom Fixtures & Supplies
Hot Water Tanks
Hot Water Heating & Supplies
And Instalations

*We cut and thread galvanized pipe*
*We Cut keys also.*

"Free customer parking at rear"

**4578 Main St., At 30th Ave., Vancouver, B.C.**

OPEN SUNDAYS

Sales: 872-3118
Service: 872-7227
HINDI, Punjabi Spoken


## ਮੈਟਰੀਮੋਨੀਅਲ

### ਵਰ ਦੀ ਲੋੜ

ਜੱਟ ਸਿੱਖ ਘਰਾਣੇ ਦੀ 18 ਸਾਲ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਬੀ. ਐਸ. ਸੀ. ਪਾਰਟ ਵਨ ਦੀ ਵਿਦਿਆਰਥਣ ਹੈ ਲੜਕੀ ਦਾ ਕੱਦ ਪੰਜ ਫੁੱਟ ਦੋ ਇੰਚ ਹੈ। ਖੂਬਸੂਰਤ ਤੇ ਕੰਮ ਕਾਜ ਵਿਚ ਸੁਚੱਜੀ ਹੈ। ਪਿਤਾ ਪੰਜਾਬ ਵਿਚ ਹੈਡਮਾਸਟਰ ਹੈ ਅਤੇ ਇਸ ਪ੍ਰਵਾਰ ਦੇ ਸਾਰੇ ਸੰਬੰਧੀ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਹਨ।

ਖਤ ਇਸ ਪਤੇ ਉਤੇ ਲਿਖਿਆ ਜਾ ਸਕਦਾ ਹੈ
BSG (101)
C/o Canada Darpan
P.O.BOX 265
Surrey, B.C. V3T 4W8

### ਲੜਕੀ ਦੀ ਲੋੜ

ਜੱਟ ਸਿੱਖ ਘਰਾਣੇ ਦੇ 20 ਸਾਲਾ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ ਜੋ ਕੈਨੇਡਾ ਦੀ ਇੰਮੀਗਰੇਂਟ ਜਾਂ ਸਿਟੀਜਨ ਹੋਵੇ। ਲੜਕਾ ਬੀ. ਐਸ. ਸੀ. ਫਸਟ ਕਲਾਸ ਹੈ। ਕੱਦ 5 ਫੁੱਟ 10 ਇੰਚ ਹੈ। ਚੰਗੇ ਘਰਾਣੇ ਵਿਚੋਂ ਹੈ।
ਹੋਰ ਜਾਣਕਾਰੀ ਲਈ ਇਸ ਪਤੇ ਉਤੇ ਖਤ ਲਿਖੋ :

CSL (109
C/o Canada Darpan
P.O.BOX 265
Surrey, B.C. V3T 4W8




ਦਰਸ਼ਨ ਸਿੰਘ ਉੱਪਲ

**DARSHAN SINGH UPPAL**

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

**Ph. Off. 590-3231**

**ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ**

**ਜਾਂ**

**ਵੇਚਣ ਲਈ**

ਮਿੱਤਰਤਾ ਭਰੀ, ਈਮਾਨਦਾਰ

ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

**Res. 594-8758**

L/R LAKEVIEW REALTY LTD. DELTA 590-3231

**7909 SCOTT RD., DELTA, B.C. V4C 6P6**



**ਪ੍ਰਿੰਸ ਰੂਪਰਟ ਵਿਚ**

ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

**ਮੋਨੀਕਾ ਵੀਡੀਓ**

ਨੂੰ ਯਾਦ ਰੱਖੋ

ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

**ਫ਼ੋਨ ਕਰੋ : ਪਾਲ ਮੋਦਗਿੱਲ**

**627-1637**



# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**


## ਭਾਰਤ ਦੇ ਵਿਗਿਆਨੀਆਂ ਦੀ ਨਵੀਂ ਪੁਲਾੜੀ ਕਾਢ

ਬੰਗਲੌਰ — ਪਤਾ ਲੱਗਾ ਹੈ ਕਿ ਭਾਰਤ ਦੀ ਪੁਲਾੜ ਖੋਜ ਸੰਸਥਾ ਅਤੇ ਹਿੰਦੁਸਤਾਨ ਐਰੋਨਾਟਿਕ ਨੇ ਮਿਲ ਕੇ ਇਕ ਨਵੇਂ 'ਗੈਸ ਪਰੋਪੇਲੈਂਟ ਟੈਂਕ' ਦੀ ਕਾਢ ਕੱਢੀ ਹੈ। ਇਹ ਟੈਂਕ ਪੁਲਾੜ ਵਿਚ ਛੱਡੀਆਂ ਜਾਣ ਵਾਲੀਆਂ ਸੈਟਲਾਈਟਾਂ ਵਿਚ ਵਰਤਿਆ ਜਾਵੇਗਾ। ਇਹ ਭਾਰਤ ਵਲੋਂ ਪੁਲਾੜ ਵਿਚ ਛੱਡੀਆਂ ਸੈਟਲਾਈਨਾਂ ਲਈ ਇਕ ਨਵੀਂ ਚੀਜ਼ ਹੋਵੇਗੀ। ਇਹ ਬਹੁਤ ਸਸਤੀ ਹੋਵੇ ਗੀ। ਭਾਰਤ ਦੇ ਪੁਲਾੜ ਵਿਗਿਆਨੀਆਂ ਤੇ ਇੰਜਨੀਅਰਾਂ ਦੀ ਖੋਜ ਦਾ ਅਗੇ ਵੱਲ ਕਦਮ ਹੈ।

## ਅਤਿਵਾਦ ਵਿਚ ਪਾਕਿਸਤਾਨੀ ਹੱਥ

ਸ੍ਰੀਨਗਰ — ਅੱਠ ਹੋਰ ਅਤਿਵਾਦੀਆਂ ਦੀ ਗ੍ਰਿਫਤਾਰੀ ਅਤੇ ਪੁਛਗਿਛ ਤੋਂ ਬਾਅਦ ਕਸ਼ਮੀਰ ਪੁਲਸ ਨੂੰ ਇਸ ਮਾਮਲੇ ਵਿਚ ਪਾਕਿਸਤਾਨੀ ਹੱਥ ਹੋਣ ਦਾ ਸ਼ੱਕ ਹੋਰ ਪੱਕਾ ਹੋ ਗਿਆ ਹੈ। ਗ੍ਰਿਫਤਾਰ ਅਤਿਵਾਦੀਆਂ ਕੋਲੋਂ ਅਸਲਾ ਅਤੇ ਗੋਲੀ ਸਿੱਕਾ ਬਰਾਮਦ ਹੋਇਆ ਹੈ। ਇਸ ਵਿਚ ਕੁਝ ਰੂਸੀ ਰਾਈਫਲਾਂ ਵੀ ਹਨ।

ਸੂਤਰਾਂ ਅਨੁਸਾਰ ਇਹ ਰਾਈਫਲਾਂ ਕਸ਼ਮੀਰੀ ਮੁਜਾਹਿਦੀਨ ਨੇ ਰੂਸੀ ਫੌਜਾਂ ਉਤੇ ਹਮਲਾ ਕਰਕੇ ਪ੍ਰਾਪਤ ਕੀਤੀਆਂ ਪਰ ਕੰਮ ਦੀਆਂ ਨਾ ਹੋਣ ਕਰਕੇ ਉਹਨਾਂ ਨੇ ਇਹ ਰਾਈਫਲਾਂ ਪਾਕਿਸਤਾਨ ਵਿਚ ਵੇਚੀਆਂ ਜਿਥੇ ਇਹ ਅਤਿਵਾਦੀਆਂ ਦੇ ਹੱਥ ਲੱਗੀਆਂ।

ਕੇਂਦਰ ਗ੍ਰਹਿ ਮੰਤਰਾਲੇ ਨੇ ਖੁਫੀਆ ਏਜੰਸੀਆਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਸਰਹੱਦੀ ਪਿੰਡਾਂ ਤੇ ਨਜ਼ਰ ਰੱਖਣ ਤਾਂ ਕਿ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਠਲ੍ਹ ਪਾਈ ਜਾ ਸਕੇ।

ਨਹੀਂ ਕਰ ਸਕਦੇ। ਸਾਹਿਤ ਦੇ ਕਿਸੇ ਇਕ ਪੱਖ 'ਤੇ ਹੀ ਸਾਰੀਆਂ ਬਿਰਤੀਆਂ ਇਕਾਗਰ ਕਰਨੀਆਂ ਚਾਹੀਦੀਆਂ ਨੇ। ਇਹ ਮੇਰੀ ਰਾਇ ਹੈ, ਮੈਂ ਗ਼ਲਤ ਵੀ ਹੋ ਸਕਦਾ ਹਾਂ।

ਅਮਰਜੀਤ ਨੂੰ ਮੇਰੀ ਰਾਇ ਚੰਗੀ ਲੱਗੀ ਜਾਪੀ ਤੇ ਉਸ ਨੇ ਆਖਿਆ ਕਿ ਤੁਹਾਡੇ ਆਉਣ ਨਾਲ ਸਾਰੇ ਲੇਖਕਾਂ ਨੂੰ ਹੀ ਪ੍ਰੇਰਣਾ ਮਿਲੀ ਹੈ। ਇਹ ਉਹਦੀ ਨਿਰਮਾਣਤਾ ਸੀ, ਪ੍ਰੇਰਣਾ ਤਾਂ ਮੈਨੂੰ ਮਿਲੀ ਸੀ।

ਅਸੀਂ ਅਮਰੀਕਾ ਦੇ ਬਾਰਡਰ ਦੇ ਕੋਲ ਪੁੱਜ ਗਏ ਸਾਂ। ਉਥੇ ਇਕ ਕਾਮਰੇਡ ਇਕਬਾਲ ਕਾਹਲੋਂ ਨੇ ਪੀਤਸਾ-ਸ਼ਾਪ ਖੋਲ੍ਹੀ ਹੋਈ ਸੀ। ਉਹ ਅਤੇ ਉਹਨਾਂ ਦੀ ਪਤਨੀ ਸਾਨੂੰ ਬਹੁਤ ਨਿੱਘ ਨਾਲ ਮਿਲੇ। ਉਹਨਾਂ ਨੇ ਸਾਡੇ ਲਈ ਸਪੈਸ਼ਲ ਪੀਤਸਾ ਬਣਾਇਆ ਤੇ ਸਾਡੇ ਨਾਲ ਹੀ ਬਹਿ ਕੇ ਖਾਧਾ। ਇਕਬਾਲ ਨੇ ਬੜੇ ਮੋਹ ਨਾਲ ਦੱਸਿਆ ਕਿ ਇਥੇ ਇਕ ਸਕਾਟਲੈਂਡ ਤੋਂ ਆਈ ਬੜੀ ਗਰਮ-ਮਿਜ਼ਾਜ ਪਰ ਦਿਲ ਦੀ ਅਤਿ ਚੰਗੀ ਕਾਮਰੇਡ ਰਹਿੰਦੀ ਹੈ। ਹੁਣ ਕਿਤੇ ਗਈ ਹੋਈ ਹੈ, ਨੌਂ ਵਜੇ ਤੀਕ ਜ਼ਰੂਰ ਆ ਜਾਵੇਗੀ। ਪਰ ਅਸੀਂ ਤਾਂ ਨੌਂ ਵਜੇ ਤੋਂ ਪਹਿਲਾਂ ਹੀ ਚਲੇ ਜਾਣਾ ਸੀ। ਖਿਮਾ ਮੰਗੀ ਅਤੇ ਫਿਰ ਮਿਲਣ ਦਾ ਇਕਰਾਰ ਕੀਤਾ, ਜਿਹੜਾ ਯਾਤਰਾ ਵਿਚ ਕੀਤੇ ਇਕਰਾਰਾਂ ਵਾਂਗ ਪੂਰਾ ਨਹੀਂ ਹੋ ਸਕਿਆ। ਕਾਮਰੇਡ ਇਕਬਾਲ ਨੇ ਇਹ ਵੀ ਦੱਸਿਆ ਕਿ ਜ਼ਮੀਨ ਬਾਰੇ ਉਹਦਾ ਆਪਣੇ ਭਰਾ ਨਾਲ ਕੇਸ ਚਲਦਾ ਹੈ। ਜ਼ਰੂਰ ਚਲਦਾ ਹੋਵੇਗਾ। ਪਰੂਦੋਂ (Proudhon) ਨੇ ਐਵੇਂ ਤਾਂ ਨਹੀਂ ਆਖਿਆ "ਪ੍ਰਾਪਰਟੀ ਇਜ਼ ਰੌਬਰੀ।" ਮੈਨੂੰ ਆਪਣੇ ਭਰਾ ਯਾਦ ਆਏ ਜਿਹਨਾਂ ਨੇ ਇੰਗਲੈਂਡ ਵਿਚ ਮੇਰੀ 23-ਸਾਲਾ ਰਿਹਾਇਸ਼ ਦੌਰਾਨ ਕਦੀ ਕਮੀਜ਼ ਵੀ ਨਹੀਂ ਮੰਗਵਾਈ।

ਇਕਬਾਲ ਨੇ ਇਹ ਵੀ ਦੱਸਿਆ ਕਿ ਇੰਡੀਆ ਵਿਚ ਉਹ ਟੋਹਾਣੇ ਰਹਿੰਦੇ ਸਨ। ਘਰ ਤੇ ਜ਼ਮੀਨ ਉਥੇ ਹੀ ਹੈ। ਮੈਂ ਕਦੀ ਟੋਹਾਣਾ ਵੇਖਿਆ ਨਹੀਂ। ਪਰ ਟੋਹਾਣਾ ਹੈ ਕਿ ਮੇਰੇ ਧੁਰ ਅੰਦਰ ਮਨ ਦੀਆਂ ਲਹਿਰਾਂ ਵਿਚ ਮਚਲ ਰਿਹਾ ਹੈ। ਮੈਂ ਬਚਪਨ ਵਿਚ ਜਸਵੰਤ ਸਿੰਘ ਟੋਹਾਣਵੀ ਰਚਿਤ ਰਾਮਾਇਣ, ਮਹਾਂਭਾਰਤ ਅਤੇ ਹਕੀਕਤ ਰਾਇ ਆਪਣੇ ਪਿੰਡ ਬਾਲੂ ਸੁਨਿਆਰ ਦੀ ਹੱਟੀ ਤੇ ਬਹਿ ਕੇ ਸੁਣਾਇਆ ਕਰਦਾ ਸਾਂ। ਇੰਨੀ ਵਾਰ ਕਿ ਉਹ ਮੈਨੂੰ ਤਕਰੀਬਨ ਜ਼ੁਬਾਨੀ ਯਾਦ ਹੋ ਗਏ ਸਨ।

ਅਸੀਂ ਘਰ ਪਰਤ ਆਏ। ਬਹੁਤ ਥੱਕ ਗਏ ਸਾਂ। ਡਿਗਦਿਆਂ ਹੀ ਨੀਂਦ ਆ ਗਈ।

* * * *

### 31 ਮਈ, 1988 (ਮੰਗਲਵਾਰ)

ਸਵੇਰੇ ਹੀ, ਤਹਿ ਕੀਤੇ ਪ੍ਰੋਗਰਾਮ ਅਨੁਸਾਰ, ਮੁਹਿੰਦਰ ਸੂਮਲ ਤੇ ਉਹਦੀ ਪਤਨੀ ਇਕਬਾਲ ਭੈਣ ਸਾਨੂੰ ਵੈਨਕੂਵਰ ਵਿਖਾਉਣ ਲਈ ਤੁਰ ਪਏ। ਮੀਂਹ ਪੈ ਰਿਹਾ ਸੀ। ਇਕਬਾਲ ਦਾ ਸੁਭਾਅ ਇੰਨਾ ਖੁੱਲ੍ਹਾ-ਖਲਾਸਾ ਸੀ ਕਿ ਉਹ ਤੇ ਪ੍ਰਕਾਸ਼ ਇਕਦਮ ਘੁਲ-ਮਿਲ ਗਈਆਂ। ਇਕਬਾਲ ਤਾਂ ਸੈਰ-ਸਪਾਟੇ ਵਾਲਿਆਂ ਕੱਪੜਿਆਂ ਵਿਚ ਬਿਲਕੁਲ ਗੁੱਡੀ ਜਿਹੀ ਲਗਦੀ ਸੀ। ਉਸ ਨੂੰ ਵੇਖ ਇਹ ਯਕੀਨ ਕਰਨਾ ਕਾਫੀ ਮੁਸ਼ਕਲ ਸੀ ਕਿ ਉਹਦਾ ਮੁੰਡਾ ਪਿਕਾਸੋ ਤੇਰਾਂ ਸਾਲ ਦਾ ਹੈ।

ਪਹਿਲਾਂ ਉਹ ਸਾਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿਖਾਉਣ ਲੈ ਗਏ, ਜਿਹੜੀ ਕਿ ਬਹੁਤ ਉਚਾਈ 'ਤੇ ਬਣੀ ਹੋਈ ਸੀ। ਕਾਰ ਉਪਰ ਚੜ੍ਹਦੀ ਗਈ। ਆਲੇ-ਦੁਆਲੇ ਜੰਗਲ ਸਨ। ਭਿੱਜੇ ਹੋਏ ਜੰਗਲ ਵਿਚੋਂ ਰੂਹਾਂ ਨੂੰ ਸੀਤਲ ਕਰਨ ਵਾਲੀ ਖੁਸ਼ਬੂ ਆ ਰਹੀ ਸੀ, ਮਹਿਬੂਬ ਦੀਆਂ ਜ਼ੁਲਫਾਂ ਵਰਗੀ, ਦੁੱਧ ਚੁੰਘਦੇ ਬੱਚੇ ਦੀਆਂ ਗੱਲ੍ਹਾਂ ਵਰਗੀ! ... ਸਿਖਰ ਤੇ ਪੁੱਜ ਮੁਹਿੰਦਰ ਨੇ ਕਾਰ ਪਾਰਕ ਕਰ ਦਿੱਤੀ ਅਤੇ ਅਸੀਂ ਹੌਲੀ-ਹੌਲੀ ਘੁੰਮਦੇ-ਫਿਰਦੇ ਵੈਨਕੂਵਰ ਨੂੰ ਨੰਗੇ ਰੂਪ ਵਿਚ ਵੇਖਦੇ ਰਹੇ ਇਕ ਪਾਸੇ ਸਮੁੰਦਰ ਸੀ। ਧੂਏਂ ਦਾ ਗੁਬਾਰ ਫੈਲਿਆ ਹੋਣ ਕਰਕੇ ਪਾਣੀ ਨਜ਼ਰ ਨਹੀਂ ਸੀ ਆ ਰਿਹਾ। ਮੁਹਿੰਦਰ ਆਖਣ ਲੱਗਿਆ: "ਏਧਰ ਤਾਂ ਵੇਖਣ ਵਾਲੀ ਕੋਈ ਚੀਜ਼ ਨਹੀਂ ਹੈ। ਧੁੰਦ ਹੀ ਧੁੰਦ ਹੈ।"

ਮੈਂ ਆਖਿਆ: "ਮੁਹਿੰਦਰ! ਤੂੰ ਤਾਂ ਕਵੀ ਐਂ। ਕਲਾਕਾਰ ਦੀ ਨਜ਼ਰ ਤਾਂ ਇਸ ਧੁੰਦ ਨੂੰ ਚੀਰ ਕੇ ਲੁਕੀਆਂ ਹੋਈਆਂ ਵਸਤਾਂ ਨੂੰ ਰੂਪਮਾਨ ਕਰੇ; ਮਾਮੂਲੀ ਵਿਚੋਂ ਗੈਰ-ਮਾਮੂਲੀ ਦੇ ਦਰਸ਼ਣ ਕਰਵਾਏ!"

ਅਸੀਂ ਕਿੰਨਾ ਹੀ ਚਿਰ ਧੁੰਦ ਨੂੰ ਵੇਖਦੇ ਰਹੇ ਤੇ ਮੈਂ ਸੋਚਦਾ ਰਿਹਾ ਕਿ ਕਿੰਨੀ ਧੁੰਦ ਪੱਸਰੀ ਹੋਈ ਹੈ: ਅਗਿਆਨ ਦੀ, ਮਜ਼ਹਬੀ ਜਨੂੰਨ ਦੀ, ਸਿਆਸੀ ਹਰਾਮਜ਼ਦਗੀ ਦੀ! ਮੈਂ ਇਕ ਲਿਖਾਰੀ ਦੇ ਤੌਰ 'ਤੇ ਕਿੰਨੀ ਕੁ ਧੁੰਦ ਹਟਾ ਸਕਦਾ ਹਾਂ? ਮੈਂ ਸੋਚਿਆ। ... ਇਕੱਠੇ ਹੋ ਜਾਈਏ ਤਾਂ ਕਾਫੀ ਹਟ ਸਕਦੀ ਹੈ। ਪਰ ਜੇ ਇਕੱਲਾ ਵੀ ਰਹਿ ਜਾਵਾਂ ਤਾਂ ਵੀ ਬਦੀ ਦੀਆਂ ਤਾਕਤਾਂ ਨਾਲ ਕਦੀ ਸਮਝੌਤਾ ਨਹੀਂ ਕਰਾਂਗਾ। ਅਸਲੀ ਲੇਖਕ ਆਪਣੇ ਸਮੇਂ ਨਾਲ ਕਦੀ ਸਮਝੌਤਾ ਨਹੀਂ ਕਰਦਾ, ਉਸ ਨੂੰ ਰੂਪਮਾਨ ਕਰਦਾ ਹੈ। ਚਲੋ, ਜੇ ਧੁੰਦ ਦੀ ਚੱਪਾ ਕੁ ਟਾਕੀ ਹੀ ਹਟਾ ਸਕਾਂ ਤਾਂ ਵੀ ਜੀਵਨ ਸਫਲਾ ਹੀ ਹੋਵੇਗਾ।

ਭੁੱਖ ਚਮਕ ਆਈ ਸੀ। ਮੀਂਹ ਵਿਚ ਭਿੱਜ ਕੇ ਹਮੇਸ਼ਾ ਭੁੱਖ ਲਗਦੀ ਹੈ। ਮੁਹਿੰਦਰ-ਇਕਬਾਲ ਸਾਨੂੰ "ਆਸ਼ੀਆਨਾ" ਵਿਚ ਲੈ ਗਏ। ਰਸਗੁੱਲੇ ਤੇ ਗਜਰੇਲਾ ਖਾਧਾ ਤੇ ਨਾਲ ਪੀਤੀ ਖ਼ੂਬਸੂਰਤ ਚਾਹ। ਬੜੀ ਸਾਫ-ਸੁਥਰੀ ਤੇ ਵਧੀਆ ਮਠਿਆਈ ਸੀ। ਉਥੋਂ ਅਸੀਂ ਸਟੈਨਲੇ ਪਾਰਕ ਚਲੇ ਗਏ, ਜਿਹੜੀ ਇਕ ਹਜ਼ਾਰ ਏਕੜ ਵਿਚ ਬਣੀ ਹੋਈ ਹੈ। ਮੌਸਮ ਵੀ ਬਦਲ ਗਿਆ ਸੀ। ਧੁੱਪ ਨਿਕਲ ਆਈ ਸੀ ਇਕ ਥਾਂ ਮੋਰ ਪਾਇਲ ਪਾ ਰਿਹਾ ਸੀ। ਉਥੇ ਕਈ ਤਸਵੀਰਾਂ ਲਈਆਂ। ਪਾਇਲ ਪਾਉਂਦੇ ਮੋਰ ਨੂੰ ਵੇਖਦਾ ਰਿਹਾ ਤੇ ਆਪਣੇ ਪਿੰਡ ਦੀ ਨਹਿਰ ਮੁੜ ਯਾਦ ਆਈ, ਜੀਹਦੇ ਕੰਢੇ ਮੋਰ ਪਾਇਲਾਂ ਪਾਉਂਦੇ ਹੁੰਦੇ ਸਨ ਤੇ ਮੈਂ ਉਹਲੇ ਖਲੋ ਕੇ ਵੇਖਦਾ ਰਹਿੰਦਾ ਸਾਂ। ਕਈ ਵਾਰ ਬਾਵਾ ਡੇਰੇ ਜਾਂਦਾ। ਚਿਲਮ ਪੀਂਦਾ ਤੇ ਮੋਰਾਂ ਨੂੰ ਪਾਇਲਾਂ ਪਾਉਂਦਾ ਵੇਖਦਾ। ਇਕ ਵਾਰ ਸਾਡੇ ਪਿੰਡ ਦੇ ਕਿਸੇ ਬੰਦੂਕਧਾਰੀ ਜਵਾਈ ਨੇ ਬਾਵਾ ਡੇਰੇ ਦੀ ਜੂਹ ਵਿਚ ਪਾਇਲ ਪਾਉਂਦਾ ਮੋਰ ਮਾਰ ਦਿੱਤਾ ਸੀ। ਸਾਰਾ ਪਿੰਡ ਲਾਹਣਤਾਂ ਪਾਉਂਦਾ ਰਿਹਾ ਸੀ, ਸਿਰਫ ਲਾਹਣਤਾਂ ਹੀ, ਕਿਉਂਕਿ ਉਹ ਬੰਦੂਕਧਾਰੀ ਜਵਾਈ ਸੀ।

ਅਸੀਂ ਤੁਰਦੇ-ਤੁਰਦੇ ਟੋਟਮ ਪੋਲਜ਼ ਕੋਲ ਆ ਕੇ ਰੁਕ ਗਏ। ਉਚੀਆਂ-ਉਚੀਆਂ ਲੱਕੜਾਂ ਗੱਡੀਆਂ ਹੋਈਆਂ ਸਨ ਤੇ ਉਹਨਾਂ ਉਤੇ ਮਨੁੱਖੀ ਚਿਹਰੇ ਅਤੇ ਖੰਭ ਆਦਿਕ ਖੁਣੇ ਹੋਏ ਸਨ। ਉਹਨਾਂ ਨੂੰ ਦੋ ਘੰਟੇ ਵੇਖਣਾ ਚਾਹੁੰਦਾ ਸਾਂ ਅਤੇ ਉਹਨਾਂ ਚਿਹਰਿਆਂ ਪਿੱਛੇ ਲੁਕੀ ਕਲਪਣਾ, ਰੀਝਾਂ ਤੇ ਭਾਵਨਾਵਾਂ ਵੇਖਣੀਆਂ ਚਾਹੁੰਦਾ ਸਾਂ। ਇਹ ਰੈਡ-ਇੰਡੀਅਨਾਂ ਦੀ ਕਲਾ ਸੀ। ਰੈਡ-ਇੰਡੀਅਨ, ਜਿਹਨਾਂ ਨੂੰ ਨੇਟਵ ਆਖਦੇ ਹਨ। ਰੈਡ-ਇੰਡੀਅਨ, ਜਿਹੜੇ ਕੈਨੇਡਾ ਦੇਸ਼ ਦੇ ਅਸਲੀ ਮਾਲਕ ਹਨ ਤੇ ਜੀਹਨਾਂ ਦਾ ਗੋਰੇ ਮਾਲਕਾਂ ਨੇ ਤਕਰੀਬਨ ਬੀਨਾਸ ਹੀ ਕਰ ਦਿੱਤਾ ਸੀ। ਰੈਡ ਇੰਡੀਅਨ, ਜਿਹਨਾਂ ਬਾਰੇ ਮਹਾਨ ਪਾਬਲੋ ਨਰੂਦਾ ਇੰਜ ਆਖਦਾ ਹੈ:

"ਇੰਡੀਅਨਾਂ ਉਤੇ ਹਰ ਕਿਸਮ ਦੇ ਹਥਿਆਰ ਬੇਰਹਿਮੀ ਨਾਲ ਵਰਤੇ ਗਏ। ਉਹਨਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਅਤੇ ਉਹਨਾਂ ਦੇ ਪਿੰਡਾਂ ਦੇ ਪਿੰਡ ਲੂਹ ਸੁੱਟੇ। ਪਿੱਛੋਂ ਜ਼ਰਾ ਸਭਿਅਕ ਤਰੀਕਾ ਵਰਤਿਆ ਗਿਆ, ਜਿਸ ਨੂੰ ਸ਼ਰਾਬ ਤੇ ਕਾਨੂੰਨ ਦਾ ਰਿਸ਼ਤਾ ਆਖਿਆ ਜਾਂਦਾ ਹੈ। ਵਕੀਲ ਨੇ ਬੜੀ ਚਲਾਕੀ ਤੇ ਮੁਹਾਰਤ ਨਾਲ ਉਹਨਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰ ਦਿੱਤਾ, ਜੱਜ ਨੇ ਜ਼ਰਾ ਜਿੰਨਾ ਰੋਸ ਪ੍ਰਗਟ ਕਰਨ ਨਾਲ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ ਪਾਦਰੀ ਨੇ ਉਹਨਾਂ ਨੂੰ ਕੁੰਭੀ ਨਰਕ ਦੇ ਡਰਾਵਿਆਂ ਨਾਲ ਕੰਬਾ ਦਿੱਤਾ। ਅਖੀਰ ਇਹਨਾਂ ਬੇਰਹਿਮ ਭੂਤਾਂ ਨੇ ਇਸ ਬਹਾਦਰ, ਕਰਾਮਾਤੀ ਤੇ ਖੂਬਸੂਰਤੀ ਦੀ ਸਿਰਜਣਾ ਕਰਨ ਵਾਲੀ ਕੌਮ ਦਾ ਮਲੀਆਮੇਟ ਕਰ ਦਿੱਤਾ ...

— ਐਂਡ ਨੌਟ ਵੱਨ ਡੈਥ, ਬੱਟ ਮੈਨੀ ਕੇਮ ਟੂ ਟੀਚ!

ਇਹੀ ਕੁਝ ਆਰੀਆਂ ਨੇ ਕੀਤਾ ਸੀ ਜਿਹਨਾਂ ਨੂੰ ਹਿਟਲਰ ਨੇ ਮੁੜ ਸੁਰਜੀਤ ਕਰਕੇ ਵਿਖਾਇਆ। ਜਿਹਨਾਂ ਦੀ ਅਸਲੀ ਖ਼ੂਨ ਵਾਲੀ ਔਲਾਦ ਹੋਣ ਦਾ ਅਸੀਂ ਬੜਾ ਮਾਣ ਕਰਦੇ ਹਾਂ। ਇਹੀ ਕੌਸ਼ਲ ਰਾਜ ਸੈਂਕੜੇ ਕਬੀਲਿਆਂ ਦੇ ਕਤਲਾਂ ਉਤੇ ਉਸਾਰਿਆ ਗਿਆ ਸੀ, ਜਿਸ ਦੀ ਦੂਰਦਰਸ਼ਣ ਉਤੇ ਵਿਖਾਈ ਜਾ ਰਹੀ ਰਾਮਾਇਣ ਨੇ ਸਾਰਾ ਮੁਲਕ ਪਾਗਲ ਕੀਤਾ ਪਿਆ ਹੈ। ... ਜਹਾਲਤ ਦੀ ਕੋਈ ਸੀਮਾ ਨਹੀਂ ਹੁੰਦੀ।

— ਨਾ ਹੋ ਕਮੀਜ਼ ਤੋ ਪਾਉਂ ਸੇ ਪੇਟ ਢਕ ਲੇਂਗੇ,
ਯਿਹ ਲੋਗ ਕਿਤਨੇ ਮੁਨਾਸਿਬ ਹੈਂ, ਇਸ ਸਫਰ ਕੇ ਲੀਏ। ... ਦੁਸ਼ਯੰਤ

ਮੈਂ ਵੇਖਣਾ ਚਾਹੁੰਦਾ ਸਾਂ ਕਿ ਇਹਨਾਂ ਟੋਟਮ ਪੋਲਾਂ ਵਿਚ ਉਹਨਾਂ ਨੇ ਆਪਣੀਆਂ ਪੀੜਾਂ ਤੇ ਸੁਪਨਿਆਂ ਨੂੰ ਕਿਵੇਂ ਉਕਰਿਆ ਹੈ। ਮੁਹਿੰਦਰ ਨੇ ਇਹਨਾਂ ਬਾਰੇ ਆਪਣੀ ਇਕ ਨਜ਼ਮ ਸੁਣਾਈ ਅਤੇ ਮੈਨੂੰ ਦੱਸਿਆ ਕਿ ਸਰਕਾਰ ਨੇ ਇਹਨਾਂ ਨੂੰ ਪੈਨਸ਼ਨ ਲਾਈ ਹੋਈ ਹੈ ਤੇ ਇਹਨਾਂ ਲਈ ਕੁਝ ਖਾਸ ਇਲਾਕੇ ਵੀ ਰਾਖਵੇਂ ਰੱਖੇ ਹੋਏ ਹਨ। ਇਹ ਦਾਰੂ ਪੀ ਕੇ ਪਏ ਰਹਿੰਦੇ ਹਨ। ਇਹਨਾਂ ਦੇ ਜਿਹੜੇ ਇੱਕਾ-ਦੁੱਕਾ ਬੱਚੇ ਪੜ੍ਹ ਜਾਂਦੇ ਹਨ, ਉਹ ਗੋਰੇ-ਗੋਰੀਆਂ ਨਾਲ ਵਿਆਹ ਕਰਵਾ ਕੇ ਉਹਨਾਂ ਵਿਚ ਰੁਲ ਜਾਂਦੇ ਹਨ। ਮੈਂ ਭਾਰਤੀ ਫਿਲਾਸਫੀ ਪੜ੍ਹਦਿਆਂ ਕਬੀਲਾ ਪ੍ਰਬੰਧ ਤੋਂ ਬਹੁਤ ਪ੍ਰਭਾਵਿਤ ਹੋਇਆ ਸਾਂ। ਇੱਛਾ ਪ੍ਰਗਟ ਕੀਤੀ ਕਿ ਮੈਨੂੰ ਇਹਨਾਂ ਦਾ ਕੋਈ ਇਲਾਕਾ ਵਿਖਾਇਆ ਜਾਵੇ ਤੇ ਰਸਮਾਂ-ਰੀਤਾਂ ਵੀ। ਮੈਂ ਇਹ ਵੀ ਸੋਚਿਆ ਕਿ ਗੁਰਨਾਮ ਇਹਨਾਂ ਬਾਰੇ ਕੋਈ ਵਧੀਆ ਸਟੱਡੀ ਲਿਖੇ ਅਤੇ ਭੈਣ ਜੀ ਹਰਮਿੰਦਰ ਕਮਿਊਨਿਟੀ ਵਿਚ ਕੰਮ ਕਰਦੀ ਹੋਣ ਕਰਕੇ ਮੈਨੂੰ ਕਿਸੇ ਰੈਡ ਇੰਡੀਅਨ ਨਾਲ ਮਿਲਾਵੇ।

ਧੁੱਪ ਫਿਰ ਨਿਖਰ ਆਈ ਸੀ। ਮੁਹਿੰਦਰ ਸੂਮਲ ਨੇ ਉਂਗਲੀ ਦਾ ਇਸ਼ਾਰਾ ਕਰਕੇ ਮੈਨੂੰ ਉਹ ਸਮੁੰਦਰੀ ਥਾਂ ਵਿਖਾਈ ਜਿਥੇ ਮਈ 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਆ ਕੇ ਲੱਗਿਆ ਸੀ, ਜਿਹੜਾ ਸਾਡੇ ਜੁਝਾਰ ਇਤਿਹਾਸ ਦਾ ਇਕ ਸਦੀਵੀ ਪ੍ਰੇਰਣਾ-ਸਰੋਤ ਹੈ। ਮੈਂ ਹੱਥ ਜੋੜ ਉਸ ਥਾਂ ਨੂੰ ਪ੍ਰਣਾਮ ਕੀਤਾ।

ਫਿਰ ਇਸ਼ਾਰੇ ਨਾਲ ਮੁਹਿੰਦਰ ਨੇ ਸਮੁੰਦਰ ਵਿਚ ਬਣਿਆ, ਸਮੁੰਦਰੀ ਜਹਾਜ਼ ਦੀ ਸ਼ਕਲ ਵਰਗਾ ਹੋਟਲ ਵਿਖਾਇਆ, ਜਿਸ ਵਿਚ ਸ਼ਹਿਜ਼ਾਦੀ ਦਿਆਨਾ ਆ ਕੇ ਠਹਿਰੀ ਸੀ ਅਤੇ ਜਿਸ ਦਾ ਰਿਹਾਇਸ਼ੀ ਕਿਰਾਇਆ ਤਿੰਨ ਹਜ਼ਾਰ ਡਾਲਰ ਪ੍ਰਤੀ ਦਿਨ ਹੈ। ਖੈਰ, ਮੈਨੂੰ ਅਜਿਹੇ ਚਿੱਟੇ ਹਾਥੀਆਂ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ। ਕਾਮਾਗਾਟਾ ਮਾਰੂ ਦੇ ਸੂਰਮਿਆਂ ਨੂੰ ਪ੍ਰਣਾਪ ਕਰਕੇ ਅਸੀਂ ਉਥੋਂ ਗੁਰਨਾਮ ਹੋਰਾਂ ਦੇ ਘਰ ਆ ਗਏ, ਜਿਹੜਾ ਸਾਡਾ ਪੱਕਾ ਟਿਕਾਣਾ ਸੀ। ਅਸੀਂ ਮਹਿੰਦਰ-ਇਕਬਾਲ ਦਾ ਸ਼ੁਕਰੀਆ ਅਦਾ ਕੀਤਾ। ਇਕਬਾਲ ਨੇ ਤਾਂ ਛੁੱਟੀ ਵੀ ਸਾਡੀ ਖਾਤਰ ਲਈ ਸੀ

ਸ਼ਾਮ ਨੂੰ ਭਾਈ ਗੁਰਚਰਨ ਰਾਮਪੁਰੀ ਦੇ ਘਰ ਰੋਟੀ ਸੀ। ਰਾਮਪੁਰੀ ਦਾ ਘਰ ਬਹੁਤ ਸੋਹਣਾ ਸੀ ਤੇ ਸਭ ਤੋਂ ਸੋਹਣੇ ਸਨ ਉਸ ਦੇ ਮਾਤਾ ਜੀ! ਹਸੂੰ-ਹਸੂੰ ਕਰਦੀ ਇਕ ਮੂਰਤੀ! ਉਸ ਰਾਤ ਦੇ ਵਧੀਆ ਖਾਣੇ ਦਾ ਬਹੁਤਾ ਭਾਗ ਮਾਤਾ ਜੀ ਨੇ ਹੀ ਬਣਾਇਆ ਸੀ। ਉਹ ਫੰਕਸ਼ਨ ਤੇ ਵੀ ਆਏ ਸਨ। ਥੋੜ੍ਹਾ ਚਿਰ ਬੈਠਣ ਤੇ ਜਾਣ-ਪਛਾਣ ਤੋਂ ਬਾਦ ਰਾਮਪੁਰੀ ਆਖਣ ਲੱਗਿਆ ਕਿ ਨਜ਼ਦੀਕ ਹੀ ਇਕ ਪੁਲ-ਝੂਲਾ (ਹੈਂਗਿੰਗ ਬ੍ਰਿਜ) ਹੈ। ਬੜੀ ਰਮਣੀਕ ਥਾਂ ਹੈ। ਅਸੀਂ ਸਾਰੇ ਵੇਖਣ ਚਲੇ ਗਏ। ਮੀਂਹ ਪੈ ਰਿਹਾ ਸੀ। ਪੁਲ ਦੇ ਦੂਰ ਹੇਠਾਂ ਚਾਂਦੀ ਰੰਗੀ ਨਦੀ ਬੜੀ ਤੇਜ਼ ਵਹਿ ਰਹੀ ਸੀ। ਆਲੇ-ਦੁਆਲੇ ਉਚੇ ਦਰਖੱਤ ਤੇ ਜੰਗਲ ਹੀ ਜੰਗਲ। ਪੁਲ ਦੇ ਉਪਰ ਦੀ ਉਸ ਪਾਰ ਜਾਣ ਲੱਗੇ ਤਾਂ ਪੁਲ ਡੋਲ ਰਿਹਾ ਸੀ। ਪ੍ਰਕਾਸ਼ ਬਹੁਤ ਡਰ ਰਹੀ ਸੀ। ਗੁਰਨਾਮ ਨੇ ਆਖਿਆ ਕਿ ਤੁਸੀਂ ਤੁਰੋ ਮੈਂ ਪਿੱਛੇ-ਪਿੱਛੇ ਚਲਦਾ ਹਾਂ ਤੇ ਜੇ ਡਿੱਗਣ ਲੱਗੇ ਤਾਂ ਬਚਾ ਲਵਾਂਗਾ। ਫਿਕਰ ਨਾ ਕਰੋ। ਪ੍ਰਕਾਸ਼ ਨੂੰ ਸ਼ੁਰੂ ਤੋਂ ਹੀ ਅਜਿਹੀਆਂ ਚੀਜ਼ਾਂ ਤੋਂ ਡਰ ਲਗਦਾ ਹੈ। ਮੈਨੂੰ ਯਾਦ ਆਇਆ ਕਿ ਜਦੋਂ ਅਸੀਂ ਪਿੰਡ ਰਹਿੰਦੇ ਹੁੰਦੇ ਸਾਂ ਤਾਂ ਸਾਡੇ ਬਾਂਸ ਦੀ ਪੌੜੀ ਹੁੰਦੀ ਸੀ। ਸੌਣ-ਭਾਦੋਂ ਦੇ ਮਹੀਨੇ ਜਦੋਂ ਅੱਧੀ ਰਾਤੋਂ ਮੀਂਹ ਉਤਰਦਾ ਤਾਂ ਮੈਂ ਪਹਿਲਾਂ ਤਾਂ ਸਾਲ ਕੁ ਦੇ ਰਾਜੀਵ ਨੂੰ ਚੁੱਕ ਕੇ ਹੇਠਾਂ ਉਤਾਰਦਾ, ਫਿਰ ਪ੍ਰਕਾਸ਼ ਨੂੰ ਹੇਠਾਂ ਉਤਾਰਦਾ, ਫਿਰ ਬਿਸਤਰੇ ਹੇਠਾਂ ਸੁੱਟਦਾ ਤੇ ਆਖਰ ਵਿਚ ਆਪ ਉਤਰਦਾ ਸਾਂ। ਇਕ ਵਾਰ ਹਨੇਰੀ ਬਹੁਤ ਆਈ ਤੇ ਨਾਲ ਹੀ ਛੜਾਕੇ ਦਾ ਮੀਂਹ। ਰਾਜੀਵ ਤੇ ਪ੍ਰਕਾਸ਼ ਨੂੰ ਉਤਾਰਦਿਆਂ-ਉਤਾਰਦਿਆਂ ਮੈਨੂੰ ਕਾਫੀ ਦੇਰ ਲੱਗ ਗਈ ਤੇ ਉਤੋਂ ਹਨੇਰੀ ਰਾਤ! ਬਿਸਤਰੇ ਉਡ ਗਏ। ਦੂਜੀ ਸਵੇਰ ਪਿੰਡ ਦੀਆਂ ਚਾਚੀਆਂ-ਤਾਈਆਂ ਸਿਰਹਾਣੇ ਤਲਾਈਆਂ ਫੜਾਉਣ ਆਈਆਂ ਆਖਣ ਲੱਗੀਆਂ: "ਭਾਈ, ਰੂੜੀਆਂ 'ਤੇ ਪਏ ਸੀ। ਏਨੇ ਸੋਹਣੇ ਬਿਸਤਰੇ ਵੇਖ ਅਸੀਂ ਹਿਸਾਬ ਲਾ ਲਿਆ ਬਈ ਅੰਬਰਸਰਨੀ ਦੇ ਹੀ ਹੋਣਗੇ।"

ਤਸਵੀਰਾਂ ਖਿਚੀਆਂ ਤੇ ਘਰ ਆ ਗਏ। ਦਾਰੂ ਦਾ ਦੌਰ ਚਲਿਆ। ਮੈਂ ਪੀਂਦਾ ਨਹੀਂ ਤੇ ਗੁਰਨਾਮ ਤਾਂ ਬਿਲਕੁਲ ਹੀ ਨਹੀਂ ਪੀਂਦਾ; ਮੈਂ ਤਾਂ ਹਾਲੀਂ ਕਦੀ-ਕਦਾਈਂ ਵਾਈਨ ਦਾ ਗਲਾਸ ਪੀ ਹੀ ਲੈਂਦਾ ਹਾਂ। ਪਾਠਕਾਂ ਦੀ ਘਾਟ ਬਾਰੇ ਚਰਚਾ ਹੁੰਦੀ ਰਹੀ ਤੇ ਹੋਰ ਸਾਹਿਤਕ ਲਤੀਫੇਬਾਜ਼ੀ ਵੀ! ਅਮਰੀਕਾ ਤੋਂ ਇਕ ਨੌਜਵਾਨ ਲੇਖਕ ਜਸਪਾਲ ਸਿੰਘ ਸੂਸ ਆਇਆ ਹੋਇਆ ਸੀ। ਉਸ ਨੇ "ਅਮਰੀਕਾ ਦੀ ਚੋਣਵੀਂ ਪੰਜਾਬੀ ਕਹਾਣੀ" ਸੰਗ੍ਰਹਿ ਮੈਨੂੰ ਭੇਂਟ ਕੀਤਾ ਤੇ ਤਸਵੀਰਾਂ ਖਿਚਾਈਆਂ। ਰਾਤ ਕਾਫੀ ਹੋ ਚੁੱਕੀ ਸੀ। ਵਿਦਾਇਗੀ ਲੈਂਦਿਆਂ ਮੈਂ ਭਾਈ ਰਾਮਪੁਰੀ ਦੀ ਪਤਨੀ ਨੂੰ ਆਖਿਆ: "ਭੈਣ ਜੀ, ਹੁਣ ਤੁਹਾਡੀ ਕਬੀਲਦਾਰੀ ਤਕਰੀਬਨ ਨਿਬੜ ਗਈ ਐ। ਹੁਣ ਬਾਕੀ ਦੀ ਉਮਰ ਗੁਰਚਰਨ ਹੋਰਾਂ ਨੂੰ ਕਵਿਤਾ ਜੀਵਣ ਦੇਵੋ।"

ਉਹਨਾਂ ਨੇ ਹਾਂ ਕਰ ਦਿੱਤੀ ਅਤੇ ਮੈਂ ਇਸ ਆਸ ਨਾਲ ਖੁਸ਼-ਖੁਸ਼ ਆਇਆ ਕਿ ਹੁਣ ਇਹ ਹੰਢਿਆ ਹੋਇਆ ਸ਼ਾਇਰ ਕਿਸੇ ਵੱਡੇ ਐਪਿਕ ਦੀ ਸਿਰਜਣਾ ਕਰੇਗਾ। ਆਮੀਨ!

(ਚਲਦਾ)

## .ਗ਼ਜ਼ਲ

**ਦਲਬੀਰ ਚਿਹੇੜੂਵਾਲਾ**

ਸਾਥੋਂ ਦਿਲਦਾਰਾ, ਇੰਝ ਕਰ ਨਾ ਕਨਾਰਾ।
ਵੱਖ ਵੱਖ ਰਹਿ ਕੇ, ਕਿਵੇਂ ਹੋਵੇਗਾ ਗੁਜ਼ਾਰਾ।

ਤੇਰੇ ਮੂਹਰੇ ਸੋਹਣਿਆ, ਸਭ ਕੁਝ ਆਪਣਾ
ਬੈਠੀ ਹਾਂ ਫਰੋਲ ਮੈਂ ਤਾਂ ਪਾਕੇ ਖਲਾਰਾ।

ਭੁੱਲ ਪਾ ਕੇ ਕਸਮਾਂ, ਆਪੇ ਨ ਤੂੰ ਸੋਹਣਿਆ
ਮਾਰ ਨਾ ਵੇ ਧੱਕੇ ਸਾਨੂੰ ਦੇ ਕੇ ਸਹਾਰਾ।

ਇਹੋ ਜਿਹੀਆਂ ਗੱਲਾਂ ਕਰ ਦਿਲ ਨੂੰ ਜਾਲ ਵੇ
ਪਾ ਨਾ ਪਵਿੱਤਰ ਪ੍ਰੀਤ 'ਚ ਦਰਾਰਾਂ।

ਕੌਣ ਭਲਾ ਬਚਿਆ ਏ ਦੱਸ ਦਿਲ ਜਾਨੀਆਂ
ਇਸ਼ਕ ਦਾ ਰੋਗੀ ਬਣ ਆਸ਼ਿਕ ਵਿਚਾਰਾ।

ਦਰਦ ਵਿਛੋੜੇ ਵਾਲਾ ਡਾਢਾ 'ਦਲਬੀਰ' ਏ
ਛੱਡਦਾ ਨਹੀਂ ਫੱਕਾ ਪੀ ਲੈਂਦਾ ਰੱਤ ਸਾਰਾ।

## ਇਹ ਰੁੱਤ ਕਦ ਤਕ ਰਹਿਣੀ ?

**"ਜੀਵਨ" ਰਾਮਪੁਰੀ**

ਸਿਤਮ ਜ਼ਦਾ ਵਾਯੂ ਤੇ ਮੰਡਲ
ਸੂਹਕੇ ਦਿਓਂ, ਤਰਾਸੀਆਂ ਰਾਤਾਂ
ਸ਼ਬੀਆਂ, ਬੰਦੂਕਾਂ ਦੇ ਸਾਏ
ਰੱਤ ਮਾਸੂਮ ਕਦੋਂ ਤਕ ਬਹਿਣੀ ?
ਇਹ ਰੁੱਤ ......

ਇਕ ਇਕ ਕਰ ਢਹਿ ਢੇਰੀ ਹੋਏ:
ਫੁੱਲ, ਕਲੀ, ਚੰਬਾਂ, ਚੰਬੇਲੀ;
ਨਫਰਤ ਅਗਨ, ਬਾਰੂਦ ਹਕਾਰਤ
ਝੁਲਸੀ ਚਮਨ ਦੀ ਹਰਿ ਇਕ ਟਹਿਣੀ !
ਇਹ ਰੁੱਤ ....

ਪਿੰਡ, ਗਰਾਮ, ਨਗਰ ਤੇ ਸ਼ਹਿਰੀਂ
ਹਰ ਹਰਕਤ, ਹਾਸਾ ਮਸਨੂਈ;
ਥਾਂ ਥਾਂ ਚਰਚੇ ਰੁੱਤ ਦੇ ਜੋ ਹੈ
ਕਹਿਰ, ਕੁਕਰਮ, ਕੁਰੀਤ, ਕੁਲਿਹਣੀ।
ਇਹ ਰੁੱਤ ......

ਲੀਰੋ ਲੀਰ ਮੇਰੀ ਫੁਲਕਾਰੀ
ਚੀਰੋ ਚੀਰ ਹੈ ਰੂਹ ਤੇ ਚੇਤਨ
ਕਦ ਤਕ ਮੇਰੇ ਦੇਸ ਦੀ ਅਸਮਤ
ਜ਼ੋਰ ਧਿਗਾਣੇ ਗਿਰਵੀ ਰਹਿਣੀ !
ਇਹ ਰੁੱਤ .....

ਪਿਆਰ, ਮੁਹੱਬਤ ਅੱਧੋਰਾਣੀ
ਸਿਆਹ-ਸਤ ਇਹ ਉਲਝਾਈ ਤਾਣੀ
ਕਾਲੀ ਨਾਗਣ ਸਚ ਦੇ ਚਾਨਣ
ਕਦ ਤਕ ਡੰਗਦੀ ਰਹਿਣੀ ?

## ਦੇਸ਼ ਵਾਸੀਆਂ ਦੇ ਨਾਮ

**ਸਟੀਫਨ ਗਿੱਲ, ਓਨਟੇਰੀਓ**

ਮੇਰੇ ਹਮ ਵਤਨੋਂ
ਬੁਝਾ ਦਿਓ ਅੱਗਾਂ ਨਫਰਤਾਂ ਦੀਆਂ
ਛੱਡ ਦਿਓ ਹਥਿਆਰ ਦੁਸ਼ਮਣੀਆਂ ਦੇ
ਦਿੰਦਾ ਬਣਾ ਦਿਲਾਂ ਨੂੰ ਜਨੂੰਨ ਪੱਥਰ
ਜਵਾਨ ਜੋ ਤੇਰੇ ਖਜ਼ਾਨੇ ਨੇ
ਮੂੰਹ ਸ਼ਾਂਤੀ ਦਾ ਇਹਨਾਂ ਚੁੰਮਿਆ ਨਹੀਂ
ਮਾਸੂਮਾਂ ਨੂੰ ਕੀ ਇਹ ਹੀ ਵਿਰਸੇ ਵਿਚ ਮਿਲਣਾ ਹੈ ?
ਛੱਡ ਦਿਓ ਖੂਨ ਨਾਲ ਸਿੰਜੀਆਂ ਫਸਲਾਂ ਉਗਾਣਾ
ਚਲੋ ਅਜ ਸਭ ਨਾਲ ਹੱਥ ਮਿਲਾਈਏ
ਦਈਏ ਨਵੀਂ ਖਾਦ ਆਪਣੀ ਸੋਚ ਨੂੰ
ਅਨੇਕ ਮੁਲਕਾਂ ਨੇ ਅਜ ਮੰਨ ਲਿਆ ਹੈ
ਨਾਨਕ ਤੇ ਗਾਂਧੀ ਨੂੰ ਸਮਝ ਲਿਆ ਹੈ
ਨਹੀਂ ਤਰ ਸਕਦਾ ਅਮਨ ਖੂਨ ਦੀਆਂ ਲਹਿਰਾਂ ਤੇ
ਤੜਫਦੀ ਰੂਹ ਅਮਨ ਦੀ ਤੇਗ ਨਜ਼ਕੀ ਦੀਆਂ ਬਰਫਾਂ ਥੱਲੇ
ਰੋਂਦੇ ਨੇ ਪੈਗੰਬਰ ਸਾਰੇ ਸ਼ਰਮ ਨਾਲ ਅੱਖਾਂ ਝੁਕਾਈ
ਆਓ ਅੱਜ ਖੋਹਲੀਏ ਬੂਹੇ ਦਿਲਾਂ ਦੇ
ਏਕਤਾ ਲਈ ਕਰੀਏ ਕੁਝ ਵਿਚਾਰ
ਕੁਝ ਪਲ ਖੁਸ਼ਹਾਲੀ ਲਈ ਬਣਾਈਏ
ਕਰੀਏ ਇਨਸਾਨੀਅਤ ਨਾਲ ਪਿਆਰ
ਸੁਣੋ ਮੇਰੇ ਹਮ ਵਤਨੋਂ
ਮੇਰੀ ਪੁਕਾਰ।

# GLOBAL IMMIGRATION SERVICES



WE ARE PROVIDING ALL IMMIGRATION SERVICES.

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

PH. (604) 270-2100

---

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**

---

# MINT
# AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਸਿਆਸਤ ਵਿਚ ਬਹੁਤ ਕੁਝ ਨੰਗਾ ਹੋਇਆ ਤੇ ਬਹੁਤ ਕੁਝ ਢਕਿਆ ਪਿਆ ਹੈ

**ਐਕਸ ਐਮ. ਪੀ. ਤੇ ਨਵਾਂ ਜ਼ਮਾਨਾ ਦੇ ਮੁਖ ਸੰਪਾਦਕ ਜਗਜੀਤ ਸਿੰਘ ਆਨੰਦ ਨੇ ਬਰਤਾਨੀਆਂ ਦੀ ਫੇਰੀ ਤੋਂ ਵਾਪਸ ਮੁੜਦਿਆਂ ਭਾਰਤ ਭਰ ਦੀਆਂ ਅਹਿਮ ਘਟਨਾਵਾਂ ਬਾ ਟਿਪਣੀਆਂ ਕੀਤੀਆਂ**

? ਆਨੰਦ ਜੀ ਤੁਸੀਂ 50 ਦਿਨਾਂ ਪਿਛੋਂ ਇੰਗਲੈਂਡ ਤੋਂ ਜਾ ਰਹੇ ਹੋ, ਇਸ ਸਮੇਂ ਦੌਰਾਨ ਤੁਹਾਡੀ ਜਾਚੇ ਪੰਜਾਬ ਵਿਚ ਮੋਟੀਆਂ ਤਬਦੀਲੀਆਂ ਕੀ ਕੀ ਹੋਈਆਂ ਹਨ ਤੇ ਤੁਸੀਂ ਉਹਨਾਂ ਦਾ ਕੀ ਮੁੱਲ ਪਾਉਂਦੇ ਹੋ।

● ਇਕ ਤਬਦੀਲੀ ਇਹ ਹੋਈ ਹੈ ਕਿ ਅਕਾਲ ਤਖਤ ਵਿਚ ਇਕ ਪਾਸੇ ਰਾਗੀ ਦਰਸ਼ਨ ਸਿੰਘ ਵਾਪਸ ਆ ਗਏ ਹਨ ਤੇ ਦੂਜੇ ਪਾਸੇ ਭਾਈ ਜਸਬੀਰ ਸਿੰਘ ਰੋਡੇ ਰਿਹਾਅ ਹੋ ਗਏ ਹਨ ਤੇ ਜਥੇਦਾਰੀ ਉਤੇ ਆਪਣਾ ਹੱਕ ਜਿਤਲਾ ਰਹੇ ਹਨ। ਇਸ ਤਰ੍ਹਾਂ ਜਿਹੜੇ ਰਾਗੀ ਦਰਸ਼ਨ ਸਿੰਘ ਪਿਛਲੀ ਵਾਰ ਜੇਲ ਵਿਚ ਬੈਠੇ ਭਾਈ ਰੋਡੇ ਨੂੰ ਪੂਰਾ ਜਥੇਦਾਰ ਮੰਨ ਕੇ ਆਪ ਐਕਟਿੰਗ ਜਥੇਦਾਰ ਹੋਣ ਤੇ ਹੀ ਸੰਤੋਖ ਕਰਦੇ ਸਨ ਹੁਣ ਪੂਰੇ ਜਥੇਦਾਰ ਬਣ ਕੇ ਬੈਠ ਗਏ ਹਨ ਅਤੇ ਭਾਈ ਰੋਡੇ ਦੀ ਉਸ ਜਥੇਦਾਰੀ ਤੋਂ ਮੁਨਕਰ ਹੋ ਗਏ ਹਨ ਜਿਹੜੀ ਕਦੇ ਉਹ ਸਰਬਤ ਖਾਲਸੇ ਵਲੋਂ ਦਿੱਤੀ ਸਮਝ ਕੇ ਭਾਈ ਜਸਬੀਰ ਸਿੰਘ ਦੀ ਹੀ ਮੰਨ ਰਹੇ ਸਨ। ਜਥੇਦਾਰ ਹੋਣ ਦਾ ਹੱਕ ਭਾਈ ਮਾਨੋਚਾਹਲ ਨੇ ਵੀ ਨਹੀਂ ਛੱਡਿਆ। ਇਸ ਤਰ੍ਹਾਂ ਇਸ ਵੇਲੇ ਇਕੋ ਅਕਾਲ ਤਖਤ ਦੇ ਤਿੰਨ ਦਾਅਵੇਦਾਰ ਆਪਸ ਵਿਚ ਖਹਿਬੜ ਰਹੇ ਤੇ ਤਖਤ ਸਾਹਿਬ ਦੀ ਮਾਣ ਮਰਿਯਾਦਾ ਨੂੰ ਹਾਨੀ ਪੁਚਾ ਰਹੇ ਹਨ, ਜਿਹਨਾਂ ਹਾਲਾਤ ਵਿਚ ਰੋਡੇ ਸਾਹਿਬ ਰਿਹਾ ਹੋਏ ਹਨ ਤੇ ਜਿਵੇਂ ਲਾਈਸੈਂਸੀ ਹਥਿਆਰਾਂ ਬਿਨਾਂ ਬਾਹਰ ਆਉਣ ਦਾ ਹੀਆ ਨਹੀਂ ਕਰ ਸਕੇ ਅਤੇ ਜਿਵੇਂ ਰਾਗੀ ਸਾਹਿਬ ਆਪਣੇ ਇਸ ਐਲਾਨ ਨੂੰ ਪਿਠ ਦੇ ਕੇ ਦਰਬਾਰ ਸਾਹਿਬ ਪਹੁੰਚੇ ਹਨ ਕਿ ਅਖੌਤੀ ਸਰਕਾਰੀ ਕਬਜ਼ੇ ਦੇ ਹੁੰਦਿਆਂ ਉਹ ਅਕਾਲ ਤਖਤ ਦੀ ਜ਼ਿਮੇਂਵਾਰੀ ਨਹੀਂ ਸੰਭਾਲਣਗੇ ਇਹਨਾਂ ਦੋਵਾਂ ਨੂੰ ਹੌਲਿਆਂ ਕਰ ਦਿੱਤਾ ਹੈ। ਅਸੀਂ ਅਕਾਲ ਤਖਤ ਨੂੰ ਸਿਆਸੀ ਮਾਮਲਿਆਂ ਵਿਚ ਘਸੋੜਨ ਦੇ ਸ਼ੁਰੂ ਤੋਂ ਵਿਰੋਧੀ ਸਾਂ ਤੇ ਆਖਦੇ ਸਾਂ ਕਿ ਇਸ ਨਾਲ ਮਾਣਹਾਨੀ ਹੋਵੇਗੀ। ਹੁਣ ਨਤੀਜਾ ਸਭ ਦੇ ਸਾਹਮਣੇ ਹੈ।



ਜਗਜੀਤ ਸਿੰਘ ਆਨੰਦ

● ਦੂਜੀ ਤਬਦੀਲੀ ਇਹ ਹੈ ਕਿ ਜ਼ਿਆ ਸਾਹਿਬ ਅੱਲ੍ਹਾ ਨੂੰ ਪਿਆਰੇ ਹੋ ਗਏ ਹਨ ਉਹਨਾਂ ਦੇ ਹਵਾਈ ਹਾਦਸੇ ਨੂੰ ਭਾਰਤ ਅਫਗਾਨਿਸਤਾਨ ਜਾਂ ਰੂਸ ਦੇ ਸਿਰ ਮੜ੍ਹਨ ਦੇ ਯਤਨ ਅਸਫਲ ਰਹੇ ਹਨ। ਹੁਣ ਪਾਕਿਸਤਾਨੀ ਹਵਾਈ ਫੌਜ ਦੇ ਅਫਸਰ ਹੀ ਇਸ ਮਾਮਲੇ ਵਿਚ ਧਰ ਲਏ ਗਏ ਹਨ। ਤੇ ਉਹਨਾਂ ਦੀ ਗ੍ਰਿਫਤਾਰੀ ਉਪਰੰਤ ਹੀ ਸਾਰੀ ਗੱਲ ਬਾਰੇ ਪਾਕਿਸਤਾਨ ਦੀ ਸਰਕਾਰ ਗੁੰਮ ਸੁੰਮ ਹੋਈ ਬੈਠੀ,ਹੈ।

ਪਾਕਿਸਤਾਨ ਦੇ ਲੋਕਾਂ ਨੇ ਤਾਂ ਜ਼ਿਆ ਦੇ ਜਾਣ ਨਾਲ ਸੁਖ ਦਾ ਸਾਹ ਲਿਆ ਹੈ ਪਰ ਇੰਗਲੈਂਡ ਵਿਚਲੇ ਵੀ ਤੇ ਬਾਹਰਲੇ ਵੀ ਅਤਿਵਾਦੀਆਂ ਨੇ ਬੜੇ ਹੰਝੂ ਕੇਰੇ ਹਨ ਤੇ ਹੌਕੇ ਲਏ ਹਨ। "ਪੰਥਕ ਕਮੇਟੀ" ਦੇ ਐਲਾਨ ਬਿਆਨ ਵੀ ਅਤੇ ਜੁਝਾਰੂਆਂ ਵਾਲੇ ਇੰਗਲੈਂਡ ਦੇ ਗੁਰਦੁਆਰਿਆਂ ਵਿਚ ਪਾਏ ਗਏ ਭੋਗ ਵੀ ਇਸ ਦੀ ਗਵਾਹੀ ਦੇਂਦੇ ਹਨ। ਜੇ ਕੋਈ ਕਸਰ ਸੀ ਤਾਂ ਜੰਗ ਤੇ ਮਿਲਤ ਨੂੰ ਪਿਛੇ ਛੱਡ ਕੇ ਦੇਸ ਪ੍ਰਦੇਸ ਨੇ ਜਿਹੜਾ ਉਚੇਚਾ ਅੰਕ ਜ਼ਿਆ ਸਾਹਿਬ ਦੀ ਯਾਦ ਵਿਚ ਕੱਢਿਆ ਹੈ, ਉਸਨੇ ਪੂਰੀ ਕਰ ਦਿੱਤੀ ਹੈ।

ਜ਼ਿਆ ਸਾਹਿਬ ਦੇ ਜਾਣ ਨਾਲ ਉਹ ਮਾਮਾ ਤੁਰ ਗਿਆ ਹੈ ਜਿਸ ਦੀਆਂ ਬੀਰ ਬੱਲੀਆਂ ਉਤੇ ਅਤਿਵਾਦੀ ਭਣੇਵਾਂ ਬੜਕਦਾ ਸੀ। ਇਕ ਸਰੋਤ ਅਨੁਸਾਰ ਤਾਂ ਅਤਿਵਾਦ ਦੇ ਕੁਝ ਵੱਡੇ ਸਰਗਨਿਆਂ ਵਸਣ ਸਿੰਘ ਜ਼ਫਰਵਾਲ, ਸੁਖਦੇਵ ਸਿੰਘ ਬੱਬਰ, ਬਲਬੀਰ ਸਿੰਘ ਸੰਧੂ ਤੇ ਹੋਰਨਾਂ ਨੂੰ ਪਾਕਿਸਤਾਨ ਤੋਂ ਬਾਹਰ ਧੱਕ ਦਿੱਤਾ ਗਿਆ ਹੈ। ਇਹ ਖਬਰ ਭਾਵੇਂ ਸਹੀ ਸਿੱਧ ਨਾ ਹੋਵੇ ਤੇ ਹੁਣ ਦੇ ਹਾਕਮ ਵੀ ਜ਼ਿਆ ਵਾਲੀ ਨਿੰਦਣਯੋਗ ਪਾਲਸੀ ਜਾਰੀ ਰੱਖਣ ਦੇ ਯਤਨ ਕਰਨ ਪਰ ਗੱਲ ਪਹਿਲਾਂ ਵਾਲੀ ਨਹੀਂ ਬਨਣੀ। ਅਤਿਵਾਦੀਆਂ ਦਾ ਕਿਲਾ ਜੇ ਪੁਟਿਆ ਨਹੀਂ ਗਿਆ ਤਾਂ ਹਿਲ ਜ਼ਰੂਰ ਗਿਆ ਹੈ।

● ਤੀਜੀ ਤਬਦੀਲੀ ਇਹ ਹੋਈ ਹੈ ਕਿ ਬਲੈਕ ਥੰਡਰ ਤੋਂ ਪਿਛੋਂ ਸ਼ੁਰੂ ਹੋਏ ਅਤਿਵਾਦੀਆਂ ਦੀਆਂ ਉਤਲੀਆਂ ਸਫਾਂ ਦੇ ਸਫਾਏ ਦਾ ਅਮਲ ਹੋਰ ਅਗੇ ਵਧਿਆ ਹੈ। ਕਦੇ ਇਹ ਕੈਟੇਗਰੀ ਦੇ ਅਤਿਵਾਦੀ 37 ਹੁੰਦੇ ਸਨ ਹੁਣ ਮੁਸ਼ਕਲ ਨਾਲ ਸੱਤ ਹੋਣਗੇ ਤੇ ਉਹਨਾਂ ਵਿਚੋਂ ਵੀ ਬਹੁਤੇ ਜਾਣੇ ਜਾਂਦੇ ਮਾਨੋਚਾਹਲ, ਜ਼ਫਰਵਾਲਾ ਤੇ ਸੁਖਦੇਵ ਬੱਬਰ ਹੀ ਰਹਿ ਗਏ ਹਨ। ਆਪਣੇ ਆਪ ਵਿਚ ਇਹ ਤਬਦੀਲੀ ਅਤਿਵਾਦੀਆਂ ਦੇ ਨਿਘਾਰ ਦੀ ਸੂਚਕ ਹੈ। ਭਾਵੇਂ ਉਹਨਾਂ ਦੀ ਵਾਰਦਾਤਾਂ ਕਰਨ ਦੀ ਸ਼ਕਤੀ ਅਜੇ ਕਾਇਮ ਹੈ, ਇਹਨਾਂ ਵਿਚੋਂ ਸਭ ਤੋਂ ਝੰਜੋੜਨ ਵਾਲਾ ਦੁਖਾਂਤ ਸ੍ਰੀ ਹਿਤ ਅਭਿਲਾਸ਼ੀ ਦਾ ਕਤਲ ਹੈ। ਸਰਹੰਦ ਮੰਡੀ ਦਾ ਸਾਕਾ ਆਪਣੇ ਥਾਂ ਹੈ ਅਤੇ ਰੋੜੇ ਆਸਲ ਦਾ ਗੱਡੀ ਵਾਲਾ ਦੁਖਾਂਤ ਆਪਣੇ ਥਾਂ। ਬੇਦੋਸ਼ਿਆਂ ਨੂੰ ਅਚਨਚੇਤ ਵਾਰ ਕਰਕੇ ਮਾਰ ਦੇਣਾ, ਮਾੜਾ ਭਾਵੇਂ ਕਿੰਨਾ ਹੋਵੇ, ਔਖਾ ਨਹੀਂ ਤੇ ਇਹੋ ਕੁਝ ਸਰਹੰਦ ਮੰਡੀ ਵਿਚ ਹੋਇਆ। ਰੋੜੇ ਆਸਲ ਦੇ ਦੁਖਾਂਤ ਦੇ ਦੋ ਹਾਂ ਪੱਖੀ ਪਹਿਲੂ ਵੀ ਹਨ। ਇਕ ਸਿੱਖ ਮੁਸਾਫਰਾਂ ਨੇ ਉਸ ਵਿਚ ਹਿੰਦੂ ਮੁਸਾਫਰ ਬਚਾਏ ਦੂਜੇ ਰੇਲ ਗੱਡੀ ਨਾਲ ਚਲ ਰਹੀ ਰਖਿਆ ਪੁਲਸ ਨੇ ਪੁਜੀਸ਼ਨਾਂ ਲੈ ਕੇ ਮੁਕਾਬਲਾ ਕੀਤਾ। ਜਿਸ ਨਾਲ ਅਤਿਵਾਦੀ ਆਪਣੇ ਘਿਨਾਉਣੇ ਮਨਸੂਬੇ ਨੂੰ ਪੂਰੀ ਤਰ੍ਹਾਂ ਸਿਰੇ ਨਾ ਚਾੜ੍ਹ ਸਕੇ। ਪਰ ਰਾਜਧਾਨੀ ਚੰਡੀਗੜ੍ਹ ਵਿਚ ਇਕ ਸਿਆਸੀ ਪਾਰਟੀ ਦੇ ਸਿਰੇ ਦੇ ਲੀਡਰ ਨੂੰ ਦਿਨ ਦਿਹਾੜੇ ਗੋਲੀਆਂ ਨਾਲ ਦਾਹੜ ਦੇਣਾ ਅਤਿਵਾਦੀਆਂ ਦਾ ਚੁਣਿਆ ਨਿਸ਼ਾਨਾ ਪੂਰਾ ਕਰ ਸਕਣ ਦੀ ਸਮਰਥਾ ਨੂੰ ਦਰਸਾਉਂਦਾ ਹੈ ਤੇ ਇਸ ਲਈ ਵਧੇਰੇ ਮੱਥਾ ਚੁਕਾਉਣ ਵਾਲਾ ਹੈ।

● ਚੌਥੀ ਤਬਦੀਲੀ ਇਹ ਹੈ ਜਿਵੇਂ ਅਕਾਲ ਤਖਤ ਦੇ ਤਿੰਨ ਦਾਅਵੇਦਾਰ ਬਣੇ ਬੈਠੇ ਹਨ ਇਸੇ ਤਰ੍ਹਾਂ ਅਕਾਲੀ ਦਲ ਦੇ ਵੀ ਤਿੰਨ ਪ੍ਰਧਾਨ ਮੈਦਾਨ ਵਿਚ ਆ ਗਏ ਹਨ। ਲੌਂਗੋਵਾਲ ਦਲ ਦਾ ਸ: ਬਰਨਾਲਾ ਤਾਂ ਪਹਿਲਾਂ ਹੀ ਮੈਦਾਨ ਵਿਚ ਸੀ, ਹੁਣ ਇਕਤਰਤ ਅਕਾਲੀ ਦਲ ਜਿਹੜਾ ਪਹਿਲੇ ਦਿਨੋਂ ਹੀ ਖਿਚਧੂਹ ਦਾ ਸ਼ਿਕਾਰ ਰਿਹਾ ਹੈ, ਪੂਰੀ ਤਰ੍ਹਾਂ ਦੋ ਫਾੜ ਹੋ ਗਿਆ ਹੈ। ਇਕ ਪਾਸੇ ਰਾਗੀ ਦਰਸ਼ਨ ਸਿੰਘ ਦੀ ਸਾਬਕ ਜਥੇਦਾਰੀ ਦੇ ਦਿਨੀਂ ਉਸ ਵਲੋਂ ਥਾਪੇ ਸ. ਸਿਮਰਨਜੀਤ ਸਿੰਘ ਮਾਨ ਹਨ ਤੇ ਦੂਜੇ ਪਾਸੇ ਰਾਗੀ ਜੀ ਨੂੰ ਇਸ ਵਾਰ ਅਕਾਲ ਤਖਤ ਸੌਂਪਣ ਵਾਲਿਆਂ ਦੇ ਥਾਪੇ ਸ. ਜਗਦੇਵ ਸਿੰਘ ਤਲਵੰਡੀ ਹਨ, ਜਿਸ ਰਾਗੀ ਦਰਸ਼ਨ ਸਿੰਘ ਨੇ ਬਰਨਾਲਾ ਸਾਹਿਬ ਨੂੰ ਇਸ ਲਈ ਪੰਥ ਵਿਚੋਂ ਖਾਰਜ ਕਰ ਦਿੱਤਾ ਸੀ ਕਿ ਉਹਨਾਂ ਸਿਮਰਨਜੀਤ ਸਿੰਘ ਮਾਨ ਦੀ ਅਕਾਲ ਤਖਤ ਵਲੋਂ ਨਿਯੁਕਤੀ ਅਗੇ ਸਿਰ ਨਹੀਂ ਸੀ ਝੁਕਾਇਆ। ਉਹ ਰਾਗੀ ਦਰਸ਼ਨ ਸਿੰਘ ਹੁਣ ਆਪ ਸਿਮਰਨਜੀਤ ਸਿੰਘ ਦੀ ਥਾਂ ਤਲਵੰਡੀ ਸਾਹਿਬ ਦਾ ਸਾਥ ਦੇ ਰਹੇ ਹਨ ਪਰ ਇਕ ਗੱਲ ਚੰਗੀ ਹੋਈ ਹੈ ਕਿ ਤਲਵੰਡੀ ਸਾਹਿਬ ਨੂੰ ਹੁਣ ਪੰਚਮ ਪਾਤਸ਼ਾਹ ਦੀਆਂ ਸ਼ਾਂਤਮਈ ਦੀਆਂ ਰਵਾਇਤਾਂ ਚੇਤੇ ਆ ਗਈਆਂ ਹਨ। ਸਿੱਖੀ ਲਹਿਰ ਨੂੰ ਸ਼ਾਂਤਮਈ ਵਿਰਸੇ ਵਿਚ ਮਿਲੀ ਹੈ ਪੰਚਮ ਪਾਤਸ਼ਾਹ ਪਾਸੋਂ ਵੀ ਤੇ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਤੋਂ ਵੀ। ਅਕਾਲੀ ਲਹਿਰ ਆਪ ਸ਼ਾਂਤਮਈ ਸੰਗਰਾਮ ਦੀ ਸਿਖਰਲੀ ਮਿਸਾਲ ਸੀ। ਪਰ ਅਤਿਵਾਦੀਆਂ ਦੀਆਂ ਬੰਦੂਕਾਂ ਨੇ ਅਕਾਲੀ ਲੀਡਰ ਪਿਛਲੇ ਕੁਝ ਸਾਲਾਂ ਵਿਚ ਇੰਨੇ ਡੌਰ ਭੌਰ ਕਰ ਦਿੱਤੇ ਕਿ ਉਹਨਾਂ ਨੂੰ ਇਹ ਸਭ ਵਿਸਰ ਗਿਆ। ਹੁਣ ਅਪਰੇਸ਼ਨ ਬਲੈਕ ਥੰਡਰ ਨੇ ਕਿਉਂਕਿ ਦਰਬਾਰ ਸਾਹਿਬ ਦੁਆਲਿਓਂ ਅਤਿਵਾਦੀਆਂ ਦਾ ਕਬਜ਼ਾ ਤੋੜ ਦਿੱਤਾ ਹੈ ਅਤੇ ਉਹਨਾਂ ਨੂੰ ਪਿੱਛੇ ਹਟਣ ਲਈ ਮਜ਼ਬੂਰ ਕਰ ਦਿੱਤਾ ਹੈ ਇਸ ਲਈ ਅਕਾਲੀ ਲੀਡਰਾਂ ਨੂੰ ਵੀ ਸ਼ਾਂਤਮਈ ਦੀ ਗੱਲ ਕਰਨ ਜੋਗਾ ਸਾਹਸ ਹੋਇਆ ਹੈ। ਪਰ ਉਹਨਾਂ ਦੀ ਬਦਕਿਸਮਤੀ ਨੂੰ ਉਹਨਾਂ ਇਹ ਹੌਂਸਲਾ ਉਦੋਂ ਕੀਤਾ ਹੈ ਜਦੋਂ ਦੇਸ਼ ਦੀ ਸਿਆਸਤ ਵਿਚ ਉਹਨਾਂ ਦਾ ਵਜਨ ਬਹੁਤ ਘੱਟ ਗਿਆ ਹੈ ਕਦੇ ਵਿਰੋਧ ਦੀਆਂ ਕੁਲ ਹਿੰਦ ਪਾਰਟੀਆਂ ਉਹਨਾਂ ਦੇ ਪਿਛੇ ਫਿਰਦੀਆਂ ਸਨ, ਹੁਣ ਵਿਰੋਧੀ ਪਾਰਟੀਆਂ ਦੀਆਂ ਬੈਠਕਾਂ ਵਿਚ ਉਹਨਾਂ ਦੀ ਪੁਛ ਪ੍ਰਤੀਤ ਹੀ ਕੋਈ ਨਹੀਂ।

? ਆਨੰਦ ਜੀ, ਤੁਹਾਡੀ ਦੇਸ਼ ਤੋਂ ਗੈਰ ਹਾਜ਼ਰੀ ਦੇ ਦੌਰਾਨ ਭਾਰਤ ਭਰ ਦੀ ਪੱਧਰ ਉਤੇ ਉਘੀਆਂ ਘਟਨਾਵਾਂ ਕੀ ਵਾਪਰੀਆਂ ਹਨ।

● ਪਹਿਲੀ ਰਾਜੀਵ ਗਾਂਧੀ ਨੂੰ ਪਿਛੇ ਖਿਸਕਣਾ ਪਿਆ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਦੇਸ਼ ਦੀ ਸਰਕਾਰ ਨੇ ਕੋਈ ਬਿੱਲ ਪਾਰਲੀਮੈਂਟ ਦੇ ਇਕ ਹਾਊਸ ਤੋਂ ਪਾਸ ਕਰਵਾ ਲਿਆ ਹੋਵੇ ਪਰ ਦੂਜੇ ਹਾਊਸ ਵਿਚ ਪੇਸ਼ ਕਰਨੋਂ ਉਹ ਭੱਜ ਖਲੋਤੀ ਹੋਵੇ ਤੇ ਅੰਤ ਨੂੰ ਉਸ ਨੂੰ ਪਧਰੇ ਵਾਪਸ ਲੈਣ ਲਈ ਮਜ਼ਬੂਰ ਹੋ ਜਾਵੇ।

ਮਾਨਹਾਨੀ ਬਿਲ ਬਾਰੇ ਰਾਜੀਵ ਗਾਂਧੀ ਨੂੰ ਜਿਸ ਕਿਸੇ ਵੀ ਸਲਾਹ ਦਿੱਤੀ ਜਾਂ ਉਹ ਮੂਰਖ ਸੀ ਜਾਂ ਪ੍ਰਧਾਨ ਮੰਤਰੀ ਨੂੰ ਮੂਰਖ ਬਨਾਉਣਾ ਚਾਹੁੰਦਾ ਸੀ ਇਸ ਬਿਲ

→


## 2,000 ਨੌਕਰੀਆਂ ਪਾਈਪਲਾਈਨ ਵਿਚ ਹਨ



ਜਦੋਂ 2,000 ਬੀ. ਸੀ. ਨਿਵਾਸੀ ਅਗਲੇ ਸਾਲ ਦੇ ਸ਼ੁਰੂ ਵਿਚ ਵੈਨਕੂਵਰ ਆਈਲੈਂਡ ਕੁਦਰਤੀ ਗੈਸ ਪਾਈਪਲਾਈਨ ਉਤੇ ਕੰਮ ਕਰਨਾ ਸ਼ੁਰੂ ਕਰਨਗੇ, ਤਾਂ ਆਈਲੈਂਡ ਤੇ ਸੈਲਟ ਪੈਨਿਨਸੁਲਾ ਦੇ ਰਹਿਣ ਵਾਲਿਆਂ ਲਈ 24 ਮਹੀਨੇ ਅੰਦਰ ਊਰਜਾ ਦੀ ਬੱਚਤ ਦੀ ਗਰੰਟੀ ਹੋ ਜਾਵੇਗੀ। ਬਿਜਲੀ ਜਾਂ ਤੇਲ ਦੇ ਖਰਚ ਨਾਲੋਂ ਕੁਦਰਤੀ ਗੈਸ ਵਰਤਣ ਨਾਲ ਘੱਟ ਖਰਚ ਪੈਂਦਾ ਹੈ — ਤੇ ਇਸ ਸਾਧਨ ਦੀ ਬੀ. ਸੀ. ਬਹੁਤਾਤ ਹੈ। ਘਰਾਂ 'ਚ ਹੀਟਿੰਗ ਦਾ ਖਰਚ ਘਟੇਗਾ ਤੇ ਵਾਤਾਵਰਣ ਵੀ ਠੀਕ ਰਹੇਗਾ।

ਨਵੇਂ ਵਪਾਰਾਂ ਦਾ ਨਿਰਭਰ ਵੀ ਊਰਜਾ ਤੇ ਹੀ ਹੋਵੇਗਾ। ਪਾਈਪਲਾਈਨ ਬਣਨ ਨਾਲ ਵੈਨਕੂਵਰ ਆਈਲੈਂਡ ਅਤੇ ਸੰਨਸ਼ਾਈਨ ਕੋਸਟ ਉਤੇ ਨਵੀਂ ਦਸਤਕਾਰੀ ਤੇ ਨਵੇਂ ਕੰਮ ਹੋਣਗੇ ਤੇ ਲੱਗੀ ਦਸਤਕਾਰੀ ਹੋਰ ਵਧੀਆ ਹੋਵੇਗੀ। ਉਤਰੀ ਪੂਰਬੀ ਬੀ. ਸੀ. ਦੇ ਗੈਸ ਭੰਡਾਰਾਂ ਵਿਚ ਖੋਜ ਵਧੇਗੀ ਤੇ ਤਰੱਕੀ ਹੋਵੇਗੀ ਜਿਸ ਨਾਲ ਗੈਸ ਦੀ ਵਿਕਰੀ ਵਿਚ 10 ਤੋਂ 15 ਪ੍ਰਤੀਸ਼ਤ ਵਾਧਾ ਹੋਵੇਗਾ।

ਗੈਸ ਨਾਲ ਹਵਾਈ ਗੰਦਗੀ ਘਟੇਗੀ। ਗੈਸ ਵਿਚ ਤੇਲ ਨਾਲੋਂ 50 ਪ੍ਰਤੀਸ਼ਤ ਘੱਟ ਤੇਜ਼ਾਬੀ ਬਰਖਾ ਹੁੰਦੀ ਹੈ ਤੇ 90 ਪ੍ਰਤੀਸ਼ਤ ਘੱਟ ਧੂੜ ਤੇ ਕਣ ਹੁੰਦੇ ਹਨ।

ਬੀ. ਸੀ. ਦੀ ਵਧ ਰਹੀ ਆਰਥਿਕਤਾ ਬਾਰੇ ਹੋਰ ਜਾਣਕਾਰੀ ਲਈ ਆਪਣੇ ਐਮ. ਐਲ. ਏ. ਨੂੰ ਮਿਲੋ, ਨੇੜੇ ਦੇ ਸਰਕਾਰੀ ਏਜੰਟ ਨਾਲ ਗੱਲ ਕਰੋ ਜਾਂ ਮਨਿਸਟਰੀ ਆਫ ਰੀਜਨਲ ਡੀਵੈਲਪਮੈਂਟ, ਪਾਰਲੀਮੈਂਟ ਬਿਲਡਿੰਗਜ਼, ਵਿਕਟੋਰੀਆ V8V 1X4 ਨੂੰ ਲਿਖੋ।

*Challenging the 90's*

Together. A Better B.C.

- ਇਕ ਮੋਟਾ ਆਦਮੀ ਪੰਜਵੀਂ ਮੰਜ਼ਲ ਤੋਂ ਡਿਗ ਪਿਆ । ਥਲੇ ਚਾਰ ਵਿਅਕਤੀ ਖੜੇ ਹਨ ਉਹ ਉਹਨਾਂ ਦੇ ਉਤੇ ਹੀ ਜਾ ਕੇ ਡਿਗਦਾ ਹੈ । ਜਦੋਂ ਉਹਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ ਤਾਂ ਉਹਨੂੰ ਹੋਸ਼ ਆ ਜਾਂਦੀ ਹੈ ਤੇ ਡਾਕਟਰ ਨੂੰ ਪੁਛਦਾ ਹੈ-ਕੀ ਮੈਂ ਜੀਂਦਾ ਹਾਂ ਅਜੇ ?

  ਡਾਕਟਰ-ਤੂੰ ਤਾਂ ਜੀਂਦਾ ਹੈ ਪਰ ਤੇਰੇ ਥਲੇ ਆ ਕੇ ਚਾਰ ਆਦਮੀ ਮਰ ਗਏ ਹਨ।'

- ਫੈਮਿਲੀ ਡਾਕਟਰ ਨੇ ਆਪਣੇ ਰੋਗੀ ਨੂੰ ਕਿਹਾ-ਮੈਂ ਤਾਂ ਸਿਰਫ ਇਲਾਜ ਕਰਦਾ ਹਾਂ ਠੀਕ ਤਾਂ ਭਗਵਾਨ ਹੀ ਕਰਨ ਵਾਲਾ ਹੈ।'

  ਤੁਹਾਡੇ ਇਲਾਜ ਵਾਸਤੇ ਧੰਨਵਾਦ ਦੇ ਰਿਹਾ ਹਾਂ' ਰੋਗੀ ਨੇ ਮੁਸਕਰਾ ਕੇ ਕਿਹਾ-ਬਿਲ ਦੀ ਰਕਮ ਦਾ ਮੈਂ ਮੰਦਰ ਪ੍ਰਸ਼ਾਦ ਚੜਾ ਦੇਵਾਂਗਾ ।


**MORTGAGE MONEY?**

High mortgage amounts available on conventional basis
No insurance fees!
Purchasing or re-financing

**Bad credit rating? Turn Down?**

**NO PROBLEM**

Residential, Commercial, Motels & Interim financing.
**1st & 2nd Mortgages**

1 & 2nd Mortgage up to 85-90%

**AFRO-CANADIAN MORTGAGE LTD.**

*8 YEARS EXPERIENCE*
**SHERALI VELJI**
Monday to Friday 9.30 to 5.30
Saturday 11-4

**Ph. 433-6391**
Ste. 300-3665 Kingsway Vancouver, B.C
Res: 433-7975



**Non-smokers pay less** for insurance.


Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Ph. Off. 430-0455
Ph. Res. 433-1684

Suite 1206,
4330 Kingsway,
urnaby, B.C.

SunLife OF CANADA

Get your life in shape.



AUTOPAC
PROTECTING MANITOBANS ON THE MOVE

**Dorion Insurance Agency**

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ **ਡੋਰੀਅਨ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ
- ਵਿਉਪਾਰ
- ਕਾਰ ਤੇ ਟਰੱਕ
- ਜੀਵਨ ਬੀਮਾ
- ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
- ਬੀਮਾਰ ਹੋ ਜਾਣ ਤੇ ।
- ਆਟੋ ਪੈਕ ਰੀਨੀਊ ਕਰਾਉਣ ਲਈ
- ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061

**AJANTA TRAVELS**

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**


Kulwant S. Brar
Manager & Owner




ਨਿਰਮਲ ਸਿੰਘ ਧਾਲੀਵਾਲ

**Thinking of Buying or Selling**

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

***For The Best Selection & 100% Satisfaction***

**NIRMAL (Neil) DHALIWAL**

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

**WORKING 100% FOR YOU**



LAKEVIEW REALTY LTD.
10732 KING GEORGE HWY., SURREY, B.C. V3T 2X7



**WHEATON** PONTIAC BUICK GMC LTD.

GM Canada


Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ ।

**SPECIAL PRICE ON NEW ACADIAN, FINANCE AVAILABLE - 8.8% LIMITED TIME**



**Bus: 526-2781 Res: 524-4137 Pager 687- 7711 #7610**

**325—12th St., New Westminster, B.C.**

# ਬਿਦਰ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ ਤਾਂ ਪੰਜਾਬ 'ਚ ਬੁਰਾ ਅਸਰ ਪਵੇਗਾ — ਬਰਾੜ

ਨਵੀਂ ਦਿੱਲੀ — "ਪੰਜਾਬ ਵਿਚ ਬਲ ਰਹੀ ਹਿੰਸਾ ਦੀ ਅੱਗ ਵਿਚ ਬਿਦਰ ਦੀ ਘਟਨਾ ਤੇਲ ਦਾ ਕੰਮ ਕਰੇਗੀ ਅਤੇ ਜੇ ਬਿਦਰ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ ਗਈ ਤਾਂ ਪੰਜਾਬ ਦੀ ਸਥਿਤੀ ਉਪਰ ਬਹੁਤ ਬੁਰਾ ਅਸਰ ਪਏਗਾ।" ਸ੍ਰੀ ਜਗਮੀਤ ਸਿੰਘ ਬਰਾੜ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਨੇ ਇਥੇ ਇਕ ਮੁਲਾਕਾਤ ਵਿਚ ਇਹ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ, ਵਿਸ਼ੇਸ਼ ਕਰਕੇ ਸਿੱਖ ਅਜੇ ਨਵੰਬਰ 84 ਦੇ ਫਸਾਦਾਂ ਦੀ ਗੱਲ ਨਹੀਂ ਭੁੱਲੇ। ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਉਹ ਸਮਝਦੇ ਹਨ ਕਿ ਨਵੰਬਰ 84 ਦੇ ਸਿੱਖ-ਵਿਰੋਧੀ ਫਸਾਦਾਂ ਦੇ ਦੋਸ਼ੀਆਂ ਵਿਰੁਧ ਕਾਨੂੰਨੀ ਕਾਰਵਾਈ ਕਰਕੇ, ਉਨ੍ਹਾਂ ਫਸਾਦਾਂ ਦੇ ਪੀੜਤਾਂ ਦੇ ਜ਼ਖਮਾਂ ਉਪਰ ਮੱਲ੍ਹਮ ਪੱਟੀ ਲਾਈ ਜਾਣੀ ਬਹੁਤ ਜ਼ਰੂਰੀ ਹੈ ਅਤੇ ਇਸ ਪਾਸੇ ਉਹ ਪ੍ਰਧਾਨ ਮੰਤਰੀ ਦਾ ਧਿਆਨ ਵੀ ਦੁਆ ਚੁੱਕੇ ਹਨ। ਉਨ੍ਹਾਂ ਵਿਸ਼ਵਾਸ਼ ਪ੍ਰਗਟ ਕੀਤਾ ਕਿ ਨਵੰਬਰ 84 ਦੇ ਫਸਾਦਾਂ ਦੇ ਦੋਸ਼ੀਆਂ ਵਿਰੁਧ ਵੀ ਜ਼ਰੂਰ ਕਾਰਵਾਈ ਹੋਵੇਗੀ।

ਸ੍ਰੀ ਬਰਾੜ ਨੇ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਸਮੁੱਚੇ ਦੇਸ਼ ਵਿਚ ਵਿਦਿਆ ਦਾ ਵਪਾਰੀਕਰਣ ਹੋ ਗਿਆ ਹੈ ਅਤੇ ਜਗ੍ਹਾ ਜਗ੍ਹਾ ਅਜਿਹੀਆਂ ਦੁਕਾਨਾਂ ਖੁਲ੍ਹ ਗਈਆਂ ਹਨ, ਜਿਥੇ ਵਿਦਿਆ ਦੀ ਖੁੱਲੇਆਮ ਨਿਲਾਮੀ ਕੀਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਕੇਵਲ ਬਿਦਰ ਦਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਹੀ ਅਜਿਹਾ ਨਹੀਂ ਸਗੋਂ ਦੇਸ਼ ਦੇ ਹਰ ਹਿੱਸੇ ਵਿਚ ਅਜਿਹੀਆਂ ਦੁਕਾਨਾਂ ਹਨ, ਜਿਥੇ 'ਡੋਨੇਸ਼ਨ' ਦੇ ਨਾਂ 'ਤੇ ਹਜ਼ਾਰਾਂ ਤੋਂ ਲੈ ਕੇ ਲੱਖਾਂ ਰੁਪਏ ਤੱਕ ਦਾਖਲੇ ਲਈ ਲਏ ਜਾਂਦੇ ਹਨ, ਜਿਸ ਨੂੰ ਦੂਜੇ ਸ਼ਬਦਾਂ ਵਿਚ 'ਰਿਸ਼ਵਤ' ਕਿਹਾ ਜਾ ਸਕਦਾ ਹੈ। ਉਨ੍ਹਾਂ ਇਕ ਸੁਆਲ ਦੇ ਜਵਾਬ ਵਿਚ ਆਖਿਆ ਕਿ ਜੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਦੇ ਦਿਲਾਂ ਵਿਚ ਜਾਨ-ਮਾਲ ਦੀ ਸੁਰੱਖਿਆ ਦਾ ਵਿਸ਼ਵਾਸ ਪੈਦਾ ਕਰਕੇ ਬਿਦਰ ਵਿਖੇ ਵਿਦਿਆ ਪ੍ਰਾਪਤੀ ਲਈ ਭੇਜਿਆ ਜਾਣਾ ਸੰਭਵ ਨਾ ਹੋਵੇ ਤਾਂ ਉਨ੍ਹਾਂ ਨੂੰ ਉਤਰ ਭਾਰਤ ਦੇ ਵੱਖ ਵੱਖ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲਾ ਦਿੱਤਾ ਜਾਣਾ ਚਾਹੀਦਾ ਹੈ।

# ਪੁਲਸ ਅਫਸਰ ਪੰਜਾਬੀ ਸਿਖਣਗੇ

## ਤਜਰਬਾ ਸਾਊਥਾਲ ਤੋਂ ਸ਼ੁਰੂ ਹੋਵੇਗਾ

ਸਾਊਥਾਲ — ਪੁਲਸ ਲਈ ਇਥੇ ਪੰਜਾਬੀ ਭਾਸ਼ਾ ਬੋਲਣ ਅਤੇ ਸਮਝ ਸਕਣ ਦਾ ਇਕ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਤਾਂ ਜੋ ਪੁਲਸ ਨੂੰ ਇਥੋਂ ਦੀਆਂ ਹਿੰਸਕ ਵਾਰਦਾਤਾਂ ਅਤੇ ਭਾਰਤੀ ਖਾਸ ਕਰਕੇ ਪੰਜਾਬੀ ਵਸੋਂ ਦੇ ਮਾਮਲਿਆਂ ਨਾਲ ਨਿਪਟਣ ਵਿਚ ਆਸਾਨੀ ਰਹੇ। ਪੁਲਸ ਅਧਿਕਾਰੀ ਦਾ ਕਹਿਣਾ ਹੈ ਕਿ ਜੇਕਰ ਇਹ ਤਜਰਬਾ ਸਫਲ ਰਿਹਾ ਅਤੇ ਇਥੇ ਸ਼ੁਰੂ ਕੀਤੇ ਜਾਣ ਵਾਲੇ ਪੰਜਾਬੀ ਕੋਰਸ ਨਾਲ ਪੁਲਸ ਅਫੀਸਰਾਂ ਦੀਆਂ ਜ਼ੁਬਾਨ ਵਿਚ ਮੁਸ਼ਕਲਾਂ ਦੂਰ ਹੋ ਗਈਆਂ ਤਾਂ ਇਹ ਤਜਰਬਾ ਹੋਰ ਥਾਵਾਂ ਉਤੇ ਵੀ ਲਾਗੂ ਹੋਵੇਗਾ। ਦੱਸਿਆ ਗਿਆ ਹੈ ਕਿ ਗੋਰੇ ਪੁਲਸ ਅਫੀਸਰਾਂ ਵਿਚ ਪੰਜਾਬੀ ਸਿਖਣ ਲਈ ਕਾਫੀ ਉਤਸ਼ਾਹ ਹੈ।

# ਬਹੁ-ਸਭਿਆਚਾਰਕ ਐਕਟ - ਬਿਲ ਸੀ-93

**ਗੁਰਨਾਮ ਸਿੰਘ ਸੰਘੇੜਾ**

ਇਹ ਐਕਟ 12 ਜੁਲਾਈ 1988 ਨੂੰ ਪਾਸ ਹੋਇਆ। ਕਾਨੂੰਨ ਦੀ ਭੂਮਿਕਾ ਤੋਂ ਪਹਿਲਾਂ ਦਰਜ ਹੈ ਕਿ ਇਹ ਕਾਨੂੰਨ ਕੈਨੇਡਾ ਵਿਚ ਬਹੁ-ਸਭਿਆਚਾਰ ਨੂੰ ਵਧਾਉਣ ਅਤੇ ਕਾਇਮ ਰੱਖਣ ਲਈ ਹੈ। ਇਸ ਦੇ ਸੈਕਸ਼ਨ ਤਿੰਨ ਤੇ ਸਬ ਕਲਾਜ਼ 'ੳ' ਵਿਚ ਲਿਖਿਆ ਗਿਆ ਹੈ ਕਿ "ਇਹ ਐਲਾਨ ਕੀਤਾ ਜਾਂਦਾ ਹੈ ਕਿ ਕੈਨੇਡੀਅਨ ਸਰਕਾਰ ਦੀ ਨੀਤੀ ਇਸ ਗਲ (ਸਮਝ) ਨੂੰ ਮੰਨਦੀ ਤੇ ਅੱਗੇ ਵਧਾਉਂਦੀ ਹੈ ਕਿ ਬਹੁ-ਸਭਿਆਚਾਰ ਕੈਨੇਡੀਅਨ ਵਿਰਸੇ ਅਤੇ ਹੋਂਦ ਦਾ ਬੁਨਿਆਦੀ ਖਾਸਾ ਹੈ ਅਤੇ ਕੈਨੇਡਾ ਦੇ ਭਵਿਖ ਨੂੰ ਘੜਨ ਲਈ ਅਤੀ ਕੀਮਤੀ ਸਾਧਨ ਪ੍ਰਦਾਨ ਕਰਦਾ ਹੈ।" ਇਹ ਮਨੌਤ ਤਾਂ ਠੀਕ ਹੈ ਪਰ ਵੇਖਣਾ ਹੈ ਕਿ ਅਮਲ ਵਿਚ ਇਉਂ ਮੰਨਿਆ ਜਾਂਦਾ ਹੈ ਕਿ ਨਹੀਂ। ਇਸ ਵਾਰੇ ਇਹ ਆਖਿਆ ਜਾਂਦਾ ਹੈ ਕਿ ਫੈਡਰਲ ਅਦਾਰੇ ਬਹੁ-ਸਭਿਆਚਾਰ ਦੀ ਨੀਤੀ ਨੂੰ ਲਾਗੂ ਕਰੇ, ਨਸਲਵਾਦ ਨੂੰ ਭਾਂਜ ਦੇਵੇ, ਬਹੁ-ਸਭਿਆਚਾਰਕ ਪ੍ਰੋਗਰਾਮਾਂ ਦਾ ਆਧਾਰ ਬਣੇ, ਵਜ਼ੀਰ ਇਸ ਦੀ ਵਕਾਲਤ ਕਰੇ ਅਤੇ ਪਾਰਲੀਮੈਂਟ ਅੱਗੇ ਜਵਾਬਦੇਹ ਹੋਵੇ।

ਇਸ ਕਾਨੂੰਨ ਦੀ ਭੂਮਿਕਾ ਕਾਫੀ ਲੰਮੀ ਹੈ। ਇਸ ਭੂਮਿਕਾ ਵਿਚ ਕੈਨੇਡੀਅਨ ਵਿਧਾਨ ਵਲੋਂ ਬਿਨਾਂ ਕਿਸੇ ਭੀ ਵਿਤਕਰੇ ਦੇ ਕਾਨੂੰਨ ਦੇ ਅਧੀਨ ਅਤੇ ਕਾਨੂੰਨ ਦੇ ਸਾਹਮਣੇ ਬਰਾਬਰੀ ਤੇ ਬਹੁ-ਸਭਿਆਚਾਰਕ ਵਿਰਸੇ ਨੂੰ ਵਧਾਉਣ ਤੇ ਕਾਇਮ ਰੱਖਣ ਦੀ ਬਚਨਬੱਧਤਾ ਵਾਰੇ ਲਿਖਿਆ ਹੈ। ਆਦੀਵਾਸੀਆਂ ਦੇ ਕਾਨੂੰਨੀ ਹੱਕਾਂ ਦੀ ਗੱਲ ਕੀਤੀ ਹੈ। ਸਰਕਾਰੀ ਦੋ ਜ਼ਬਾਨਾਂ (ਅੰਗਰੇਜ਼ੀ ਤੇ ਫਰਾਂਸੀਸੀ) ਵਾਰੇ ਦਰਜ ਹੈ ਭਾਵ ਇਹ ਹੈ ਕਿ ਨਾਗਰਿਕਤਾ ਐਕਟ ਅਤੇ ਸਰਕਾਰੀ ਜ਼ਬਾਨਾਂ ਦੇ ਐਕਟ ਵਾਂਗ ਇਹ ਬਹੁ-ਸਭਿਆਚਾਰਕ ਐਕਟ ਭੀ ਕੈਨੇਡੀਅਨ ਹੋਂਦ ਦੀ ਭਾਵਨਾ ਵਧਾਉਣ ਵਿਚ ਸਹਾਈ ਹੋਣਾ ਦੱਸਿਆ ਜਾਂਦਾ ਹੈ ਕੈਨੇਡੀਅਨ ਹਿਊਮਨ ਰਾਈਟਸ ਕਾਨੂੰਨ ਅਤੇ ਨਸਲਵਾਦ ਵਿਰੁਧ ਅੰਤਰ-ਰਾਸ਼ਟਰੀ ਅਸੂਲਾਂ ਦੀ ਮਾਣਤਾ ਵਾਰੇ ਵਰਨਣ ਹੈ।

ਫਿਰ ਸੈਕਸ਼ਨ ਦੋ ਵਿਚ ਉਹਨਾਂ ਫੈਡਰਲ ਅਦਾਰਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਹਨਾਂ ਉਪਰ ਇਸ ਨੀਤੀ ਦਾ ਅਸਰ ਹੋਵੇਗਾ। ਸੈਕਸ਼ਨ ਤਿੰਨ ਵਿਚ ਫੈਡਰਲ ਸਰਕਾਰ ਦੀ ਬਹੁ-ਸਭਿਆਚਾਰਕ ਨੀਤੀ ਜੋ ਕੈਨੇਡੀਅਨ ਸਮਾਜ ਦੇ ਬੁਨਿਆਦੀ ਖਾਸੇ ਭਾਵ ਬਹੁ-ਸਭਿਆਚਾਰਕ ਅਤੇ ਬਹੁ-ਨਸਲੀ ਭਿੰਨਤਾ ਨੂੰ ਦਰਸਾਉਂਦੀ ਹੈ। ਵੱਖੋ ਵੱਖਰੇ ਵਿਅਕਤੀਆਂ ਅਤੇ ਕਮਿਊਨਿਟੀਆਂ ਪੂਰਾ ਹਿੱਸਾ ਲੈਣ, ਬਰਾਬਰੀ ਪ੍ਰਾਪਤ ਕਰਨ, ਆਪਸੀ ਪ੍ਰਸਪਰ ਸੰਬੰਧਾਂ ਨੂੰ ਵਧਾਉਣ ਅਤੇ ਆਪਣੇ ਵਿਰਸੇ ਨੂੰ ਕਾਇਮ ਰੱਖਣ ਲਈ ਆਖਦਾ ਹੈ। ਸੈਕਸ਼ਨ ਤਿੰਨ ਦਾ ਸਬ-ਸੈਕਸ਼ਨ ਦੋ ਐਲਾਨ ਕਰਦਾ ਹੈ ਕਿ ਸਾਰੇ ਫੈਡਰਲ ਅਦਾਰਿਆਂ ਨੂੰ ਬਹੁ-ਸਭਿਆਚਾਰ ਅਤੇ ਕਮਿਊਨਿਟੀਆਂ ਲਈ ਨੀਤੀਆਂ ਅਪਣਾਉਣੀਆਂ, ਪ੍ਰੋਗਰਾਮ ਤੇ ਅਮਲ ਕਰਨੇ ਚਾਹੀਦੇ ਹਨ। ਸੈਕਸ਼ਨ ਚਾਰ ਵਿਚ ਮੰਤਰੀ ਵਲੋਂ ਤਾਲਮੇਲ ਵਾਰੇ ਹੈ ਅਤੇ ਪੰਜਵੇਂ ਵਿਚ ਮੰਤਰੀ ਲਈ ਖਾਸ ਅਦਾਰੇ ਤੇ ਮੰਤਵ ਹਨ ਕਿ ਬਹੁ-ਸਭਿਆਚਾਰ ਨੂੰ ਵਧਾਉਣ ਲਈ ਵਿਅਕਤੀਆਂ, ਅਦਾਰਿਆਂ, ਜਥੇਬੰਦੀਆਂ ਵਪਾਰ, ਮਜ਼ਦੂਰ ਸੰਸਥਾਵਾਂ ਆਦਿ ਦੀ ਸਹਾਇਤਾ ਕਰੇ। ਨਾਲ ਹੀ ਪਿਤਰੀ ਜਾਂ ਵਿਰਸੇ ਵਾਲੀ ਜ਼ਬਾਨ ਨੂੰ ਕਾਇਮ ਰੱਖਣ ਅਤੇ ਵਧਾਉਣ ਵਿਚ ਮੱਦਦ ਕਰੇ। ਵਿਤਕਰੇ ਭਰੀਆਂ ਅੜਚਣਾਂ ਨੂੰ ਦੂਰ ਕਰਨ ਵਿਚ ਮੱਦਦ ਕਰੇ। ਬਹੁ-ਸਭਿਆਚਾਰ ਦੇ ਵਾਧੇ ਲਈ ਦੂਜੇ ਦੇਸ਼ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ। ਸੈਕਸ਼ਨ ਛੇ ਵਿਚ ਹੋਰ ਮੰਤਰੀਆਂ ਨੂੰ ਭੀ ਇਸ ਵਾਰੇ ਆਖਿਆ ਹੈ ਅਤੇ ਇਸ ਮਸਲੇ ਤੇ ਸੂਬਿਆਂ ਨਾਲ ਸਮਝੌਤੇ ਕਰਨ ਲਈ ਦਰਜ ਹੈ। ਸਤਵੇਂ ਸੈਕਸ਼ਨ ਵਿਚ ਇਸ ਕਾਨੂੰਨ ਅਤੇ ਬਹੁ-ਸਭਿਆਚਾਰ ਨੂੰ ਲਾਗੂ ਕਰਨ ਲਈ ਇਕ ਸਲਾਹਕਾਰ ਕੌਂਸਲ ਸਥਾਪਤ ਕੀਤੀ ਜਾਵੇਗੀ। ਉਹਨਾਂ ਮੈਂਬਰਾਂ ਨੂੰ ਤਨਖਾਹ ਤੇ ਭੱਤਾ ਆਦਿ ਦਿਤਾ ਜਾਵੇਗਾ। ਅਠਵੇਂ ਸੈਕਸ਼ਨ ਵਿਚ ਖਰਚੇ ਬਾਰੇ ਅਤੇ ਨੌਵੇਂ ਵਿਚ ਪਾਰਲੀਮੈਂਟ ਵਿਚ ਸਾਲਾਨਾ ਰੀਪੋਰਟ ਪੇਸ਼ ਹੋਵੇਗੀ। ਦਸਵਾਂ ਸੈਕਸ਼ਨ ਦਸਦਾ ਹੈ ਕਿ ਇਸ ਕਾਨੂੰਨ ਦੇ ਲਾਗੂ ਹੋਣ ਬਾਰੇ ਇਕ ਪੱਕੀ (ਸਥਾਈ) ਪਾਰਲੀਮੈਂਟ ਦੀ ਕਮੇਟੀ ਹੋਵੇਗੀ ਜੋ ਰੀਵੀਊ ਕਰੇਗੀ।

ਵੇਖਣ ਤੋਂ ਤਾਂ ਕਾਨੂੰਨ ਬੜਾ ਵਧੀਆ ਜਾਪਦਾ ਹੈ ਪਰ ਅਸਲੀਅਤ ਵਿਚ ਇਸ ਵਿਚ ਇਸ ਤਰ੍ਹਾਂ ਦਾ ਖਾਸ ਮੁੱਦਾ ਤੇ ਤੱਤ ਨਹੀਂ ਜਿਸ ਨਾਲ ਹੁਣ ਨਾਲੋਂ ਕੋਈ ਵੱਖਰੀ ਗੱਲ ਹੋ ਜਾਏ। ਸਲਾਹਕਾਰ ਕਮੇਟੀ ਦੀ ਗੱਲ ਹੀ ਲਉ — ਹੁਣ ਤੱਕ ਜਿੰਨੀਆਂ ਭੀ ਸਲਾਹਕਾਰ ਕਮੇਟੀਆਂ (ਕਿਸੇ ਭੀ ਮਸਲੇ ਤੇ ਬਣੀਆਂ) ਉਹਨਾਂ ਉਪਰ ਲਏ ਗਏ ਮੈਂਬਰ ਆਮ ਲੋਕਾਂ ਦੇ ਨੁਮਾਇੰਦੇ ਨਹੀਂ ਅਤੇ ਨਾ ਹੀ ਉਹਨਾਂ ਵਿਚ ਹਿੰਮਤ ਹੋਈ ਹੈ ਕਿ ਉਹ ਡਟ ਕੇ ਆਮ ਲੋਕਾਂ ਦੀ ਸੋਚਣੀ ਤੇ ਹਿਤਾਂ ਨੂੰ ਮੁਖ ਰੱਖ ਕੇ ਕੋਈ ਗੱਲ ਆਖ ਤੇ ਮਨਵਾ ਸਕਣ। ਆਮ ਜੀ ਹਜ਼ੂਰੀਏ ਹਨ। ਪਿਛਲੀਆਂ ਕਾਰਵਾਈਆਂ ਤੇ ਰੀਕਾਰਡਾਂ ਤੋਂ ਭੀ ਪਤਾ ਚਲ ਜਾਂਦਾ ਹੈ। ਸੋ ਲੋਕਾਂ ਨੂੰ ਚਾਹੀਦਾ ਹੈ ਇਹਨਾਂ ਗੱਲਾਂ ਤੋਂ ਸੁਚੇਤ ਹੋਣ ਤੇ ਨੰਗਾ ਕਰਨ।

ਦੂਜੇ ਇਸ ਐਕਟ ਨੂੰ ਲਾਗੂ ਕਰਨ ਲਈ ਕੋਈ ਖਾਸ ਮਸ਼ੀਨਰੀ ਨਹੀਂ ਅਤੇ ਜੇ ਪੂਰੀ ਤਰ੍ਹਾਂ ਲਾਗੂ ਨਾ ਹੋਵੇ। ਜਾਂ ਕੋਈ ਨਾ ਕਰੇ ਤਾਂ ਉਸ ਬਾਰੇ ਚੁੱਪ ਸਾਧੀ ਹੈ। ਉਸ ਹਾਲਤ ਬਾਰੇ ਕਿਸੇ ਐਕਸ਼ਨ ਜਾਂ ਚਾਰਾਜੋਈ ਦੀ ਗੱਲ ਨਹੀਂ। ਇਸ ਨੂੰ ਲਾਗੂ ਕਰਨਾ ਭੀ ਫੈਡਰਲ ਏਜੰਸੀਆਂ ਜਾਂ ਮਹਿਕਮਿਆਂ ਦੀ ਮਰਜ਼ੀ ਤੇ ਹੈ। ਉਹ ਕਈ ਬਹਾਨੇ ਘੜ ਸਕਦੇ ਹਨ। ਅਜੇ ਤਕ ਤਾਂ ਦਿਖਤ ਘੱਟ ਗਿਣਤੀਆਂ ਨੂੰ ਕੁਝ ਨੁਮਾਇੰਦਗੀ ਦੇਣ ਵਾਲਾ ਕਾਨੂੰਨ ਭੀ ਕੇਂਦਰੀ ਸਰਕਾਰੀ ਅਦਾਰਿਆਂ ਦੀ ਮਰਜ਼ੀ ਤੇ ਹੀ ਹੈ। ਹਿਊਮਨ ਰਾਈਟਸ ਐਕਟ ਨਸਲੀ ਜਾਂ ਹੋਰ ਘੋਰ ਵਿਤਕਰੇ ਨੂੰ ਭੀ ਕਰਿਮੀਨਲ ਨਹੀਂ ਬਣਾਉਂਦਾ। ਬਹੁ ਸਭਿਆਚਾਰ ਅਤੇ ਨਸਲੀ ਰਿਸ਼ਤਿਆਂ ਬਾਰੇ ਸਰਕਾਰ ਜਾਣ ਕੇ ਅਵੇਸਲੀ ਹੈ ਅਤੇ ਪੋਚਾ ਪਾਚੀ ਕਰਦੀ ਹੈ। ਨਸਲੀ ਰਿਸ਼ਤਿਆਂ ਤੇ ਬਹੁ-ਸਭਿਆਚਾਰ ਦਾ ਆਪਸੀ ਗੂੜ੍ਹਾ ਸੰਬੰਧ ਹੈ ਅਤੇ ਇਸ ਬਾਰੇ ਬਾਕਾਇਦਾ ਖੋਜ ਅਦਾਰੇ ਅਤੇ ਮੌਨੀਟਰ ਕਰਨ ਲਈ ਕੌਮੀ ਪੱਧਰ ਤੇ ਮਸ਼ੀਨਰੀ ਜ਼ਰੂਰੀ ਹੈ। ਨਾਲ ਹੀ ਲੋਕਲ, ਰੀਜਨਲ ਅਤੇ ਸੂਬਾਈ ਪੱਧਰ ਤੇ ਲੋਕ ਹਿਤੂ ਲੋਕਾਂ ਤੇ ਅਸਲੀ ਨੁਮਾਇੰਦਿਆਂ ਦੀਆਂ ਕਮੇਟੀਆਂ ਹੋਣ ਜੋ ਬਿਨਾਂ ਡਰ, ਝਿਜਕ ਤੇ ਲਾਲਚ ਦੇ ਇਹਨਾਂ ਪੱਖਾਂ ਨੂੰ ਸਾਹਮਣੇ ਰੱਖਣ।

ਸਕੂਲ ਪੜ੍ਹਾਈ ਵਿਚ ਪਿਤਰੀ (ਵਿਰਸੇ) ਦੀ ਜ਼ਬਾਨ ਦੀ ਯੋਗ ਥਾਂ ਹੋਵੇ। ਘੱਟ ਗਿਣਤੀਆਂ ਦੀ ਕਲਾ, ਵਿਦਿਆ ਤੇ ਹੁਨਰਾਂ ਨੂੰ ਬਾਕਾਇਦਾ ਸਥਾਨ ਹੋਵੇ। ਬਹੁਤ ਸਾਰੀਆਂ ਸਰਕਾਰੀ ਗਰਾਂਟਾਂ ਭੀ ਇਸ ਢੰਗ ਨਾਲ ਦਿੱਤੀਆਂ ਜਾਂਦੀਆਂ ਹਨ ਕਿ ਕੋਈ ਠੋਸ ਨਤੀਜਾ ਨਹੀਂ ਨਿਕਲਦਾ। ਸਰਕਾਰ ਨੂੰ ਇਹ ਭੀ ਸਾਫ ਪਤਾ ਚਾਹੀਦਾ ਹੈ ਕਿ ਸੈਟਲਮੈਂਟ ਏਜੰਸੀਆਂ (ਆਰੰਭ ਵਿਚ ਨਵੇਂ ਇਮੀਗਰੈਂਟਾਂ ਦੀ ਮੱਦਦ ਲਈ) ਨੂੰ ਬਹੁ-ਸਭਿਆਚਾਰਕ ਏਜੰਸੀਆਂ ਜਾਂ ਬਹੁ-ਸਭਿਆਚਾਰ ਤੇ ਨਸਲੀ ਰਿਸ਼ਤਿਆਂ ਲਈ ਅਦਾਰੇ ਨਹੀਂ ਸਮਝਿਆ ਜਾ ਸਕਦਾ। ਇਸ ਕਾਨੂੰਨ ਨੂੰ ਸਰਕਾਰੀ ਜ਼ਬਾਨਾਂ ਅਤੇ ਭਾਰੂ ਸਭਿਆਚਾਰ ਦੇ ਚੋਖਟੇ ਵਿਚ ਰੱਖ ਕੇ ਬਣਾਇਆ ਗਿਆ ਹੈ। ਇਸ ਵਿਸ਼ੇ ਬਾਰੇ ਤਾਂ ਬਹੁਤ ਕੁਝ ਲਿਖਿਆ ਜਾ ਸਕਦਾ ਹੈ ਤੇ ਲਿਖਿਆ ਜਾ ਚੁੱਕਾ ਹੈ। ਪਰ ਅੱਜ ਘੱਟੋ ਘੱਟ ਇਹ ਲੋੜ ਹੈ ਕਿ ਇਸ ਨੂੰ ਹੋਰ ਮਜ਼ਬੂਤ ਬਣਾਉਣ, ਕਮੇਟੀਆਂ ਦੀ ਲੋਕ ਹਿਤੂ ਬਣਤਰ ਅਤੇ ਤਰੁੱਟੀਆਂ ਨੂੰ ਦੂਰ ਕਰਾ ਕੇ ਲਾਗੂ ਕਰਾਉਣ ਲਈ ਸਰਗਰਮ ਹੋਣਾ ਜ਼ਰੂਰੀ ਹੈ। ਨਹੀਂ ਤਾਂ ਕੁਝ ਕੁ ਗਿਣਤੀ ਦੇ ਬੰਦੇ ਸਰਕਾਰੀ ਅਫਸਰਾਂ ਦੇ ਅੱਗੇ ਪਿੱਛੇ ਫਿਰ ਕੇ ਆਪਣੇ ਆਪ ਨੂੰ ਲੋਕ ਨੁਮਾਇੰਦੇ 'ਦੱਸ ਕੇ ਅੱਗੇ ਆ ਜਾਂਦੇ ਹਨ ਤੇ ਅਸਲੀ ਲੋਕ ਹਿਤੂ ਕੰਮ ਪੂਰੇ ਨਹੀਂ ਹੁੰਦੇ।

---

ਦਾ ਸਮੁਚੀ ਪੱਤਰਕਾਰ ਬਰਾਦਰੀ ਵਲੋਂ ਅਤੇ ਹਾਕਮ ਕਾਂਗਰਸ ਪਾਰਟੀ ਸਮੇਤ ਸਾਰੀਆਂ ਸਿਆਸੀ ਧਿਰਾਂ ਵਲੋਂ ਏਨਾ ਇਕ ਸੁਰ ਵਿਰੋਧ ਹੋਇਆ ਕਿ ਪ੍ਰਧਾਨ ਮੰਤਰੀ ਨੂੰ ਬਿਲ ਵਲੇਟਣਾ ਪਿਆ। ਇਹ ਗੱਲ ਸਿੱਧ ਕਰਦੀ ਹੈ ਕਿ ਭਾਰਤ ਵਿਚ ਜਮਹੂਰੀਅਤ ਦੀਆਂ ਜੜ੍ਹਾਂ ਡੂੰਘੀਆਂ ਹਨ ਜੇ ਸਾਰੇ ਲੋਕ ਰਲ ਕੇ ਸਟੈਂਡ ਲੈਣ ਤਾਂ ਪਾਰਲੀਮੈਂਟ ਦੀ ਭਾਰੀ ਬਹੁਸੰਮਤੀ ਵੀ ਹਾਕਮਾਂ ਦੇ ਕੰਮ ਨਹੀਂ ਆਉਂਦੀ। ਖਲਕ ਦੀ ਆਵਾਜ਼ ਸਾਹਮਣੇ ਪਰਭੂਆਂ ਨੂੰ ਝੁਕਣਾ ਹੀ ਪੈਂਦਾ ਹੈ।

ਦੂਜੀ ਪਾਰਲੀਮੈਂਟ ਨੇ ਧਰਮ ਅਸਥਾਨਾਂ ਦੀ ਦੁਰਵਰਤੋਂ ਬੰਦ ਕਰਨ ਦਾ ਬਿੱਲ ਪਾਸ ਕਰ ਦਿੱਤਾ। ਪਾਸ ਤਾਂ ਇਸ ਨੇ ਹੋਣਾ ਹੀ ਸੀ ਪਰ ਤਿੰਨ ਅਕਾਲੀ ਮੈਂਬਰਾਂ ਨੂੰ ਛੱਡ ਕੇ ਜਿਵੇਂ ਸਮੁਚੀ ਪਾਰਲੀਮੈਂਟ ਵਲੋਂ ਇਸ ਦਾ ਸਮਰਥਨ ਹੋਇਆ, ਉਹ ਹਾਲਾਤ ਦੇ ਉਸਾਰੂ ਦਿਸ਼ਾ ਵੱਲ ਵਧਣ ਦਾ ਸੰਕੇਤ ਹੈ। ਬਿਲ ਹਰ ਧਰਮ ਦੇ ਪੂਜਾ ਅਸਥਾਨ ਦੀ ਸਿਆਸੀ ਧਿਰਾਂ ਵਲੋਂ ਦੁਰਵਰਤੋਂ ਉਤੇ ਰੋਕ ਲਾਉਂਦਾ ਹੈ ਪਰ ਪੀੜ ਇਸ ਦੀ ਸਿਰਫ ਅਕਾਲੀਆਂ ਨੇ ਹੀ ਮਨਾਈ। ਇਹ ਗੱਲ ਦਰਸਾਉਂਦੀ ਹੈ ਕਿ ਹਰਿਮੰਦਰ ਸਾਹਿਬ ਦੀ ਘੋਰ ਦੁਰਵਰਤੋਂ ਨਾਲ ਪੈਦਾ ਹੋਏ ਦੁਖਾਂਤ ਦਾ ਕਿੰਨਾ ਡੂੰਘਾ ਪ੍ਰਭਾਵ ਪਿਆ ਹੈ। ਅਕਾਲੀਆਂ ਨੂੰ ਵੀ ਇਸ ਗੱਲ ਦਾ ਪਿਛੇਤਾ ਅਹਿਸਾਸ ਹੋ ਜਾਏਗਾ ਕਿ ਉਹ ਸਿੱਖਾਂ ਤੇ ਸਿਆਸਤ ਦੇ ਇਕ ਹੋਣ ਦੇ ਨਿਰਾਰਥਕ ਸਿਧਾਂਤ ਨੂੰ ਜਫੀਆਂ ਪਾ ਕੇ ਕਿਵੇਂ ਆਪਣੀ ਸਿਆਸੀ ਕਦਰ ਘਟਾਈ ਕਰ ਰਹੇ ਹਨ।

ਲੋੜ ਹੁਣ ਇਸ ਕਾਨੂੰਨ ਤੋਂ ਅਗੇ ਵੱਧ ਕੇ ਇਕ ਅਜੇਹਾ ਕਾਨੂੰਨ ਪਾਸ ਕਰਨ ਦੀ ਹੈ ਜਿਹੜਾ ਧਰਮ ਦੀ ਟੇਕ ਲੈਣ ਵਾਲੀਆਂ ਪਾਰਟੀਆਂ ਨੂੰ ਸਿਆਸਤ ਤੋਂ ਬਾਹਰ ਕੱਢ ਦੇਵੇ। ਫਿਰਕਾਪ੍ਰਸਤੀ ਦੀ ਬੁਨਿਆਦ ਧਰਮ ਅਧਾਰਤ ਸਿਆਸਤ ਹੀ ਹੈ ਅਤੇ ਇਸ ਸਿਆਸਤ ਵਿਰੁਧ ਬਾਕਾਇਦਾ ਮਤਾ ਸ੍ਰੀ ਅਨਾਥਾ ਸਵਾਮੀ ਆਇੰਗਰ ਨੇ ਵਿਧਾਨ ਘੜਨੀ ਅਸੰਬਲੀ ਵਿਚ 1949 ਵਿਚ ਹੀ ਲਿਆਂਦਾ ਸੀ। ਜਵਾਹਰ ਲਾਲ ਨਹਿਰੂ ਨੇ ਸ੍ਰੀ ਆਇੰਗਰ ਨਾਲ ਪੂਰੀ ਸਹਿਮਤੀ ਪ੍ਰਗਟ ਕੀਤੀ ਸੀ ਪਰ ਨਾ ਉਸ ਦੀ ਮੰਗ ਵਿਧਾਨ ਵਿਚ ਛਿੜੀ ਅਤੇ ਨਾ ਪਿਛੋਂ ਨਹਿਰੂ ਨੇ ਕੋਈ ਕਾਨੂੰਨ ਹੀ ਲਿਆਂਦਾ। ਜੇ ਧਰਮ ਅਧਾਰਤ ਸਿਆਸਤ ਨੂੰ ਦੇਸ਼ ਦੀ ਵੰਡ ਸਮੇਂ ਹੀ ਦਫਨਾ ਦਿੱਤਾ ਜਾਂਦਾ ਤਾਂ ਨਕਸ਼ਾ ਹੋਰ ਦਾ ਹੋਰ ਹੋਣਾ ਸੀ।

ਤੀਜੀ ਗੱਲ ਦੇਸ਼ ਭਰ ਦੇ ਮਜ਼ਦੂਰਾਂ ਕਿਸਾਨਾਂ, ਖੇਤ ਮਜ਼ਦੂਰਾਂ ਇਸਤਰੀਆਂ, ਵਿਦਿਆਰਥੀਆਂ ਤੇ ਨੌਜਵਾਨਾਂ ਨੇ ਜਿਹੜਾ ਸ਼ਾਨਦਾਰ ਜੇਲ੍ਹ ਭਰੋ ਅੰਦੋਲਨ ਚਲਾਇਆ ਹੈ ਉਸਨੇ ਸਿੱਧ ਕਰ ਦਿੱਤਾ ਹੈ ਕਿ ਦੇਸ਼ ਦੀ ਮਿਹਨਤੀ ਜਨਤਾ ਆਪਣੇ ਹੱਕਾਂ ਲਈ ਲੜਨਾ ਜਾਣਦੀ ਹੈ ਅਤੇ ਉਸ ਦੀ ਆਤਮਾ ਸਾਰੇ ਝੇੜਿਆਂ-ਝਾਂਜਿਆਂ ਦੇ ਬਾਵਜੂਦ ਨਿਰੋਈ ਅਤੇ ਬਲਵਾਨ ਹੈ। ਪੰਜਾਬ ਦੇ ਦੁਖਾਂਤ ਦੇ ਬਾਵਜੂਦ ਪੰਜਾਬ ਵਿਚ ਵੀ ਇਸ ਅੰਦੋਲਨ ਨੂੰ ਭਰਵਾਂ ਹੁੰਗਾਰਾ ਮਿਲਣਾ ਇਸੇ ਸਚਾਈ ਦਾ ਸੂਚਕ ਹੈ।

ਵਿਰੋਧੀ ਪਾਰਟੀਆਂ ਨੇ ਇਕੱਠੇ ਹੋਣ ਦੇ ਜਿਹੜੇ ਯਤਨ ਕੀਤੇ ਹਨ ਉਹਨਾਂ ਦਾ ਸਵਾਦ ਖੱਟਮਿਠਾ ਹੈ ਪਰ ਜਿਧਰ ਨੂੰ ਰਾਜੀਵ ਸਰਕਾਰ ਜਾ ਰਹੀ ਹੈ, ਉਸਨੇ ਬਦਲ ਦੇ ਸਵਾਲ ਦੀ ਅਹਿਮੀਅਤ ਹੋਰ ਵਧਾ ਦਿੱਤੀ ਹੈ। ਨਿਰੋਆ ਬਦਲ ਤਦ ਹੀ ਸਾਹਮਣੇ ਆਏਗਾ ਜੇ ਖੱਬੀਆਂ ਪਾਰਟੀਆਂ ਦਾ ਵਜਨ ਦੇਸ਼ ਦੀ ਸਿਆਸਤ ਵਿਚ ਹੋਰ ਵਧੇਗਾ ਅਤੇ ਇਹ ਉਹਨਾਂ ਦੀ ਆਪਸੀ ਏਕਤਾ ਵਧਣ ਨਾਲ ਹੀ ਸੰਭਵ ਹੋਵੇਗਾ। ਪਿਛਲੇ 50 ਦਿਨਾਂ ਵਿਚ ਇਸ ਸੇਧ ਵਿਚ ਵੀ ਪ੍ਰਗਤੀ ਹੋਈ ਹੈ।

? ਆਨੰਦ ਜੀ, ਇੰਗਲੈਂਡ ਦੇ ਆਪਣੇ ਦੌਰੇ ਦਾ ਸਮੁਚਾ ਪ੍ਰਭਾਵ ਤੁਸੀਂ ਕੀ ਲੈ ਕੇ ਚਲੇ ਹੋ।

● ਅਸੀਂ ਕੁਝ ਸਾਥੀ ਪੰਜਾਬੀ ਮੂਲ ਦੇ ਭਾਰਤੀਆਂ ਨੂੰ ਪੰਜਾਬ ਦੇ ਹਕੀਕੀ ਹਾਲਾਤ ਤੋਂ ਜਾਣੂ ਕਰਾਉਣ ਦਾ ਮਿਸ਼ਨ ਲੈ ਕੇ ਆਏ ਸਾਂ ਇਸ ਵਿਚ ਸਾਨੂੰ ਭਾਰੀ ਸਫਲਤਾ ਮਿਲੀ ਹੈ। ਕਾਰਨ ਕੇਵਲ ਸਾਡੇ ਯਤਨ ਹੀ ਨਹੀਂ ਘਟਨਾਵਾਂ ਦਾ ਵਹਿਣ ਵੀ ਹੈ। ਅਸੀਂ ਦੱਸਣ ਆਏ ਸਾਂ ਕਿ ਇਹ ਜੁਝਾਰੂ ਸਿੱਖੀ ਰਵਾਇਤਾਂ ਦੇ ਵਾਰਸ ਨਹੀਂ, ਬਾਹਰਲੇ ਇਸ਼ਾਰੇ ਉਤੇ ਮੁਲਕ ਤੋੜਨ ਤੁਰੇ ਜਾਬਰ ਤੇ ਧਾੜਵੀ ਹਨ ਸਾਨੂੰ ਆਪਣੇ ਦੌਰੇ ਦੌਰਾਨ ਅਨੇਕਾਂ ਮਿਸਾਲਾਂ ਮਿਲੀਆਂ ਕਿ ਕਿਵੇਂ ਇੰਗਲਸਤਾਨ ਵਿਚ ਵਸਦੇ ਪੰਜਾਬੀਆਂ ਨੂੰ ਇਸ ਸਚਾਈ ਦਾ ਨਿੱਜੀ ਅਨੁਭਵ ਹੋਇਆ ਹੈ। ਕਈ ਲੋਕ ਦੇਸ਼ ਨੂੰ ਗਏ ਅਤਿਵਾਦੀਆਂ ਦੀ ਲੁਟ ਖੋਹ ਦਾ ਸ਼ਿਕਾਰ ਹੋਏ ਹਨ। ਕੁਝ ਤਾਂ ਮਾਰੇ ਵੀ ਗਏ ਹਨ। ਬਾਕੀ ਅਜੇਹੇ ਵੀ ਹਨ ਜਿਹੜੇ ਇਸ ਡਰੋਂ ਪੰਜਾਬ ਵੱਲ ਮੂੰਹ ਨਹੀਂ ਕਰਦੇ ਕਿ ਉਥੇ ਹਾਲਾਤ ਬਹੁਤ ਵਿਗੜੀ ਹੋਈ ਹੈ। ਸਗੋਂ ਕਈ ਲੋਕਾਂ ਨੇ ਸਾਥੋਂ ਪੁਛਿਆ ਕਿ ਸਾਥੀਓ ਪੰਜਾਬ ਸਾਡੇ ਖੁਲ੍ਹੇ ਡੁਲ੍ਹੇ ਜਾਣ ਵਿਚਰਨ ਜੋਗਾ ਕਦੋਂ ਕੁ ਤੱਕ ਬਣਾ ਦਿਓਗੇ।

ਇਸ ਤਜਰਬੇ ਕਾਰਨ ਵੀ ਅਤੇ ਅਕਾਲ ਤਖਤ ਦੀ ਜਥੇਦਾਰੀ ਬਾਰੇ ਖਿਚ ਧੂਹ ਨੇ ਤੇ ਅਕਾਲੀਆਂ ਦੀ ਆਪਸੀ ਪਾਟੋਧਾੜ ਨੇ ਵੀ ਲੋਕਾਂ ਨੂੰ ਉਪਰਾਮ ਕਰਨਾ ਸ਼ੁਰੂ ਕਰ ਦਿੱਤਾ ਹੈ। ਅਤਿਵਾਦ ਵੱਖਵਾਦ ਦਾ ਪਾਣੀ ਪੰਜਾਬ ਵਿਚ ਹੀ ਨਹੀਂ ਵਲੈਤ ਵਿਚ ਵੀ ਲੱਥ ਰਿਹਾ ਹੈ। ਇਹਨਾਂ ਵੱਖਵਾਦੀਆਂ ਵਿਰੁਧ ਪਬਲਿਕ ਸਰਗਰਮੀ ਖੁਲ ਕੇ ਸ਼ੁਰੂ ਹੋਈ ਤੇ ਵਧੀ ਹੈ। ਇਕ ਦਰਜਨ ਤੋਂ ਵੱਧ ਭਰਵੇਂ ਇਕੱਠਾਂ ਨੂੰ ਸੰਬੋਧਨ ਕਰਨ ਤੇ ਕੋਈ ਦੋ ਸੌ ਸਜਣਾਂ ਮਿਤਰਾਂ ਨੂੰ ਮਿਲਣ ਤੇ ਉਹਨਾਂ ਨਾਲ ਖੁਲ੍ਹਾ ਵਿਚਾਰ ਵਟਾਂਦਰਾ ਕਰਨ ਪਿਛੋਂ ਮੇਰਾ ਪ੍ਰਭਾਵ ਤਾਂ ਇਹੋ ਹੈ ਕਿ ਇੰਗਲੈਂਡ ਵਿਚ ਵੀ ਇਕ ਨਰੋਆ ਮੋੜ ਕਟਿਆ ਜਾ ਰਿਹਾ ਹੈ ਜਿਹੜਾ ਨਿਰਣਈ ਸਿੱਧ ਹੋਵੇਗਾ।

**ਸਰਵਣ ਸਿੰਘ ਜ਼ਫਰ**

# ਡਾ. ਹਰਭਜਨ ਸਿੰਘ ਨੂੰ ਕਵਿਤਾ ਲਈ ਸਭ ਤੋਂ ਵੱਡਾ ਪੁਰਸਕਾਰ

ਭੁਪਾਲ — ਮੱਧ ਪ੍ਰਦੇਸ਼ ਸਰਕਾਰ ਨੇ ਪੰਜਾਬੀ ਦੇ ਕਵੀ ਡਾ: ਹਰਭਜਨ ਸਿੰਘ ਨੂੰ ਡੇਢ ਲੱਖ ਰੁਪਏ ਦੇ ਕੌਮੀ ਪੁਰਸਕਾਰ 'ਕਬੀਰ ਸਨਮਾਨ' ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਹੈ। ਇਹ ਪੁਰਸਕਾਰ ਉਹਨਾਂ ਦੀ ਉਚ ਕੋਟੀ ਦੀ ਰਚਨਾਤਮਕ ਸਮਰਥਾ ਕਾਰਨ ਉਹਨਾਂ ਨੂੰ ਦਿੱਤਾ ਗਿਆ ਹੈ। ਭਾਰਤੀ ਕਵਿਤਾ ਲਈ ਮਿਲਣ ਵਾਲਾ ਇਹ ਸਭ ਤੋਂ ਵੱਡਾ ਸਨਮਾਨ ਹੈ। ਹੁਣ ਤਕ ਇਹ ਪੁਰਸਕਾਰ ਕੰਨੜ ਦੇ ਕਵੀ ਗੋਪਾਲ ਕ੍ਰਿਸ਼ਨ ਤੇ ਬੰਗਾਲੀ ਕਵੀ ਸੁਭਾਸ਼ ਮਖੋਧਿਆਏ ਨੂੰ ਮਿਲਿਆ ਹੈ।

# ਨਵਾਂ ਸ਼ਹਿਰ ਬੇਟ ਦੇ ਕਈ ਪਿੰਡਾਂ ਦਾ ਨਾਂ ਨਿਸ਼ਾਨ ਖਤਮ

ਨਵਾਂ ਸ਼ਹਿਰ — ਤਹਿਸੀਲ ਨਵਾਂ ਸ਼ਹਿਰ ਦੇ ਬੇਟ ਇਲਾਕੇ ਦੇ ਪਿੰਡਾਂ ਦੀ ਹੜ੍ਹਾਂ ਨੇ ਜੋ ਤਬਾਹੀ ਕੀਤੀ ਹੈ ਉਹ ਅਜ ਤਕ ਕਦੇ ਵੀ ਦੇਖਣ ਵਿਚ ਨਹੀਂ ਸੀ ਆਈ। ਕਈ ਪਿੰਡਾਂ ਦਾ ਨਾਂ ਨਿਸ਼ਾਨ ਹੀ ਮਿਟ ਗਿਆ ਹੈ। ਮਲਬੇ ਦੇ ਢੇਰ ਵੀ ਪਾਣੀ ਚੁੱਕ ਕੇ ਲੈ ਗਿਆ ਹੈ। ਕੁਝ ਦੂਰ ਦੇ ਪਿੰਡ ਚਿਕੜ ਦੀ ਮਿੱਟੀ ਵਿਚ ਘਿਰੇ ਹੋਏ ਹਨ ਤੇ ਫਸਲਾਂ ਹੇਠਾਂ ਦੱਬੀਆਂ ਗਈਆਂ ਹਨ। ਪਿੰਡ ਸਾਰੰਗਪੁਰ, ਪੰਜ ਪੇਡਾ ਬਰਾਮਦ ਪਰਾਗਪੁਰ ਵਿਚ 46 ਪਰਿਵਾਰਾਂ ਨੂੰ ਇਕ ਨਿਹੰਗ ਢੂੰਘਾ ਸਿੰਘ ਨੇ ਆਪਣੀ ਬੇੜੀ ਵਿਚ ਕੱਢ ਕੇ ਲਿਆਂਦਾ। ਉਸਦੇ ਯਤਨਾਂ ਨਾਲ ਸੱਤ ਦਿਨਾਂ ਬਾਅਦ ਇਹਨਾਂ ਟੱਬਰਾਂ ਨੂੰ ਰੋਟੀ ਨਸੀਬ ਹੋਈ। ਦੂਸਰੀ ਡਵਿਯਨ ਦੇ ਕਿਸ਼ਤੀ ਚਲਾਉਣ ਦੇ ਮਾਹਰ ਨੂੰ ਸੱਦ ਕੇ ਘਿਰੇ ਹੋਏ ਲੋਕਾਂ ਨੂੰ ਕੱਢਿਆ ਗਿਆ। ਮਾਹਰਾਂ ਦਾ ਕਹਿਣਾ ਹੈ ਕਿ ਜਿਹੜੇ ਖੇਤ ਲੋਕਾਂ ਨੇ ਮਿਹਨਤ ਕਰਕੇ ਫਸਲਾਂ ਯੋਗ ਬਣਾਏ ਸਨ ਉਹ ਫਿਰ ਚਿਕੜ ਤੇ ਰੇਤ ਨਾਲ ਭਰ ਗਏ ਹਨ ਜੋ ਹੁਣ ਕਦੇ ਵੀ ਫਸਲਾਂ ਬੀਜਣ ਦੇ ਯੋਗ ਨਹੀਂ ਬਣ ਸਕਦੇ।

# The Manitoba Mirror

# ਮੈਨੀਟੋਬਾ ਦਰਪਣ


## BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਫ਼ੋਨ : 204-632-5360

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.



ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

**Pager 942-7788 #02284**



Sales Representative

## REMAX REALTY

10 - 2230 McPhillps St., Winnipeg, MB R2V 3C8





ਵੀਡੀਓ ਮੂਵੀਆਂ ਵੀ ਇਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

**Ph. Bus. 772-3937**

New Location — 724 - Sargent Ave., Winnipeg, MAN.

**Res. 633-6567**



## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# ਨਵਾਂ ਖ਼ੂਨ ਏਨਾ ਖੌਲਦਾ ਕਿਉਂ ਹੈ ?

ਸਰਵਮੀਤ

ਨਿੱਤ ਨਵੇਂ ਦਿਨ ਦੁਨੀਆਂ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਨੌਜਵਾਨਾਂ ਦੇ ਭੜਕਣ ਦੀਆਂ, ਹਿੰਸਾ ਦੀਆਂ ਖ਼ਬਰਾਂ ਸੁਣਨ ਨੂੰ ਮਿਲਦੀਆਂ ਹਨ। ਕਿਧਰੇ ਨੌਜਵਾਨ ਵਿਖਾਵੇ ਕਰ ਰਹੇ ਹਨ, ਜਲੂਸ ਕੱਢ ਰਹੇ ਹਨ ਤੇ ਕਿਧਰੇ ਹਥਿਆਰ ਚੁੱਕ ਕੇ ਹਿੰਸਾਤਮਕ ਕਾਰਵਾਈਆਂ ਕਰ ਰਹੇ ਹਨ। ਹੱਤਿਆਂ, ਖ਼ੂਨ, ਲੁੱਟਮਾਰ, ਤੋੜਫੋੜ। ਕੋਈ ਵੀ ਹਿੰਸਾ ਨੂੰ ਪਸੰਦ ਨਹੀਂ ਕਰਦਾ। ਵੱਖ ਵੱਖ ਸਮੇਂ ਹਿੰਸਾ ਵਿਰੁੱਧ ਆਵਾਜ਼ਾਂ ਉਠਦੀਆਂ ਰਹਿੰਦੀਆਂ ਹਨ। ਪਰ ਹਿੰਸਾ ਫੇਰ ਵੀ ਬਰਕਰਾਰ ਹੈ। ਸਗੋਂ ਹਿੰਸਾ ਸਮਾਜ ਦਾ ਸਥਾਈ ਲੱਛਣ ਬਣ ਚੁੱਕੀ ਹੈ। ਅਜਿਹਾ ਯੁੱਗਾਂ ਯੁਗਾਂਤਰਾਂ ਤੋਂ ਚਲਿਆ ਆ ਰਿਹਾ ਹੈ। ਅੱਜ ਤੱਕ ਕਿਤੇ ਵੀ ਹਿੰਸਾ ਰਹਿਤ ਸਮਾਜ ਦੀ ਹੋਂਦ ਨਹੀਂ ਰਹੀ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਮਹਾਤਮਾ ਗਾਂਧੀ ਦੇ ਅਹਿੰਸਾਵਾਦ ਦਾ ਯੋਗਦਾਨ ਹੈ ਤਾਂ ਸ਼ਹੀਦ ਭਗਤ ਸਿੰਘ ਹੋਰਾਂ ਦੇ ਗਦਰ ਪਾਰਟੀ ਦੇ ਹਥਿਆਰਬੰਦ ਅੰਦੋਲਨ ਦਾ ਵੀ ਕੋਈ ਘੱਟ ਮਹੱਤਵ ਨਹੀਂ। ਪੰਜਾਬ ਦੀ ਅਜੋਕੀ ਸਥਿਤੀ ਤਾਂ ਕਿਸੇ ਤੋਂ ਭੁੱਲੀ ਹੋਈ ਨਹੀਂ।

ਇਹ ਸਵਾਲ ਵਾਰ ਵਾਰ ਉਠਦਾ ਹੈ ਕਿ ਆਖਰ ਨਵੇਂ ਖ਼ੂਨ ਵਿਚ ਉਬਾਲ ਦਾ ਕਾਰਨ ਕੀ ਹੈ ? ਨਵਾਂ ਖ਼ੂਨ ਕਿਉਂ ਏਨੀ ਛੇਤੀ ਖੌਲਣ ਲਗਦਾ ਹੈ ? ਨੌਜਵਾਨਾਂ ਦਾ ਹਿੰਸਾ ਵੱਲ ਝੁਕਾਅ ਇਕ ਅਹਿਮ ਸਮੱਸਿਆ ਹੈ। ਹਿੰਸਾ ਵਿਚ ਸ਼ਾਮਲ ਹੋ ਕੇ ਨੌਜਵਾਨ ਆਪਣੀ ਸ਼ਕਤੀ ਨਸ਼ਟ ਕਰਦੇ ਹਨ, ਜਿਸ ਦੀ ਵਰਤੋਂ ਸਿਰਜਣਾਤਮਕ ਕੰਮਾਂ ਵਿਚ ਹੋ ਸਕਦੀ ਹੈ। ਹਿੰਸਾ ਕਾਰਨ ਹੀ ਭਾਰੀ ਮਾਤਰਾ ਵਿਚ ਜਨ, ਧਨ ਦੀ ਹਾਨੀ ਵੀ ਹੁੰਦੀ ਹੈ। ਉਹ ਕਾਰਨ ਕਿਹੜੇ ਹਨ ਜਿਨ੍ਹਾਂ ਕਾਰਨ ਨੌਜਵਾਨ ਹਿੰਸਾ ਵੱਲ ਝੁਕਦੇ ਹਨ ?

ਇਹੀ ਉਮਰ ਹੁੰਦੀ ਹੈ, ਜਦੋਂ ਨੌਜਵਾਨਾਂ ਸਾਹਮਣੇ ਅਹਿਮ ਸਵਾਲ ਆਪਣੇ ਭਵਿਖ ਦਾ ਹੁੰਦਾ ਹੈ ਤੇ ਇਸੇ ਉਮਰ ਵਿਚ ਹੀ ਅਕਸਰ ਨੌਜਵਾਨ ਤੋੜਫੋੜ ਦੀਆਂ ਕਾਰਵਾਈਆਂ ਵੱਲ ਰੁਚਿਤ ਹੁੰਦੇ ਹਨ। ਇਹ ਸਭ ਕੁਝ ਨੂੰ ਨੌਜਵਾਨ ਵਰਗ ਦੀ ਆਚਰਣਹੀਣਤਾ, ਗੈਰ-ਜ਼ਿੰਮੇਦਾਰੀ ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਦਰਅਸਲ ਇਹ ਇਕ ਅਤਿਅੰਤ ਗੁੰਝਲਦਾਰ ਸਮਾਜਕ ਤੇ ਮਨੋਵਿਗਿਆਨਕ ਸਮੱਸਿਆ ਹੈ। ਵੱਖ ਵੱਖ ਸਮਾਜ ਸ਼ਾਸਤਰੀ, ਮਨੋਵਿਗਿਆਨੀ ਇਸ ਦੇ ਵੱਖ ਵੱਖ ਕਾਰਨ ਦੱਸਦੇ ਹਨ। ਨੌਜਵਾਨਾਂ ਵਿਚ ਹਿੰਸਾ ਦੇ ਕਾਰਨਾਂ ਨੂੰ ਸਮਝਣ ਲਈ ਹਿੰਸਾ ਦੇ ਸਮਾਜਕ, ਮਨੋਵਿਗਿਆਨਕ ਪਹਿਲੂਆਂ ਅਤੇ ਵਰਤਮਾਨ ਸਮਾਜਕ, ਆਰਥਕ, ਰਾਜਨੀਤਕ ਹਾਲਤਾਂ ਨੂੰ ਵਿਆਪਕ ਸੰਦਰਭ ਵਿਚ ਸਮਝਣਾ, ਘੋਖਣਾ ਜ਼ਰੂਰੀ ਹੈ।

ਕੁਝ ਮਨੋਵਿਗਿਆਨੀਆਂ ਦਾ ਵਿਚਾਰ ਹੈ ਕਿ ਹਿੰਸਾ ਦੀ ਭਾਵਨਾ ਹਰ ਵਿਅਕਤੀ ਦੇ ਅੰਦਰ ਹੁੰਦੀ ਹੈ। ਉਨ੍ਹਾਂ ਅਨੁਸਾਰ ਹਿੰਸਾ, ਸਮਾਜ ਦੇ ਤਣਾਅ ਪ੍ਰਤੀ ਸਾਡੀ ਪ੍ਰਤੀਕਿਰਿਆ ਹੈ। ਕੁਝ ਅਨੁਸਾਰ ਇਹ ਚੁਣੌਤੀਆਂ ਅਤੇ ਔਕੜਾਂ ਨੂੰ ਜਿੱਤਣ ਲਈ ਕੀਤੇ ਜਾਣ ਵਾਲੇ ਸੰਘਰਸ਼ ਦਾ ਇਕ ਹਿੱਸਾ ਹੈ। ਮਨੁੱਖ ਅੰਦਰ ਆਪਣੇ ਆਪ ਨੂੰ ਹਾਲਾਤ ਅਨੁਸਾਰ ਢਾਲ ਲੈਣ ਦੀ ਅਦਭੁੱਤ ਯੋਗਤਾ ਹੈ। ਇਸੇ ਲਈ ਹੀ ਮਨੁੱਖੀ ਸਮਾਜਕ ਜੀਵਨ ਜੀ ਸਕਦਾ ਹੈ। ਇਹ ਹੈਰਾਨੀਜਨਕ ਹੀ ਹੈ ਕਿ ਲੱਖਾਂ ਕਰੋੜਾਂ ਲੋਕ, ਇਕ ਦੂਸਰੇ ਤੋਂ ਮਾਨਸਿਕ ਤੌਰ 'ਤੇ ਵੱਖ ਹੁੰਦੇ ਹੋਏ ਵੀ, ਸਮਾਜਕ ਪਰੰਪਰਾਵਾਂ ਅਤੇ ਨਿਯਮਾਂ, ਕਾਨੂੰਨਾਂ ਦੀ ਉਲੰਘਣਾ ਕੀਤੇ ਬਿਨਾਂ ਇਕ ਸਮਾਜ ਵਿਚ ਮਿਲ-ਜੁਲ ਕੇ ਰਹਿੰਦੇ ਹਨ। ਸੰਸਕ੍ਰਿਤੀ ਦਾ ਵਿਕਾਸ ਸਮਾਜਕ ਜੀਵਨ ਲਈ ਆਚਰਣ-ਵਿਹਾਰ ਅਤੇ ਕਾਇਦੇ ਕਾਨੂੰਨਾਂ ਦਾ ਦਾਇਰਾ ਤੈਅ ਕਰਦਾ ਹੈ, ਜਿਸ ਵਿਚ ਹਰੇਕ ਵਿਅਕਤੀ ਨੇ ਰਹਿਣਾ ਹੁੰਦਾ ਹੈ। ਮਨੁੱਖ ਸਮਾਜ ਦੁਆਰਾ ਬਣਾਏ ਕਾਇਦਿਆਂ ਕਾਨੂੰਨਾਂ ਅਨੁਸਾਰ ਚਲਣ ਅਤੇ ਆਪਣੇ ਆਪ ਨੂੰ ਹਾਲਤ ਅਨੁਸਾਰ ਢਾਲਣ ਦਾ ਹਰ ਸੰਭਵ ਯਤਨ ਕਰਦਾ ਹੈ। ਪਰ ਜਦੋਂ ਕਦੀ ਮਨੁੱਖ ਦਾ ਹਾਲਾਤ ਉਤੇ ਕਾਬੂ ਨਹੀਂ ਰਹਿੰਦਾ ਜਾਂ ਮਨੁੱਖ ਸਮਾਜਕ ਪਰੰਪਰਾਵਾਂ, ਰਹੁਰੀਤਾਂ ਤੋਂ ਸੰਤੁਸ਼ਟ ਨਹੀਂ ਹੁੰਦਾ, ਕਾਇਦੇ ਕਾਨੂੰਨ ਬੰਧਨ ਮਹਿਸੂਸ ਹੁੰਦੇ ਹਨ, ਤਾਂ ਉਦੋਂ ਹੀ ਹਿੰਸਾ ਜਨਮ ਲੈਂਦੀ ਹੈ। ਕਈ ਵਾਰ ਇਹ ਹਿੰਸਾ ਸਮਾਜਕ ਪ੍ਰਬੰਧ ਦੇ ਵਿਰੋਧ ਵਿਚ ਵਿਦਰੋਹ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ।

ਕੰਪਿਊਟਰ ਅਤੇ ਇਲੈਕਟਰੋਨਿਕ ਯੁੱਗ ਵਿਚ ਸਮੇਂ ਅਤੇ ਸਮਾਜ ਦੇ ਪ੍ਰੀਵਰਤਣ ਦੀ ਰਫਤਾਰ ਏਨੀ ਤੇਜ਼ ਹੋ ਗਈ ਹੈ ਕਿ ਮਨੁੱਖ ਤੇਜ਼ੀ ਨਾਲ ਬਦਲਦੇ ਸਮਾਜ ਦੇ ਅਨੁਰੂਪ ਆਪਣੇ ਆਪ ਨੂੰ ਢਾਲਣ ਵਿਚ ਪੱਛੜ ਗਿਆ ਹੈ। ਇਸੇ ਕਾਰਨ ਹੀ ਮਨੁੱਖ ਅਤੇ ਸਮਾਜ ਵਿਚ ਇਕ ਖਲਾਅ ਪੈਦਾ ਹੋ ਗਿਆ ਹੈ। ਜਿਸ ਦੇ ਫਲਸਰੂਪ ਮਨੁੱਖ ਵਿਚ ਤਣਾਅ ਉਪਜਿਆ ਹੈ।

ਬਦਲਦੇ ਸਮੇਂ ਅਤੇ ਸਮਾਜ ਦੇ ਨਾਲ ਚਲਣ ਦੀ ਮੁੱਖ ਜ਼ਿਮੇਂਵਾਰੀ ਨੌਜਵਾਨ ਵਰਗ ਦੀ ਹੀ ਹੁੰਦੀ ਹੈ। ਉਨ੍ਹਾਂ ਨੇ ਨਾ ਸਿਰਫ ਪਰੰਪਰਾਗਤ ਸਮਾਜਕ ਰਹੁਰੀਤਾਂ ਅਤੇ ਕਾਨੂੰਨਾਂ ਦਾ ਪਾਲਣ ਕਰਨਾ ਹੁੰਦਾ ਹੈ ਸਗੋਂ ਬਦਲਦੇ ਸਮਾਜ ਦੇ ਨਵੇਂ ਮੁੱਲਾਂ ਅਨੁਸਾਰ ਵੀ ਆਪਣੇ ਆਪ ਨੂੰ ਢਾਲਣਾ ਹੁੰਦਾ ਹੈ। ਪੁਰਾਣੇ ਅਤੇ ਨਵੇਂ ਹਾਲਾਤਾਂ ਦੀ ਬੰਦਿਸ਼ ਸਹਿਣੀ ਬੜਾ ਔਖਾ ਕੰਮ ਹੈ। ਅੱਜ ਉਪਭੋਗਤਾਵਾਦੀ ਸੰਸਕ੍ਰਿਤੀ ਦਾ ਜਨਮ ਹੋਇਆ ਹੈ, ਉਸ ਵਿਚ ਵਿਅਕਤੀ ਦੀ ਪਛਾਣ ਉਹਦੇ ਕੋਲ ਮੌਜੂਦ ਪੈਸੇ, ਆਧੁਨਿਕ ਵਸਤਾਂ ਤੋਂ ਹੁੰਦੀ ਹੈ। ਇਸ ਦੌੜ ਵਿਚ ਅਸਫਲ ਰਹਿਣ ਕਾਰਨ ਨੌਜਵਾਨਾਂ 'ਚ ਹੀਣ ਭਾਵਨਾ ਦਾ ਜਨਮ ਹੁੰਦਾ ਹੈ ਤੇ ਉਸ ਤੋਂ ਉਪਜਦੀ ਹੈ ਹਿੰਸਾ।

ਇਕ ਅਧਿਅਨ ਅਨੁਸਾਰ ਇਹ ਸਿੱਧ ਹੋ ਚੁੱਕਾ ਹੈ ਕਿ ਮਨੁੱਖ ਦਾ ਕੋਈ ਵੀ ਵਿਹਾਰ - ਅਮਲ ਵੰਸ਼ਗਤ ਨਹੀਂ ਹੁੰਦਾ, ਸਗੋਂ ਇਹ ਜੀਨ ਅਤੇ ਵਾਤਾਵਰਣ ਦੀ ਆਪਸੀ ਪ੍ਰਤੀਕਿਰਿਆ ਦੇ ਫਲਸਰੂਪ ਬਣਦਾ ਹੈ। ਇੰਝ ਮਨੁੱਖ ਗੁਸੈਲ, ਹਮਲਾਕਰੂ ਸੁਭਾਅ ਆਪਣੇ ਵਿਕਾਸ ਕ੍ਰਮ 'ਚੋਂ ਹੀ ਸਿੱਖਦਾ ਹੈ। ਇਹ ਸੁਭਾਅ ਮਨੁੱਖ ਬਚਪਨ ਤੋਂ ਹੀ ਗ੍ਰਹਿਣ ਕਰਨਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਘਰ ਜਾਂ ਸਕੂਲ ਵਿਚ ਗਲਤ ਕੰਮ ਕਰਨ 'ਤੇ ਮਾਤਾ ਪਿਤਾ ਜਾਂ ਅਧਿਆਪਕ ਦੁਆਰਾ ਕੁੱਟੇ ਜਾਣ 'ਤੇ ਬੱਚੇ ਦੇ ਦਿਮਾਗ ਵਿਚ ਆਪਣੇ ਆਪ ਹੀ ਇਹ ਗੱਲ ਬੈਠਣ ਲਗਦੀ ਹੈ ਕਿ ਕਿਸੇ ਨੂੰ ਸਬਕ ਸਿਖਾਉਣ ਲਈ ਮਾਰ-ਕੁੱਟ ਦਾ ਹਿੰਸਕ ਤਰੀਕਾ ਉਚਿਤ ਹੈ। ਬੱਚਿਆਂ ਦੇ ਮਨਾਂ 'ਤੇ ਹਿੰਸਾ ਭਰਪੂਰ ਫਿਲਮਾਂ, ਪਰੀ ਕਹਾਣੀਆਂ ਅਤੇ ਕਾਮਿਕਸ ਦੀਆਂ ਕਲਪਿਤ ਕਥਾਵਾਂ ਦਾ ਵੀ ਬਹੁਤ ਬੁਰਾ ਅਸਰ ਪੈਂਦਾ ਹੈ।

ਇਸ ਤੋਂ ਇਲਾਵਾ ਸਮਾਜਕ ਪ੍ਰਬੰਧ ਜੋ ਆਪਣੇ ਆਪ ਵਿਚ ਹੀ ਹਿੰਸਕ ਹੈ, ਕਿਸੇ ਨੂੰ ਵੀ ਹਿੰਸਕ ਬਣਾ ਦੇਣ ਲਈ ਕਾਫੀ ਹੈ। ਇਸ ਪ੍ਰਬੰਧ ਵਿਚ ਹਿੰਸਕ ਕੰਮਾਂ ਦੀ ਸਜ਼ਾ ਵੀ ਹਿੰਸਕ ਢੰਗ ਨਾਲ ਹੀ ਮਿਲਦੀ ਹੈ। ਹਰ ਹਿੰਸਕ ਸਮੱਸਿਆ ਦਾ ਹੱਲ ਹਿੰਸਾ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਫਲਸਰੂਪ ਹਿੰਸਾ ਹੋਰ ਵਧਦੀ ਹੈ ਕੁਝ ਮਨੋਵਿਗਿਆਨਕਾਂ ਦਾ ਵਿਚਾਰ ਹੈ ਕਿ ਮਨੁੱਖ ਵਿਚ ਹਿੰਸਾ ਦੀ ਭਾਵਨਾ ਨਿਰਾਸ਼ਾ ਤੋਂ ਉਪਜਦੀ ਹੈ। ਜਦ ਕੋਈ ਆਦਮੀ ਆਪਣੀਆਂ ਆਸਾਂ ਉਮੀਦਾਂ 'ਤੇ ਪਾਣੀ ਫਿਰਦਾ ਦੇਖਦਾ ਹੈ ਤਾਂ ਘੋਰ ਨਿਰਾਸ਼ਾ ਉਤਪਨ ਹੁੰਦੀ ਹੈ। ਉਦੋਂ ਉਹ ਵਿਅਕਤੀ ਹਿੰਸਾ 'ਤੇ ਉਤਾਰੂ ਹੋ ਜਾਂਦਾ ਹੈ। ਕਈ ਅਧਿਅਨਾਂ ਤੇ ਸਰਵੇਖਣਾਂ ਤੋਂ ਪਤਾ ਲਗਦਾ ਹੈ ਕਿ ਜ਼ਿਆਦਾਤਰ ਲੋਕ, ਜੋ ਹਿੰਸਾ ਅਤੇ ਅਪਰਾਧ ਕਰਦੇ ਹਨ ਉਹ ਆਪਣੀ ਜ਼ਿੰਦਗੀ 'ਚ ਅਸਫਲ ਹੋ ਚੁੱਕੇ ਹੁੰਦੇ ਹਨ।

# ਭਾਰਤ 'ਚ ਦੋ ਭਿਆਨਕ ਹਵਾਈ ਹਾਦਸਿਆਂ 'ਚ 165 ਮੌਤਾਂ

ਨਵੀਂ ਦਿੱਲੀ — ਭਾਰਤ ਦੀਆਂ ਘਰੇਲੂ ਹਵਾਈ ਉਡਾਣਾਂ ਦੇ ਇਤਿਹਾਸ ਵਿਚ ਇਕੋ ਦਿਨ 'ਚ ਦੋ ਸਭ ਤੋਂ ਵੱਡੇ ਹਵਾਈ ਹਾਦਸੇ ਹੋਏ ਜਿਹਨਾਂ ਵਿਚ 165 ਵਿਅਕਤੀ ਮਾਰੇ ਗਏ। 19 ਅਕਤੂਬਰ ਨੂੰ ਇੰਡੀਅਨ ਏਅਰ ਲਾਈਨਜ਼ ਦਾ ਬੋਇੰਗ 737 ਬੰਬਈ ਤੋਂ ਉਡ ਕੇ ਅਹਿਮਦਾਬਾਦ (ਗੁਜਰਾਤ) ਦੇ ਹਵਾਈ ਅੱਡੇ ਤੋਂ ਇਕ ਮੀਲ ਦੀ ਵਿਥ ਉਤੇ ਹਾਦਸੇ ਦਾ ਸ਼ਿਕਾਰ ਹੋ ਗਿਆ ਜਿਸ ਵਿਚ ਸਵਾਰ 135 ਵਿਅਕਤੀਆਂ ਵਿਚੋਂ 130 ਮਾਰੇ ਗਏ। ਜਿਹਨਾਂ ਵਿਚ ਹਵਾਈ ਅਮਲਾ ਵੀ ਸ਼ਾਮਲ ਹੈ। ਜ਼ਖਮੀ ਹੋਏ 5 ਵਿਅਕਤੀਆਂ ਨੂੰ ਹਸਪਤਾਲ ਦਾਖਲ ਕੀਤਾ ਗਿਆ। ਪੂਰੀ ਸਪੀਡ ਵਿਚ ਹੇਠਾਂ ਜ਼ਮੀਨ ਵੱਲ ਆਉਂਦਿਆਂ ਬਿਜਲੀ ਦੀਆਂ ਤਾਰਾਂ ਦੇ ਖੰਬੇ ਨਾਲ ਟਕਰਾ ਕੇ ਇਸ ਨੂੰ ਅੱਗ ਲੱਗ ਗਈ ਤੇ ਜ਼ਮੀਨ ਉਤੇ ਡਿਗ ਕੇ ਟੁਕੜੇ ਟੁਕੜੇ ਹੋ ਗਿਆ। ਇਸ ਦਾ ਮਲਬਾ ਦੂਰ ਦੂਰ ਤੱਕ ਖਿੰਡ ਗਿਆ। ਇਹ ਹਾਦਸਾ ਸਵੇਰੇ 7 ਵਜੇ ਦੇ ਕਰੀਬ ਹੋਇਆ।

ਇਸ ਤੋਂ ਦੋ ਘੰਟੇ ਬਾਅਦ ਵਾਯੂਦੂਤ ਏਅਰਲਾਈਨਜ਼ ਦਾ ਫੋਕਰ ਫਰੈਂਡਸ਼ਿਪ ਹਵਾਈ ਜਹਾਜ਼ ਉਤਰੀ ਪੂਰਬੀ ਭਾਰਤ ਦੇ ਗੁਹਾਟੀ ਤੇ ਸਲਿਚਰ ਸ਼ਹਿਰਾਂ ਦੇ ਵਿਚਾਲੇ ਡਿੱਗ ਕੇ ਤਬਾਹ ਹੋ ਗਿਆ। ਇਸ ਵਿਚ ਸਵਾਰ ਸਾਰੇ ਦੇ ਸਾਰੇ 35 ਵਿਅਕਤੀ ਮਾਰੇ ਗਏ। ਉਡਾਣ ਤੋਂ ਕੁਝ ਮਿੰਟ ਬਾਅਦ ਹੀ ਇਸ ਦਾ ਕੰਟਰੋਲ ਟਾਵਰ ਨਾਲੋਂ ਸੰਪਰਕ ਟੁੱਟ ਗਿਆ ਤੇ ਇਹ 1400 ਫੁਟ ਉਚੀ ਪਹਾੜੀ ਨਾਲ ਟਕਰਾ ਗਿਆ ਰਾਤ ਭਰ ਬਚਾਓ ਟੀਮਾਂ ਦੂਰ ਦੂਰ ਤੱਕ ਖਿੰਡੇ ਮਲਬੇ ਵਿਚੋਂ ਕਿਸੇ ਜੀਵਨ ਵਿਅਕਤੀ ਦੀ ਭਾਲ ਵਿਚ ਲੱਗੀਆਂ ਰਹੀਆਂ ਬਾਅਦ ਵਿਚ ਐਲਾਨ ਕਰ ਦਿੱਤਾ ਗਿਆ ਕਿ ਇਹਨਾਂ ਯਾਤਰੀਆਂ ਵਿਚੋਂ ਕੋਈ ਵੀ ਜ਼ਿਉਂਦਾ ਨਹੀਂ ਬਚ ਸਕਿਆ।

ਇਹ ਵੀ ਖਬਰਾਂ ਹਨ ਕਿ ਇੰਡੀਅਨ ਏਅਰ ਫੋਰਸ ਦਾ ਇਕ ਐਵਰੋ . ਏਅਰ ਕਰਾਫਟ ਵੀ ਇਸ ਸਮੇਂ ਉਤਰੀ ਭਾਰਤ ਦੇ ਕਿਸੇ ਹਿੱਸੇ ਵਿਚ ਗੁੰਮ ਸੀ। ਇਸ ਤੋਂ ਇਲਾਵਾ ਬੰਗਲੌਰ ਤੋਂ ਉਡਿਆ ਇਕ ਦੋ ਸੀਟਾਂ ਵਾਲਾ ਹਵਾਈ ਜਹਾਜ਼ ਵੀ ਕਿਸੇ ਥਾਂ ਹਾਦਸੇ ਦਾ ਸ਼ਿਕਾਰ ਹੋਇਆ ਹੈ। ਹਵਾਈ ਅਧਿਕਾਰੀ ਸਮਝਦੇ ਹਨ ਕਿ ਦੋ ਮੁੱਖ ਹਵਾਈ ਹਾਦਸਿਆਂ ਦਾ ਕਾਰਨ ਹਲਕੀ ਧੁੰਦ ਹੀ ਹੋ ਸਕਦਾ ਹੈ। ਫਿਰ ਵੀ ਹਾਦਸਿਆਂ ਬਾਰੇ ਪੜਤਾਲ ਦੇ ਹੁਕਮ ਦਿੱਤੇ ਗਏ ਹਨ।

ਬੋਇੰਗ 737 ਵਿਚ ਮਰਨ ਵਾਲਿਆਂ ਵਿਚ ਇਕ ਲੈਸਟਰ ਦਾ ਵਿਅਕਤੀ ਮਾਰਕ ਕ੍ਰਿਸ਼ਟੀ ਵੀ ਸੀ। ਏਅਰ ਲਾਈਨਜ਼ ਦੇ ਬੁਲਾਰੇ ਨੇ ਦਿੱਲੀ ਵਿਚ ਕਿਹਾ ਕਿ ਇਸ ਹਵਾਈ ਜਹਾਜ਼ ਵਿਚ ਕਈ ਬਦੇਸ਼ੀ ਸਵਾਰ ਸਨ ਜਿਹਨਾਂ ਵਿਚੋਂ ਦੋ ਜਪਾਨੀ ਵੀ ਸਨ। ਜਿਹੜੇ ਪੰਜ ਜੀਉਂਦੇ ਬਚੇ ਹਨ ਉਹ ਸਾਰੇ ਭਾਰਤੀ ਹਨ ਠ ਬੁਲਾਰੇ ਅਨੁਸਾਰ ਇਸ ਹਵਾਈ ਯਾਤਰਾ ਵਿਚ 129 ਮੁਸਾਫਰਾਂ ਦੇ ਨਾਂ ਦਰਜ ਹਨ ਜਿਹਨਾਂ ਵਿਚ ਪੰਜ ਬੱਚੇ ਹਨ ਅਤੇ ਅਮਲੇ ਦੇ ਛੇ ਬੰਦੇ ਸ਼ਾਮਲ ਸਨ। ਬੰਬਈ ਤੋਂ ਇਹ ਹਵਾਈ ਜਹਾਜ਼ ਸਵੇਰੇ ਪੰਜ ਵਜ ਕੇ 45 ਮਿੰਟ ਉਤੇ ਅਹਿਮਦਾਬਾਦ ਲਈ ਰਵਾਨਾ ਹੋਇਆ ਸੀ।

ਵਾਯੂਦੂਤ ਫੋਕਰ ਫਰੈਂਡਸ਼ਿਪ ਦੇ ਉਪਰੇਸ਼ਨ ਮੈਨੇਜਰ ਕੈਪਟਨ ਮਲਹੋਤਰਾ ਨੇ ਦੱਸਿਆ ਹੈ ਕਿ ਇਹ ਹਵਾਈ ਜਹਾਜ਼ ਸਵੇਰੇ 8 ਵਜੇ ਸਲਿਚਰ (ਆਸਾਮ) ਤੋਂ ਉਡਿਆ ਸੀ। ਦੱਸਿਆ ਗਿਆ ਹੈ ਕਿ ਦੋਵੇਂ ਹਵਾਈ ਜਹਾਜ਼ ਪੁਰਾਣੇ ਸਨ ਤੇ ਸ਼ੱਕ ਕੀਤਾ ਜਾਂਦਾ ਹੈ ਕਿ ਇਹਨਾਂ ਵਿਚ ਨੁਕਸ ਕਾਰਨ ਵੀ ਹਾਦਸੇ ਹੋ ਸਕਦੇ ਹਨ।

## ਮਿਸਿਜ਼ ਸੁਰਜੀਤ ਚੰਦਨ ਦਾ ਅੰਤਮ ਸਸਕਾਰ

ਹੇਜ਼ — ਪੰਜਾਬੀ ਸਾਹਿਤਕਾਰ ਸਵਰਨ ਚੰਦਨ ਦੀ ਸੁਪਤਨੀ ਸ੍ਰੀਮਤੀ ਸੁਰਜੀਤ ਚੰਦਨ ਦਾ ਅੰਤਮ ਸਸਕਾਰ ਹੈਨਵਰਥ ਕਰੇਮੀਟੋਰੀਅਮ ਵਿਖੇ ਕੀਤਾ ਗਿਆ। ਮਿਸਿਜ਼ ਚੰਦਨ ਦੀ ਪਿਛਲੇ ਦਿਨੀਂ 44 ਸਾਲਾਂ ਦੀ ਉਮਰ ਵਿਚ ਮੌਤ ਹੋ ਗਈ ਸੀ। ਸਸਕਾਰ ਸਮੇਂ ਬਰਤਾਨੀਆਂ ਭਰ ਤੋਂ ਪੰਜਾਬੀ ਸਾਹਿਤਕਾਰ ਪੁਜੇ ਹੋਏ ਸਨ। ਸਸਕਾਰ ਵਿਚ ਸ਼ਾਮਲ ਹੋਣ ਲਈ ਮਿਸਿਜ਼ ਚੰਦਨ ਦੇ ਭਰਾ ਜਗਦੀਸ਼ ਸਿੰਘ ਜੀ ਭਾਰਤ ਤੋਂ ਆਏ ਹੋਏ ਸਨ।

ਵੀਕਲੀ ਫੀਚਰ

# ਬੱਚਿਆਂ ਦੇ ਮਸਲੇ



ਹਰ ਬੱਚਾ ਆਪਣੇ ਆਪ ਵਿਚ ਬੇ-ਮਿਸਾਲ ਅਤੇ ਵਖਰਾ ਹੁੰਦਾ ਹੈ। ਪਰ ਵਖਰੇਪਣ ਦੇ ਨਾਲ ਨਾਲ ਕੁਝ ਮਸਲੇ ਸਾਂਝੇ ਹੁੰਦੇ ਹਨ। ਉਹਨਾਂ ਦੇ ਭਾਵ ਮਨੋਵਿਗਿਆਨ, ਉਮਰ ਦੇ ਪੜਾ ਅਤੇ ਵਿਕਾਸ ਆਦਿ ਦੀਆਂ ਗੱਲਾਂ ਸਾਂਝੀਆਂ ਹੁੰਦੀਆਂ ਹਨ। ਬੱਚਾ ਇਕ ਬੀਜ ਤੋਂ ਸ਼ੁਰੂ ਹੋ ਕੇ ਭਵਿਖ ਦਾ ਬੜਾ ਦਰੱਖਤ ਤੇ ਫਲਦਾਰ ਇਨਸਾਨ ਹੈ। ਉਸ ਦੇ ਹਰ ਤਰ੍ਹਾਂ ਦੇਖਭਾਲ ਕਰਨੀ ਜ਼ਰੂਰੀ ਹੈ। ਜਿਵੇਂ ਕਿਸੇ ਪੌਦੇ ਲਈ ਚੰਗੀ ਜ਼ਮੀਨ, ਖਾਦ, ਪਾਣੀ ਅਤੇ ਧੁੱਪ ਛਾਂ ਆਦਿ ਦੀ ਸਮੇਂ ਸਿਰ ਲੋੜ ਹੈ, ਉਸ ਹੀ ਤਰ੍ਹਾਂ ਬੱਚੇ ਨੂੰ ਤਾਂ ਉਸ ਤੋਂ ਭੀ ਕਿਤੇ ਵੱਧ ਲੋੜ ਹੈ ਕਿਉਂਕਿ ਇਹ ਤੁਰਦਾ ਫਿਰਦਾ, ਬੋਲਦਾ, ਸੋਚਣ ਵਾਲਾ ਤੇ ਹਾਵਾਂ ਭਾਵਾਂ ਵਾਲਾ ਵਿਅਕਤੀ ਹੈ। ਉਹ ਭਾਵੇਂ ਛੋਟਾ ਭੀ ਹੋਵੇ, ਉਸ ਦਾ ਆਪਣਾ ਸਵੈ-ਮਾਣ ਹੁੰਦਾ ਹੈ।

ਬੱਚਿਆਂ ਦੀ ਪਕਿਆਈ (maturity) ਲਈ ਉਸ ਦੀ ਪਾਲਣ ਪੋਸ਼ਣ ਬਹੁਤ ਹੀ ਸੁਚੱਜੇ ਢੰਗ ਨਾਲ ਅਤੇ ਬੜੀ ਮਿਹਨਤ ਨਾਲ ਹੋਣਾ ਜ਼ਰੂਰੀ ਹੈ। ਕਈ ਬੱਚਿਆਂ ਦੀ ਪੂਰੀ ਪਕਿਆਈ ਤੇ ਠੀਕ ਵਿਕਾਸ ਨਹੀਂ ਹੁੰਦਾ। ਜਿਹੜੇ ਬੱਚੇ ਆਮ ਜਾਣੇ ਜਾਂਦੇ ਤੇ ਮਿਥੇ ਹੋਏ ਮਾਪਾਂ ਦੇ ਅਨੁਸਾਰ ਪੂਰੇ ਨਹੀਂ ਉਤਰਦੇ ਜਾਂ ਉਹ ਮਨੋਵਿਗਿਆਨਕ, ਬੌਧਿਕ, ਸਮਾਜਿਕ ਅਤੇ ਵਿਵਹਾਰ ਦੇ ਵਿਚ ਠੀਕ ਵਧੇ ਫੁੱਲੇ ਨਹੀਂ ਉਹਨਾਂ ਨੂੰ ਬਚਗਾਨਾ, ਅੱਲੜ ਜਾਂ ਕੱਚੇ (Immature) ਆਖਿਆ ਜਾਂਦਾ ਹੈ।

ਕਈ ਬੱਚੇ ਸੰਤੁਲਤ ਤੌਰ ਤੇ ਇਕ ਸਾਰ ਤੇ ਠੀਕ ਵੱਧਦੇ ਫੁਲਦੇ ਨਹੀਂ। ਕਈ ਬੱਚੇ ਕਿਸੇ ਇਕ ਪੱਖ ਤੋਂ ਪੂਰੀ ਤਰ੍ਹਾਂ ਸਿਆਣੇ ਤੇ ਉਨਤ ਹੁੰਦੇ ਹਨ। ਪਰ ਕਿਸੇ ਹੋਰ ਪੱਖ ਤੋਂ ਕਮਜ਼ੋਰ ਜਾਂ ਘੱਟ ਪ੍ਰਫੁਲਤ ਹੁੰਦੇ ਹਨ। ਹੋ ਸਕਦਾ ਹੈ ਕੋਈ ਬੱਚਾ ਘਰ ਵਿਚ ਬਹੁਤ ਸਾਫ ਗੋ, ਡਿਸਿਪਲਿਨ ਵਾਲਾ, ਗਲਬਾਤ ਤੇ ਸਮਾਜਿਕ ਤੌਰ ਤੇ ਬਹੁਤ ਵਧੀਆ ਹੋਵੇ ਪਰ ਸਕੂਲ ਦੀ ਪੜ੍ਹਾਈ ਵਿਚ ਕਮਜ਼ੋਰ ਤੇ ਪਿੱਛੇ ਹੋਵੇ। ਹੋ ਸਕਦਾ ਹੈ ਉਹ ਘਰ ਵਿਚ ਬਹੁਤ ਵਿਉਂਤ ਵਾਲਾ ਤੇ ਸਫਾਈ ਵਾਲਾ ਹੋਵੇ ਪਰ ਸਕੂਲ ਦੀ ਪੜ੍ਹਾਈ ਲਿਖਾਈ ਵਿਚ ਮਾੜਾ, ਕੁਕੜੂ ਘਾਂਗੜੇ ਕੱਢਣ ਵਾਲਾ ਅਤੇ ਕਾਗਜ਼ ਕਿਤਾਬਾਂ ਖਿਲਰੇ ਤੇ ਫਟੇ ਹੋਏ ਹੀ ਰਹਿਣ।

ਹੋ ਸਕਦਾ ਹੈ ਬੱਚਾ ਹਰ ਪੱਖ ਤੋਂ ਠੀਕ ਵਧਿਆ ਫੁਲਿਆ ਅਤੇ ਉਮਰ ਦੇ ਅਨੁਸਾਰ ਉਨਤ ਹੋਵੇ ਤੇ ਹਰ ਕਾਰਗੁਜ਼ਾਰੀ ਭੀ ਉਮਰ ਅਨੁਸਾਰ ਠੀਕ ਹੋਵੇ। ਪਰ ਮਾਪਿਆਂ ਦੀਆਂ ਆਸਾਂ ਉਸ ਤੋਂ ਬਹੁਤ ਜ਼ਿਆਦਾ ਹੋਣ ਅਤੇ ਉਹ ਖਿਆਲੀ ਤੌਰ ਤੇ ਅਣਹੋਣੇ ਜਾਂ ਆਦਰਸ਼ਕ ਨਤੀਜੇ ਭਾਲਦੇ ਹੋਣ। ਇਸ ਨਾਲ ਬੱਚੇ ਤੇ ਹੋਰ ਭਾਰ ਤੇ ਦਬਾਅ ਵਧਾਇਆ ਜਾਏ ਤਾਂ ਉਹ ਨਿਰਾਸ਼ ਹੀ ਹੋ ਜਾਏ ਤੇ ਆਸਾਂ ਪੂਰੀਆਂ ਨਾ ਹੁੰਦੀਆਂ ਵੇਖ ਕੇ ਮਾਪੇ ਹੀ ਨਿਰਾਸ਼ ਹੋ ਜਾਣ। ਨਤੀਜਾ ਦੋਹਾਂ ਪੱਖਾਂ ਤੋਂ ਮਾੜਾ ਮਾਪਿਆ ਦੀਆਂ ਆਦਰਸ਼ਕ ਆਸਾਂ ਕਰਕੇ ਉਹ ਬੱਚਾ ਅੱਲੜ, ਕਮਲਾ ਤੇ ਘੱਟ ਸਿਆਣਾ ਜਾਂ ਨਾਲਾਇਕ ਲੱਗਣ ਲੱਗ ਜਾਏ। ਸੋ ਤਣਾਅ ਵਧਦਾ ਹੈ ਜਿਸ ਨਾਲ ਬੱਚੇ ਦੀ ਅਦਾਕਾਰੀ ਤੇ ਯੋਗ ਪ੍ਰਾਪਤੀ ਵਿਚ ਵਿਘਨ ਪੈ ਸਕਦਾ ਹੈ। ਮਾਪਿਆਂ ਵਲੋਂ ਨਾ-ਪੱਖੀ ਨੁਕਤਾਚੀਨੀ ਹਾਨੀਕਾਰਕ ਹੋ ਸਕਦੀ ਹੈ। ਪਰ ਅਜਾਈਂ ਤੇ ਵਾਧੂ ਜਾਂ ਕੁਥਾਵੀਂ ਪ੍ਰਸ਼ੰਸਾ ਨੂੰ ਭੀ ਬੱਚੇ ਸਵੀਕਾਰ ਨਹੀਂ ਕਰਦੇ। ਪ੍ਰਸ਼ੰਸਾ ਕਿਸੇ ਅਮਲ, ਕੰਮ ਦੀ ਚਾਹੀਦੀ ਹੈ ਨਾ ਕਿ ਸਿਰਫ ਸਖਸ਼ੀਅਤ ਦੀ।

ਕਈ ਬੱਚੇ ਬਹੁਤ ਮਨੋਵੇਗੀ/ਮੌਜੀ ਜਾਂ ਅਤਿ ਦੀ ਸਰਗਰਮੀ ਜਾਂ ਅਮਲ ਕਰਨ ਵਾਲੇ ਹੁੰਦੇ ਹਨ ਜੋ ਬੱਚੇ ਦੀ ਉਨਤੀ ਤੇ ਵਿਕਾਸ ਲਈ ਬਹੁਤ ਸਹਾਈ ਨਹੀਂ ਇਹਨਾਂ ਉਪਰ ਕਾਬੂ ਪਾ ਕੇ ਠੀਕ ਸੇਧ ਦੇਣਾ ਅਤੇ ਅਰਥ ਭਰਪੂਰ ਤੇ ਰਚਨਾਤਮਕ ਹੋਣ ਵੱਲ ਤੋਰਨਾ ਭੀ ਜ਼ਰੂਰੀ ਹੈ। ਇਸ ਵਿਚ ਮਾਪਿਆਂ ਅਤੇ ਸੁਚੱਜੇ ਉਸਾਰੂ ਮਾਹੌਲ ਦਾ ਅਹਿਮ ਰੋਲ ਹੈ।

(ਚਲਦਾ)

ਵਪਾਰ ਵਿਚ ਵਾਧੇ ਲਈ
ਯਾਦ ਰੱਖੋ

ਕਨੇਡਾ ਦਰਪਣ


# The Manitoba Mirror

# ਮੈਨੀਟੋਬਾ ਦਰਪਣ



ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

**ਰਾਜ ਸਿੰਘ ਮਾਨ**

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

NORTH AMERICAN LIFE

R R S P

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths



# V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ:

**V.I.P. SUPERMARKET**
739, Elice Ave. WINNIPEG, MAN.



# Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

## 100% ਡੂਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ
ਸਕਦਾ ਹੈ



# Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਲੇਟੇਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



## ਫਿਲਮਨਾਮਾ



# ਨਵੇਂ ਸ਼ਬਾਬ ਦਾ ਜਾਦੂ!

ਇਕ ਜ਼ਮਾਨਾ ਸੀ ਜਦੋਂ ਸੁਰਈਆ ਦੀਆਂ ਨਸ਼ੀਲੀਆਂ ਅੱਖਾਂ, ਲਰਜਦੇ ਹੌਂਠ ਤੇ ਛਲਕਦੀ ਜਵਾਨੀ ਤੋਂ ਦਰਸ਼ਕ ਬੁਰੀ ਤਰ੍ਹਾਂ ਦੀਵਾਨੇ ਸਨ। ਸੁਰਈਆ ਦੀ ਇਕ-ਇਕ ਅਦਾ ਨੌਜਵਾਨ ਦਿਲਾਂ ਦੀਆਂ ਧੜਕਣਾਂ ਨੂੰ ਤੇਜ਼ ਕਰਕੇ ਇਕ ਹਲਚਲ ਜਿਹੀ ਮਚਾ ਦਿੰਦੀ ਸੀ। ਲੱਖਾਂ-ਕਰੋੜਾਂ ਦੀਵਾਨੇ ਅਜਿਹੇ ਸਨ ਜਿਹੜੇ ਸੁਰਈਆ ਦੀਆਂ ਫਿਲਮ ਨੂੰ ਵਾਰ-ਵਾਰ ਦੇਖਣ ਸਿਰਫ ਇਸ ਲਈ ਜਾਂਦੇ ਸਨ ਕਿ ਢਾਈ ਘੰਟਿਆਂ ਦੀ ਫਿਲਮ ਵਿਚ ਉਹ ਸਰਈਆ ਨੂੰ ਜੀਅ ਭਰ ਦੇਖ ਤਾਂ ਸਕਣਗੇ

ਸੁਰਈਆ ਪਿਛੋਂ ਸੁਹੱਪਣ ਲਈ ਮਧੂਬਾਲਾ ਵੀ ਕਾਫੀ ਲੋਕਪ੍ਰੀਯਾ ਰਹੀ। ਇਨ੍ਹਾਂ ਦੋਨਾਂ ਪ੍ਰਤੀ ਗਜ਼ਬ ਦੀ ਦੀਵਾਨਗੀ ਸੀ ਦਰਸ਼ਕਾਂ ਵਿਚ। ਲੱਖਾਂ ਲੋਕ ਤਾਂ ਉਨ੍ਹਾਂ ਦੀਆਂ ਤਸਵੀਰਾਂ ਆਪਣੇ ਸ਼ੀਸ਼ਾ-ਏ-ਦਿਲ ਵਿਚ ਵਸਾ ਕੇ ਦਿਨ ਰਾਤ ਹਸੀਨ ਸੁਪਨਿਆਂ ਦੀ ਦੁਨੀਆਂ ਵਿਚ ਗਵਾਚੇ ਰਹਿੰਦੇ ਸਨ। ਇਸ ਤਰ੍ਹਾਂ ਦਾ ਜਾਦੂ ਸੀ ਉਨ੍ਹਾਂ ਦੇ ਸ਼ਬਾਬ ਵਿਚ। ਆਪਣੇ ਸ਼ਬਾਬ ਦੇ ਨਾਲ-ਨਾਲ ਅਭਿਨੈ ਲਈ ਵੀ ਇਹ ਅਭਿਨੇਤਰੀਆਂ ਅੱਜ ਵੀ ਯਾਦ ਕੀਤੀਆਂ ਜਾਂਦੀਆਂ ਹਨ।

ਪਰ ਅੱਜ ਦੀਆਂ ਨਵੀਆਂ ਅਭਿਨੇਤਰੀਆਂ ਦੀ ਜਿਹੜੀ ਨਵੀਂ ਫਸਲ ਸਾਡੇ ਸਾਹਮਣੇ ਉਭਰ ਕੇ ਆਈ ਹੈ, ਉਨ੍ਹਾਂ ਵਿਚ ਅਭਿਨੈ-ਪ੍ਰਤਿਭਾ ਘੱਟ; ਅੰਗ-ਪ੍ਰਦਰਸ਼ਨ ਦੀ 'ਕਲਾ' ਜ਼ਿਆਦਾ ਹੈ। ਕਿਮੀ, ਫਰਹਾ, ਮੰਦਾਕਿਨੀ, ਨੀਲਮ, ਪੂਨਮ, ਸੋਨਮ, ਆਦਿ। ਇਹ ਸਾਰੀਆਂ ਅਭਿਨੇਤਰੀਆਂ ਮਹਿਜ਼ ਆਪਣੇ ਕਪੜੇ ਲਾਹ ਕੇ ਹੀ ਅੱਜ ਫਿਲਮਾਂ ਵਿਚ ਬਰਕਰਾਰ ਰਹਿਣਾ ਚਾਹੁੰਦੀਆਂ ਹਨ। ਪਹਿਲਾਂ ਜਿਥੇ ਰੂਪ-ਸੌਂਦਰਯ ਦੇ ਨਾਲ-ਨਾਲ ਅਭਿਨੈ ਪ੍ਰਤਿਭਾ ਵੀ ਮਹੱਤਵਪੂਰਨ ਸਮਝੀ ਜਾਂਦੀ ਸੀ ਉਥੇ ਅੱਜ ਅਭਿਨੇਤਰੀਆਂ ਦੀ ਲੋਕਪ੍ਰੀਯਤਾ ਕੇਵਲ ਉਸ ਦੇ ਸੌਂਦਰਯ ਤੇ ਅਟਕ ਕੇ ਰਹਿ ਗਈ ਹੈ। ਸੁਰਈਆ, ਮਧੂਬਾਲਾ ਦੇ ਸੁਹੱਪਣ ਵਿਚ, ਉਨ੍ਹਾਂ ਦੇ ਸ਼ਬਾਬ ਵਿਚ ਤਾਂ ਕਹਿਰਾਂ ਦਾ ਜਾਦੂ ਸੀ, ਇਕ ਅਜੀਬ ਜਿਹੀ ਖਿਚ ਸੀ। ਪਰ ਅੱਜ ਦੀਆਂ ਇਨ੍ਹਾਂ ਨਵੀਆਂ ਹੀਰੋਇਨਾਂ ਵਿਚ ਨਾ ਤਾਂ ਅਭਿਨੈ ਪ੍ਰਤਿਭਾ ਹੀ ਹੈ ਤੇ ਨਾ ਹੀ ਉਨ੍ਹਾਂ ਦੇ ਸ਼ਬਾਬ ਵਿਚ ਉਹ ਜਾਦੂ ਹੈ ਜਿਹੜਾ ਦਰਸ਼ਕਾਂ ਨੂੰ ਦੀਵਾਨਾ ਬਣਾ ਦੇਵੇ। ਮੰਦਾਕਿਨੀ ਨੇ ਜਿਸ ਖੁਲ੍ਹਦਿਲੀ ਨਾਲ ਆਪਣਾ ਜਿਸਮ ਦਿਖਾਇਆ ਹੈ, ਅਜਿਹਾ ਹੌਂਸਲਾ ਪਹਿਲਾਂ ਕਿਸੇ ਅਭਿਨੇਤਰੀ ਨੇ ਨਹੀਂ ਸੀ ਕੀਤਾ। ਜ਼ੀਨਤ ਅਮਾਨ ਨੇ ਫਿਲਮ 'ਸਤਿਅਮ ਸ਼ਿਵਮ ਸੁੰਦਰਮ' ਵਿਚ ਜੋ ਕੁਝ ਕੀਤਾ ਸੀ, ਮੰਦਾਕਿਨੀ ਨੇ 'ਰਾਮ ਤੇਰੀ ਗੰਗਾ ਮੈਲੀ' ਵਿਚ ਉਸ ਤੋਂ ਵੀ ਦੋ ਕਦਮ ਵੱਧ ਕੇ ਹੀ ਕੀਤਾ। ਤੇ ਉਸ ਪਿਛੋਂ ਤਾਂ ਹਰ ਅਭਿਨੇਤਰੀ ਆਪਣੇ ਕੱਪੜੇ ਉਤਾਰ ਕੇ ਜਿਵੇਂ ਇਕ-ਦੂਜੇ ਤੋਂ ਅਗੇ ਨਿਕਲਣ ਦੀ ਜੀ ਤੋੜ ਕੋਸ਼ਿਸ਼ ਵਿਚ ਜੁਟ ਗਈਆਂ। ਪਰ ਮੰਦਾਕਿਨੀ ਵਿਚ ਜੋ ਸ਼ਬਾਬ ਹੈ ਤਾਂ ਇਸ ਨੂੰ ਕੇਵਲ ਰਾਜ ਕਪੂਰ ਹੀ ਇਸ ਖੂਬਸੂਰਤੀ ਨਾਲ ਉਭਾਰ ਸਕੇ ਕਿ ਉਹ ਦਰਸ਼ਕਾਂ ਤੇ ਜਾਦੂ ਦਾ ਅਸਰ ਕਰ ਗਿਆ ਨਹੀਂ ਤਾਂ ਬਾਅਦ ਦੀਆਂ ਜਿੰਨੀਆਂ ਵੀ ਫਿਲਮਾਂ ਵਿਚ ਮੰਦਾਕਿਨੀ ਨੇ ਆਪਣੇ ਕੱਪੜੇ ਉਤਾਰੇ, ਦਰਸ਼ਕਾਂ ਤੇ ਕੋਈ ਜਾਦੂ ਨਹੀਂ ਕੀਤਾ ਜਾ ਸਕਿਆ। ਕਿਮੀ ਕਾਟਕਰ ਨੇ ਵੀ ਆਪਣੇ ਜਿਸਮ ਦੇ ਜ਼ੋਰ ਤੇ ਹੀ ਕਾਫੀ ਫਿਲਮਾਂ ਹਥਿਆ ਲਈਆਂ ਹਨ। ਹੋਰ ਵੀ ਕਈ ਅਭਿਨੇਤਰੀਆਂ ਜਿਨ੍ਹਾਂ ਦੀ ਅੱਜ ਫਿਲਮ ਇੰਡਸਟਰੀ ਵਿਚ ਚਰਚਾ ਹੈ ਉਹ ਸਾਰੀਆਂ ਆਪਣੀ ਅਭਿਨੈ-ਪ੍ਰਤਿਭਾ ਦਾ ਘੱਟ, ਆਪਣੇ ਸ਼ਬਾਬ ਦਾ ਪ੍ਰਦਰਸ਼ਨ ਜ਼ਿਆਂਦਾ ਕਰਨ ਵਿਚ ਰੁਝੀਆਂ ਹੋਈਆਂ ਹਨ। ਇਸੇ ਅੰਗ-ਪ੍ਰਦਰਸ਼ਨ ਦੇ ਜ਼ੋਰ ਨਾਲ ਮੀਨਾਕਸ਼ੀ ਫਿਲਮ 'ਸ਼ਹਿਨਸ਼ਾਹ' ਵਿਚ ਅਮਿਤਾਭ ਬਚਨ ਦੀ ਹੀਰੋਇਨ ਬਣ ਬੈਠੀ।

ਅੰਗ-ਪ੍ਰਦਰਸ਼ਨ ਪੱਖੋਂ ਜਿਹੜੀ ਅਭਿਨੇਤਰੀ ਅੱਜ ਟਾਪ ਤੇ ਹੈ, ਉਹ ਹੈ ਸੋਨਮ, ਜਿਸ ਨੇ ਆਪਣੀ ਪਹਿਲੀ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ 50 ਫਿਲਮਾਂ ਕੇਵਲ ਆਪਣੇ ਸ਼ਬਾਬ ਕਾਰਨ ਹੀ ਹਥਿਆ ਲਈਆ ਹਨ। 'ਆਖਿਰੀ ਅਦਾਲਤ' ਤੇ 'ਵਿਜੈ' ਦੇਖਣ ਵਾਲਿਆਂ ਨੂੰ ਇਸ ਸਚਾਈ ਦਾ ਪਤਾ ਲਗ ਗਿਆ ਹੈ ਕਿ ਸੋਨਮ ਕਿਸ ਹੱਦ ਤੱਕ ਕੱਪੜੇ ਉਤਾਰ ਸਕਦੀ ਹੈ। ਦਰਸ਼ਕਾਂ ਨੇ ਜੀ-ਭਰ ਕੇ ਉਸ ਦੇ ਜਿਸਮ ਦੇ ਦਰਸ਼ਨ ਕੀਤੇ ਹਨ ਪਰ ਦਰਸ਼ਕਾਂ ਨੂੰ ਉਸ ਵਿਚ ਪ੍ਰਤਿਭਾ ਨਾਂ ਦੀ ਕੋਈ ਚੀਜ਼ ਨਹੀਂ ਦਿਸੀ। ਫਿਰ ਵੀ ਸੋਨਮ ਕੋਲ ਫਿਲਮਾਂ ਆ ਰਹੀਆਂ ਹਨ।

ਡਰੈਸ ਡਿਜ਼ਾਈਨਰ ਸਾਬੀਆ ਦੀ ਭਤੀਜੀ ਅਤੇ ਅਭਿਨੇਤਾ ਰਜ਼ਾ ਮੁਰਾਦ ਦੀ ਭਾਣਜੀ ਸੋਨਮ ਦਾ ਅਸਲੀ ਨਾਂ ਬਖਤਾਵਰ ਹੈ। ਜਤਿੰਦਰ ਦੀ ਸਿਫਾਰਿਸ਼ ਨਾਲ ਸਭ ਤੋਂ ਪਹਿਲਾਂ ਫਿਰੋਜ਼ ਖਾਨ ਨੇ ਉਸ ਨੂੰ ਆਪਣੀ ਫਿਲਮ 'ਯਲਗਾਰ' ਲਈ ਸਾਈਨ ਕੀਤਾ ਸੀ। ਉਸੇ ਸਕਰੀਨ ਟੈਸਟ ਨੂੰ ਦੇਖ ਕੇ ਸੋਨਮ ਕੋਲ ਨਿਰਮਾਤਾ ਨਿਰਦੇਸ਼ਕਾਂ ਦੀ ਲਾਈਨ ਲਗ ਗਈ। ਇਤਫਾਕ ਨਾਲ ਰਾਜੀਵ ਮਹਿਰਾ ਦੀ 'ਆਖਰੀ ਅਦਾਲਤ' ਤੇ ਯਸ਼ ਚੋਪੜਾ ਦੀ 'ਵਿਜੈ' ਪਹਿਲਾਂ ਬਣ ਗਈਆਂ ਅਤੇ ਰਿਲੀਜ਼ ਹੋ ਗਈਆਂ।

ਸੋਨਮ ਤਨ ਤੇ ਮਨ ਦੋਨਾਂ ਪਾਸਿਆਂ ਤੋਂ ਖੁੱਲ੍ਹੇ ਵਿਚਾਰਾਂ ਦੀ ਹੈ। ਇਸ ਲਈ ਉਸ ਦੀ ਟਿਊਨਿੰਗ ਛੇਤੀ ਹੀ ਸਾਰਿਆਂ ਨਾਲ ਬੈਠ ਜਾਂਦੀ ਹੈ। ਉਸ ਨੂੰ ਇਸ ਗੱਲ ਤੋਂ ਵੀ ਕੋਈ ਇਤਰਾਜ਼ ਨਹੀਂ ਕਿ ਨਿਰਦੇਸ਼ਕ ਕੇਵਲ ਉਸ ਦੇ ਜਿਸਮ ਨੂੰ ਦਿਖਾਉਣ ਲਈ ਹੀ ਉਸ ਦੇ ਸਰੀਰ ਤੇ ਕੱਪੜੇ ਪਾਉਣ ਵਿਚ ਕੰਜੂਸੀ ਵਰਤਦੇ ਹਨ। ਸਗੋਂ ਸੋਨਮ ਖੁਦ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਹਿਯੋਗ ਦਿੰਦੀ ਹੈ। ਉਸ ਦਾ ਕਹਿਣਾ ਹੈ ਕਿ 'ਜੇ ਮੇਰੇ ਕੋਲ ਦਿਖਾਉਣ ਲਈ ਸੁੰਦਰ ਸਰੀਰ ਹੈ ਤਾਂ ਕਿਉਂ ਨਾ ਮੈਂ ਉਸ ਦਾ ਇਸਤੇਮਾਲ ਕਰਾਂ?'

ਫਿਲਮ 'ਵਿਜੈ' ਵਿਚ ਤਾਂ ਸੋਨਮ ਨੇ ਬਹੁਤ ਉਤੇਜਨਾ ਭਰੇ ਦ੍ਰਿਸ਼ ਵੀ ਦਿੱਤੇ ਹਨ। ਸ਼ੂਟਿੰਗ ਸਮੇਂ ਜਦੋਂ ਹੀਰੋ ਰਿਸ਼ੀ ਕਪੂਰ ਨੇ ਉਸ ਦਾ ਚੁੰਮਣ ਲਿਆ ਤਾਂ ਉਸ ਨੇ ਬੇਧੜਕ ਹੋ ਕੇ ਸਹਿਯੋਗ ਦਿੱਤਾ। ਅੱਜ ਸੋਨਮ ਆਪਣੀ ਇਸੇ ਖੁਲ੍ਹਦਿਲੀ ਕਰਕੇ ਫਿਲਮੀ ਦੁਨੀਆਂ ਦੇ ਵੱਡੇ ਤੋਂ ਵੱਡੇ ਹੀਰੋ ਨਾਲ ਕੰਮ ਕਰ ਰਹੀ ਹੈ। ਰਿਸ਼ੀ ਕਪੂਰ, ਵਿਨੋਦ ਖੰਨਾ, ਮਿਥੁਨ, ਦੇਵ ਆਨੰਦ, ਜੈਕੀ ਸ਼ਰਾਫ, ਸੰਜੈ ਦੱਤ, ਸ਼ਤਰੂਘਨ ਸਿਨਹਾ, ਇਥੋਂ ਤੱਕ ਕਿ ਅਮਿਤਾਬ ਨਾਲ 'ਅਜੂਬਾ' ਵਿਚ ਵੀ ਉਹ ਹੀਰੋਇਨ ਹੈ। ਇਕ ਪਾਸੇ ਉਸ ਦਾ ਹੀਰੋ ਸੰਨੀ ਦਿਓਲ ਹੈ ਤੇ ਦੂਜੇ ਪਾਸੇ ਧਰਮਿੰਦਰ ਵੀ ਹੈ। ਪਰ ਉਸ ਦੀਆਂ ਦੋ ਪ੍ਰਦਰਸ਼ਿਤ ਫਿਲਮਾਂ ਨੂੰ ਵੇਖ ਕੇ ਤਾਂ ਇਹ ਨਹੀਂ ਲਗਦਾ ਕਿ ਸੋਨਮ ਬਹੁਤੇ ਦਿਨਾਂ ਤੱਕ ਫਿਲਮਾਂ ਵਿਚ ਟਿਕ ਸਕੇਗੀ। ਹਾਲਾਂ ਕਿ ਉਸ ਨੇ ਰੋਸ਼ਨ ਤਨੇਜਾ ਤੋਂ ਅਭਿਨੈ ਵੀ ਸਿੱਖਿਆ ਹੈ ਤੇ ਮਧੂਮਤੀ, ਵਿਜੈ ਆਸਕਰ ਅਤੇ ਗੋਪੀ ਕ੍ਰਿਸ਼ਨ ਤੋਂ ਨ੍ਰਿਤ ਦੀ ਵੀ ਸਿਖਲਾਈ ਲਈ ਹੈ। ਪਰ ਅਜੇ ਤੱਕ ਨਾ ਤਾਂ ਉਸ ਨੂੰ ਨ੍ਰਿਤ ਹੀ ਕਰਨਾ ਆਇਆ ਹੈ ਤੇ ਨਾ ਹੀ ਅਭਿਨੈ। ਫਿਰ ਕੇਵਲ ਜਿਸਮ ਦਿਖਾ ਕੇ ਉਹ ਕਦੋਂ ਤੱਕ ਟਿਕ ਸਕੇਗੀ। ਇਸ ਮਾਇਆਵੀ ਦੁਨੀਆਂ ਵਿਚ ਅਭਿਨੈ ਪ੍ਰਤੀ ਉਸ ਨੂੰ ਸੁਚੇਤ ਹੋਣਾ ਪਏਗਾ। ਸੋਨਮ ਦੀਆਂ ਕੁਝ ਆਉਣ ਵਾਲੀਆਂ ਫਿਲਮਾਂ ਹਨ - 'ਆਸਮਾਨ ਸੇ ਊਂਚਾ', 'ਆਖਿਰੀ ਬਾਜ਼ੀ', 'ਐਕਸ਼ਨ', 'ਆਖਰੀ ਗੁਲਾਮ', 'ਦੋ ਫੰਟੂਸ', 'ਹਿੰਸਾ', 'ਸਰਜ਼ਮੀਂ', 'ਇਨਸਾਫ ਅਪਨੇ ਲਹੂ ਸੇ', 'ਇਨਸਾਨੀਅਤ', 'ਲਸ਼ਕਰ', 'ਤ੍ਰਿਦੇਵ', 'ਰਾਈਸਜ਼ਾਦਾ', 'ਨਾ ਇਨਸਾਫੀ', 'ਨਾਕਾਬੰਦੀ', 'ਰਾਜ਼ਦਾਰ', 'ਯਲਗਾਰ', 'ਪੁਲਿਸ ਵਾਲਾ', 'ਕੋਹਰਾਮ', 'ਗੋਲਾਬਾਰੂਦ', 'ਆਖਿਰੀ ਕਾਰਤੂਸ' 'ਮੁਝ ਸੇ ਬੁਰਾ ਨਾ ਕੋਈ' ਆਦਿ।

ਸੋਨਮ ਦੀ ਤੁਲਨਾ ਵਿਚ ਫਰਹਾ ਨੇ ਆਪਣੇ ਜਿਸਮ ਦੀ ਨੁਮਾਇਸ਼ ਘੱਟ ਹੀ ਕੀਤੀ ਹੈ। ਫਿਰ ਵੀ ਉਸ ਨੂੰ ਫਿਲਮਾਂ ਮਿਲਦੀਆਂ ਹੀ ਰਹੀਆਂ ਸਨ। ਹਾਲਾਂਕਿ ਉਸ ਦੀ ਪਹਿਲੀ ਫਿਲਮ 'ਫਾਸਲੇ' ਪੂਰੀ ਤਰ੍ਹਾਂ ਕਮਰਸ਼ੀਅਲ ਹੁੰਦਿਆਂ ਹੋਇਆਂ ਵੀ ਫਲਾਪ ਹੋ ਗਈ ਸੀ ਤੇ ਅਮਿਤਾਭ ਨੇ ਇਕ ਵਾਰ ਕਿਹਾ ਸੀ ਕਿ ਫਰਹਾ ਇਕ ਦਮ ਬਚਗਾਨੀ ਲਗਦੀ ਹੈ। ਜਦਕਿ ਯਸ਼ ਚੋਪੜਾ ਨੇ ਆਪਣੀ ਫਿਲਮ 'ਫਾਸਲੇ' ਵਿਚ ਕੰਮ ਕਰਨ ਤੋਂ ਪਹਿਲਾਂ ਉਸ ਨੂੰ ਆਸ਼ਾ ਚੰਦਰਾ ਕੋਲੋਂ ਬਾਕਾਇਦਾ ਅਭਿਨੈ ਦੀ ਟ੍ਰੇਨਿੰਗ ਦਿਵਾਈ ਸੀ। ਹੁਣ ਤੱਕ ਫਰਹਾ ਦੀਆਂ ਲਗਪਗ ਦਰਜਨ ਫਿਲਮਾਂ ਰਿਲੀਜ਼ ਹੋ ਚੁਕੀਆਂ ਹਨ ਪਰ ਅਭਿਨੈ ਦੇ ਪੱਖੋਂ ਉਸ ਨੇ ਅਜੇ ਤੱਕ ਕੋਈ ਖਾਸ ਤੀਰ ਨਹੀਂ ਮਾਰਿਆ। ਹਾਂ ਆਪਣੇ ਰੁਮਾਂਸ (ਪਹਿਲਾਂ ਰੋਹਣ, ਜੈਕੀ, ਚੰਕੀ, ਰਾਜੇਸ਼ ਸੇਠੀ ਤੇ ਹੁਣ ਦਾਰਾ ਸਿੰਘ ਦੇ ਲੜਕੇ ਵਰਿੰਦਰ ਨਾਲ) ਤੇ ਆਪਣੀਆਂ ਮੰਦੀਆਂ ਗੱਲਾਂ ਕਾਰਨ ਜ਼ਰੂਰ ਲੋਕਪ੍ਰੀਆ ਰਹੀ ਹੈ। 'ਲਵ-86' ਵਿਚ ਉਸ ਨੇ ਅੰਗ-ਪ੍ਰਦਰਸ਼ਨ ਕਰਕੇ ਆਪਣੀ ਇਸ ਬਹਾਦਰੀ ਦਾ ਵੀ ਸਬੂਤ ਪੇਸ਼ ਕੀਤਾ ਹੈ। ਸ਼ੁਰੂ ਵਿਚ ਤਾਂ ਉਸ ਨੇ ਬਹੁਤ ਡੀਂਗਾਂ ਮਾਰੀਆਂ ਸਨ ਕਿ 'ਮੈਂ ਕੱਪੜੇ ਉਤਾਰੂ ਦ੍ਰਿਸ਼ ਦੇ ਕੇ ਸੈਕਸ ਸਿੰਬਲ ਹਰਗਿਜ਼ ਨਹੀਂ ਬਣਾਂਗੀ।'

ਪਰ ਅਸਲੀਅਤ ਇਹ ਹੈ ਕਿ ਫਰਹਾ ਵੀ ਹੁਣ ਸਮਝੌਤੇ ਕਰਨ ਲਗ ਪਈ ਹੈ। ਪਰ ਇਸ ਤਰ੍ਹਾਂ ਕਰਨ ਨਾਲ ਫਿਲਮ ਇੰਡਸਟਰੀ ਵਿਚ ਗੱਲ ਨਹੀਂ ਬਣਦੀ। ਉਸ ਨੂੰ ਅਭਿਨੈ ਪ੍ਰਤੀ ਗੰਭੀਰ ਹੋਣਾ ਚਾਹੀਦਾ ਹੈ। ਫਿਰ ਉਸ ਕੋਲ ਸੋਨਮ ਨਾਲੋਂ ਵੱਧ ਦਿਲਕਸ਼ ਜਿਸਮ ਹੈ। ਫਰਹਾ ਦੀਆਂ ਆਉਣ ਵਾਲੀਆਂ ਫਿਲਮਾਂ ਹਨ - ਯਤੀਮ, ਕੜੀ, ਅੰਗਰੇਜ਼, ਮਹਾਕਾਲੀ, ਕਾਲਾ ਬਜ਼ਾਰ, ਸ਼ੇਰਾ-ਸ਼ਮਸ਼ੇਰਾ ਆਦਿ।

ਹਾਂਗਕਾਂਗ ਤੋਂ ਆਈ ਨਸ਼ੀਲੀਆਂ ਅੱਖਾਂ ਵਾਲੀ ਤੇ ਮਾਸੂਮ ਜਿਹੀ ਦਿਸਣ ਵਾਲੀ ਸੋਖ-ਚੰਚਲ ਲੜਕੀ ਨੀਲਮ ਨੂੰ ਦੇਖਦਿਆਂ ਹੀ ਦਰਸ਼ਕ ਉਸ ਤੇ ਮਰ ਮਿਟੇ ਸਨ। ਨੀਲਮ ਦੀ ਪਹਿਲੀ ਫਿਲਮ ਸੀ 'ਜਵਾਨੀ' ਜੋ ਟਿਕਟ ਖਿੜਕੀ ਤੇ ਕੋਈ ਵੱਡਾ ਮਾਅਰਕਾ ਨਹੀਂ ਸੀ ਮਾਰ ਸਕੀ। ਬਾਅਦ ਵਿਚ 'ਲਵ-86' ਸਫਲ ਰਹੀ ਤੇ ਫਿਰ ਨੀਲਮ ਵੀ ਫਿਲਮਾਂ ਵਿਚ ਜਮਦੀ ਗਈ। 'ਆਗ ਹੀ ਆਗ' ਵਿਚ ਨੀਲਮ ਨੇ ਖੁੱਲ੍ਹ ਕੇ ਅੰਗ ਪ੍ਰਦਰਸ਼ਨ ਕੀਤਾ। ਵਿਦੇਸ਼ੀ ਮਾਹੌਲ ਵਿਚ ਪਲੀ ਹੋਣ ਕਾਰਨ ਨੀਲਮ ਦੇ ਆਚਾਰ-ਵਿਹਾਰ ਵਿਚ ਕਾਫੀ ਖੁਲ੍ਹਾ-ਡੁਲ੍ਹਾ-ਪਨ ਝਲਕਦਾ ਹੈ ਤੇ ਇਹੀ ਖੁਲ੍ਹਾ-ਡੁਲਾ-ਪਨ ਉਹ ਅੰਗ ਪ੍ਰਦਰਸ਼ਨ ਲਈ ਵੀ ਅਪਣਾ ਰਹੀ ਹੈ ਜੋ ਉਸ ਨੂੰ ਕੁਝ ਫਿਲਮਾਂ ਤਾਂ ਜ਼ਰੂਰ ਦਿਵਾ ਸਕਦਾ ਹੈ ਪਰ ਸਥਾਈ ਲੋਕਪ੍ਰਿਯਤਾ ਨਹੀਂ। ਵੈਸੇ ਤਾਂ ਨੀਲਮ ਕੋਲ ਵੀ ਇਸ ਸਮੇਂ ਦਰਜਨ ਕੁ ਫਿਲਮਾਂ ਹਨ ਤੇ 5-6 ਫਿਲਮਾਂ ਰਿਲੀਜ਼ ਵੀ ਹੋ ਚੁਕੀਆਂ ਹਨ ਪਰ ਅਜੇ ਤੱਕ ਉਹ ਆਪਣੀ ਕੋਈ ਖਾਸ ਇਮੇਜ਼ ਨਹੀਂ ਬਣਾ ਸਕੀ। ਹਾਂ ਸੋਨਮ ਤੇ ਫਰਹਾ ਦੇ ਮੁਕਾਬਲੇ ਉਸ ਦਾ ਸਰੀਰ (ਜਿਵੇਂ ਕਿ ਅਸੀਂ ਦੇਖ ਚੁਕੇ ਹਾਂ) ਜ਼ਰੂਰ ਜਾਦੂ ਭਰਿਆ ਹੈ।

ਗਲੈਮਰ ਪੱਖੋਂ ਦੇਖੀਏ ਤਾਂ ਮਾਧੁਰੀ ਦੀਕਸ਼ਤ ਵੀ ਪਹਿਲੀ ਨਜ਼ਰ ਵਿਚ ਹੀ ਦਿਲ ਧੂਹਦੀ ਹੈ। ਅਭਿਨੈ ਵਿਚ ਵੀ ਉਹ ਤਿੰਨਾਂ ਨਾਲੋਂ ਬਾਜ਼ੀ ਮਾਰ ਜਾਂਦੀ ਹੈ। ਇਸ ਦੀ ਠੋਸ ਉਦਾਹਰਣ ਹੈ, ਰਾਜ ਸ੍ਰੀ ਦੀ ਪਹਿਲੀ ਫਿਲਮ 'ਅਬੋਧ' ਜਿਸ ਵਿਚ ਉਸ ਨੇ ਕਾਫੀ ਚੁਣੌਤੀ ਵਾਲੀ ਭੂਮਿਕਾ ਕੀਤੀ ਹੈ। ਫਿਲਮ ਭਾਵੇਂ ਖਾਸ ਨਹੀਂ ਚਲੀ, ਫਿਰ ਵੀ ਮਾਧੁਰੀ ਦੀਕਸ਼ਤ ਨੂੰ 'ਸਵਾਤੀ', 'ਅਵਾਰਾ ਬਾਪ', ਅਤੇ 'ਜਾਗਰਣ' ਫਿਲਮਾਂ ਵਿਚ ਵੀ ਕੰਮ ਮਿਲਿਆ। ਪਿਛਲੇ ਮਹੀਨੇ ਹੀ ਮਾਧੁਰੀ ਦੀਆਂ ਦੋ ਮਹੱਤਵਪੂਰਨ ਫਿਲਮਾਂ ਰਿਲੀਜ਼ ਹੋਈਆਂ—'ਹਿਫਾਜ਼ਤ' ਤੇ 'ਉਤਰ ਦੱਖਣ'। ਅਸਲ ਵਿਚ ਉਨ੍ਹਾਂ ਦੋ ਫਿਲਮਾਂ ਨੇ ਮਾਧੁਰੀ ਦੇ ਕੈਰੀਅਰ ਨੂੰ ਚਮਕਾਇਆ ਹੈ। ਸੁਭਾਸ਼ ਘਈ ਨੂੰ ਮਾਧੁਰੀ ਆਪਣਾ ਗਾਡ ਮੰਨਦੀ ਹੈ। ਉਨ੍ਹਾਂ ਨੇ ਹੀ ਆਪਣੇ ਸਹਾਇਕ ਪ੍ਰਭਾਤ ਖੰਨਾ ਤੋਂ 'ਉਤਰ ਦੱਖਣ' ਦਾ ਨਿਰਮਾਣ ਕਰਾਇਆ ਜੋ ਬੇਹੱਦ ਸਫਲ ਫਿਲਮ ਰਹੀ। ਫਿਲਮ ਵਿਚ ਜਿਥੇ ਮਾਧੁਰੀ ਨੇ ਖੁਲ੍ਹ ਕੇ ਅੰਗ-ਪ੍ਰਦਰਸ਼ਨ ਕੀਤਾ ਉਥੇ ਐਕਟਿੰਗ ਵੀ ਗੰਭੀਰਤਾ ਨਾਲ ਕੀਤੀ। ਉਸ ਦੀ ਐਕਟਿੰਗ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਮਾਧੁਰੀ ਵਿਚ ਅਭਿਨੈ-ਪ੍ਰਤਿਭਾ ਹੈ। ਜ਼ਰੂਰਤ ਹੈ ਉਸ ਨੂੰ ਨਿਖਾਰਨ ਦੀ। ਦੂਜੇ ਪਾਸੇ ਮਾਧੁਰੀ ਦਾ ਸ਼ਬਾਬ ਤੇ ਹੁਸਨ ਵੀ ਫਰਹਾ, ਨੀਲਮ ਅਤੇ ਸੋਨਮ ਨਾਲੋਂ ਵਧ ਜਾਦੂ ਭਰਿਆ ਹੈ। ਮਾਧੁਰੀ ਦੀਆਂ ਆਉਣ ਵਾਲੀਆਂ ਫਿਲਮਾਂ ਹਨ— ਮੋਹਰੇ, ਤੇਜ਼ਾਬ, ਅਜੀਬ ਆਦਮੀ, ਇਲਾਕਾ, ਪਰਿੰਦਾ, ਖਿਲਾਫ, ਵਰਦੀ, ਤ੍ਰਿਦੇਵ, ਰਾਮ ਲਖਨ ਆਦਿ।

ਅਜੋਕੀਆਂ ਫਿਲਮਾਂ ਵਿਚ ਹੀਰੋਇਨਾਂ ਜਿਥੇ ਅੰਗ-ਪ੍ਰਦਰਸ਼ਨ ਦੀ ਬੈਸਾਖੀ ਤੇ ਸਫਲਤਾ ਤੇ ਲੋਕਪ੍ਰੀਅਤਾ ਪ੍ਰਾਪਤ ਕਰਨ ਦੀ ਦੌੜ ਵਿਚ ਲੱਗੀਆਂ ਹੋਈਆਂ ਹਨ, ਉਥੇ ਅਭਿਨੇਤਾਵਾਂ ਦੀ ਨਵੀਂ ਪੀੜ੍ਹੀ ਕੇਵਲ ਡਾਂਸ ਦੇ ਸਹਾਰੇ ਹੀ ਸਫਲ ਹੋ ਰਹੀ ਹੈ। ਪਹਿਲਾਂ ਤਾਂ ਅਭਿਨੇਤਰੀਆਂ ਦਾ ਨ੍ਰਿਤਕੁਸ਼ਲ ਹੋਣਾ ਉਨ੍ਹਾਂ ਦਾ ਵਿਸ਼ੇਸ਼ ਗੁਣ ਮੰਨਿਆ ਜਾਂਦਾ ਸੀ। ਪਰ ਪੱਛਮੀ ਸਭਿਅਤਾ ਦਾ ਪ੍ਰਭਾਵ ਜਦੋਂ ਤੋਂ ਸਾਡੀਆਂ ਫਿਲਮਾਂ ਤੇ ਪਿਆ ਹੈ, ਉਦੋਂ ਤੋਂ ਅਭਿਨੇਤਰੀਆਂ ਲਈ ਐਕਟਿੰਗ ਦੀ ਬਜਾਏ ਨੱਚਣਾ ਹੀ ਪ੍ਰਧਾਨ ਹੋ ਗਿਆ ਹੈ। ਮਿਠਨ ਚਕਰਵਰਤੀ ਦੀ ਸਫਲਤਾ ਵਿਚ ਉਸ ਦਾ ਡਾਂਸ ਕਾਫੀ ਸਹਾਇਕ ਸਿਧ ਹੋਇਆ ਹੈ। ਦੇਖਦਿਆਂ ਹੀ ਦੇਖਦਿਆਂ ਹੀਰੋਆਂ ਦੀ ਨਵੀਂ ਪੀੜ੍ਹੀ ਵੀ ਇਸੇ ਪਾਸੇ ਵਲ ਅੰਨ੍ਹੀ ਦੌੜ ਲਾਉਣ ਲਗ ਪਈ।

ਅੱਜ ਸਫਲ ਡਾਂਸ ਸਟਾਰ ਗੋਵਿੰਦਾ ਹੈ ਜਿਸ ਨੇ ਫਿਲਮਾਂ ਵਿਚ ਅਭਿਨੈ ਦਾ ਟਰੈਂਡ ਹੀ ਬਦਲ ਦਿੱਤਾ ਹੈ। ਉਸ ਕੋਲ ਇਸ ਸਮੇਂ 80 ਫਿਲਮਾਂ ਹਨ ਤੇ ਉਹ ਚਾਰ-ਚਾਰ ਸ਼ਿਫਟਾਂ ਵਿਚ ਕੰਮ ਕਰ ਰਿਹਾ ਹੈ ਤੇ ਆਪਣੇ ਨਿਰਦੇਸ਼ਕਾਂ ਨੂੰ ਦਿਨ ਭਰ ਵਿਚ ਮੁਸ਼ਕਲ ਨਾਲ 4-5 ਘੰਟਿਆਂ ਦਾ ਸਮਾਂ ਦੇ ਸਕਿਆ ਹੈ। ਇਹੋ ਨਹੀਂ, ਗੋਵਿੰਦਾ ਦਾ ਇਕ ਹੋਰ ਰਿਕਾਰਡ ਵੀ ਹੈ। ਆਪਣੀ ਪਹਿਲੀ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਉਸ ਕੋਲ 25-30 ਫਿਲਮਾਂ ਆ ਚੁਕੀਆਂ ਸਨ। ਗੋਵਿੰਦਾ ਦੀਆਂ ਆਉਣ ਵਾਲੀਆਂ ਫਿਲਮਾਂ ਹਨ—ਲਾਠੀ, ਸੰਕਟ, ਜਵਾਂ ਮੁਹੱਬਤ, ਹਾਰ ਜੀਤ ਆਦਿ।

ਗੋਵਿੰਦਾ ਪਿਛੋਂ ਸਭ ਤੋਂ ਵੱਧ ਚਰਚਿਤ ਨਵੇਂ ਚਿਹਰੇ ਦਾ ਨਾਂ ਹੈ ਚੰਕੀ ਪਾਂਡੇ। ਚੰਗਾ ਕੱਦ-ਕਾਠ, ਗੋਰਾ ਬਦਨ, ਲੰਬਾ ਚਿਹਰਾ, ਤਿੱਖੇ ਨੈਣ ਨਕਸ਼ ਤੇ ਬੜੀ ਲਾਪ੍ਰਵਾਹੀ ਨੇ ਖਿਲਾਰੇ ਘੁੰਗਰਾਲੇ ਕਾਲੇ ਵਾਲ। ਇਹੀ ਹੈ ਚੰਕੀ ਪਾਂਡੇ ਦੀ ਸ਼ਖਸੀਅਤ। ਅੱਜ ਉਭਰਦੇ ਸਟਾਰਾਂ ਵਿਚ ਚੰਕੀ ਪਾਂਡੇ ਦਾ ਨਾਂ ਸਭ ਤੋਂ ਉਪਰ ਹੈ। ਹਰ ਦੂਜੀ-ਤੀਜੀ ਵੱਡੀ ਫਿਲਮ ਵਿਚ ਚੰਕੀ ਕੰਮ ਕਰ ਰਿਹਾ ਹੈ। ਚੰਕੀ ਦੀ ਰਿਲੀਜ਼ ਹੋ ਚੁਕੀ ਫਿਲਮ 'ਆਗ ਹੀ ਆਗ' ਨੇ ਉਸ ਦੀ ਲੋਕਪ੍ਰੀਯਤਾ ਵਿਚ ਵਾਧਾ ਹੀ ਕੀਤਾ ਹੈ। ਅੱਜ ਉਸ ਕੋਲ ਘਟੋ-ਘੱਟ ਤੀਹ ਫਿਲਮਾਂ ਹਨ।

ਚੰਕੀ ਦੀ ਮਾਂ ਡਾ: ਸਨੇਹ ਲਤਾ ਪਾਂਡੇ ਮੰਨੀ-ਪ੍ਰਮੰਨੀ ਡਾਇਟੀਸ਼ਿਅਨ ਹੈ। ਉਹ ਰੇਖਾ ਦੀ ਬਹੁਤ ਸਲਾਹਕਾਰ ਹੋਣ ਦੇ ਨਾਲ-ਨਾਲ ਉਸ ਦੀ ਪੱਕੀ ਦੋਸਤ ਵੀ ਹੈ ਚੰਕੀ ਦੇ ਪਿਤਾ ਵੀ ਬੰਬਈ ਵਿਚ ਡਾਕਟਰ ਹਨ।

ਨ੍ਰਿਤ ਵਿਚ ਵੀ ਚੰਕੀ ਕਾਫੀ ਮਾਹਿਰ ਹੈ। ਇਸ ਲਈ ਉਸ ਦੀ ਸਿੱਧੀ ਟੱਕਰ ਗੋਵਿੰਦਾ ਨਾਲ ਹੈ। ਫਿਲਮ 'ਬਰਾਬਰ ਦੀ ਟੱਕਰ' ਵਿਚ ਚੰਕੀ ਤੇ ਗੋਵਿੰਦਾ ਇਕੱਠੇ ਕੰਮ ਕਰ ਰਹੇ ਹਨ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਆਉਣ ਵਾਲਾ ਸਮਾਂ ਚੰਕੀ ਲਈ ਹੋਰ ਵੀ ਉਜੱਲ ਹੋਵੇਗਾ। ਉਸ ਦੀਆਂ ਆਉਣ ਵਾਲੀਆਂ ਫਿਲਮਾਂ ਹਨ — ਉਸਤਾਦ, ਮਿੱਟੀ ਔਰ ਸੋਨਾ, ਖਿਲਾਫ, ਤੜਪ, ਵਾਰ ਪੇ ਵਾਰ, ਖੁਲ੍ਹੇ ਆਮ, ਜ਼ਖਮ, ਪੁਲਸਵਾਲਾ, ਗੋਲਾ ਬਾਰੂਦ, ਇਨਸਾਨੀਅਤ, ਦਰਾਰ, ਨਾਕਾਬੰਦੀ, ਜ਼ਹਿਰੀਲੇ, ਜਯ ਸ਼ਿਵ ਸ਼ੰਕਰ, ਅਗਨੀ, ਆਤਿਸ਼ਬਾਜ਼ੀ, ਤੇਜ਼ਾਬ, ਗੁਨਾਹੋਂ ਕਾ ਫੈਸਲਾ ਆਦਿ।

ਗੋਵਿੰਦਾ ਤੇ ਚੰਕੀ ਪਾਂਡੇ ਦੀ ਪੀੜ੍ਹੀ ਦਾ ਹੀ ਕਲਾਕਾਰ ਹੈ ਸੁਮੀਤ ਸਹਿਗਲ ਭੋਲੇ-ਭਾਲੇ ਪਰ ਗਲੈਮਰਸ ਚਿਹਰੇ ਵਾਲਾ ਸੁਮੀਤ ਅਭਿਨੈ ਪੱਖੋਂ ਦੋਨਾਂ ਨਾਲੋਂ ਘੱਟ ਨਹੀਂ। ਬਸ, ਫਿਲਮੀ ਰਾਜਨੀਤੀ ਨਾ ਸਮਝਣ ਕਾਰਨ ਕਈ ਫਿਲਮਾਂ ਉਸ ਦੇ ਹੱਥੋਂ ਨਿਕਲ ਗਈਆਂ ਹਨ।

ਸੁਮੀਤ ਸਹਿਗਲ ਵੀ ਕਲਾ ਪ੍ਰੇਮੀ ਤੇ ਕਲਾਕਾਰਾਂ ਦੇ ਪਰਿਵਾਰਾਂ ਵਿਚੋਂ ਹੈ। ਉਸ ਦੇ ਪਿਤਾ ਕਿਸ਼ਨ ਸਹਿਗਲ ਫਿਲਮਾਂ ਵਿਚ ਫੋਟੋਗਰਾਫਰ ਹਨ ਤੇ ਚਾਚਾ ਰਮੇਸ਼ ਸਹਿਗਲ ਵੀ ਫਿਲਮਾਂ ਨਾਲ ਜੁੜੇ ਹੋਏ ਹਨ। ਰਾਜ ਕੁਮਾਰ ਕੋਹਲੀ ਦੀ ਫਿਲਮ 'ਇਨਸਾਨੀਅਤ ਕੇ ਦੁਸ਼ਮਣ', ਨਾਲ ਸੁਮੀਤ ਦੀ ਪਛਾਣ ਬਣੀ। 'ਨਾਚੇ ਮਾਯੂਰੀ' ਤੇ 'ਜਾਨ ਹਥੇਲੀ ਪੇ' ਵਿਚ ਵੀ ਉਸ ਦੀ ਭੂਮਿਕਾ ਚੰਗੀ ਸੀ। ਇਸ ਸਮੇਂ ਉਸ ਕੋਲ 13-14 ਫਿਲਮਾਂ ਹਨ। ਉਨ੍ਹਾਂ ਦੀਆਂ ਆਉਣ ਵਾਲੀਆਂ ਫਿਲਮਾਂ ਹਨ— ਹਰਜਾਨਾ, ਜੇਠਾ, ਅਬ ਮੇਰੀ ਵਾਰੀ, ਜ਼ਿੰਦਾ ਜਲਾ ਦੂੰਗਾ, ਅਪਨੇ ਬੇਗਾਨੇ, ਲਸ਼ਕਰ, ਬਿਲੂ ਬਾਦਸ਼ਾਹ, ਸੌਤਨ ਕੀ ਬੇਟੀ, ਮਿ: ਡੇਵਿਡ ਅਤੇ ਗਰੀਬੋਂ ਕਾ ਦਾਤਾ ਆਦਿ।




## ਗਿਆਨ ਸ਼ਕਤੀ ਹੈ




## ਸਾਈਕਿਕ ਰੀਡਰ ਸਾਰਾ

ਆਪਣੀਆਂ ਹਸਤ-ਰੇਖਾਵਾਂ ਤੋਂ ਜ਼ਿੰਦਗੀ, ਪਿਆਰ, ਵਿਆਹ, ਵਪਾਰ, ਸਿਹਤ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਵੋ। ਸਾਰਾ ਵਿਛੜਿਆਂ ਨੂੰ ਮੇਲਣ ਤੇ ਮਾੜੀ ਕਿਸਮਤ ਨੂੰ ਚੰਗੇ ਵਿਚ ਬਦਲਣ ਦੇ ਸਮਰੱਥ ਹੈ। ਇਕ ਵਾਰੀ ਜ਼ਰੂਰ ਆਜ਼ਮਾਓ।

ਮੁਲਾਕਾਤ ਲਈ ਸਮਾਂ ਨੀਯਤ ਕਰਨ ਲਈ ਫ਼ੋਨ ਕਰੋ :

Tarot Card and Palm Reader gifted by her ancestors, solves all problems of life. Helps reunite the separated, interpret your dreams, unfold the mystery of past life.

Let me prove to you that my capability is more superior than others you might have consulted with in the past. Guaranteed accuracy.

***Call for Appointment:***

**251-1246** (Vancouver) **$5 OFF WITH AD**

# ਅਤਿੰਦਰਪਾਲ ਤੋਂ ਇੰਦਰਾ ਕਤਲ ਬਾਰੇ ਪੁਛਗਿਛ ਲਈ ਅਨੰਤਰਾਮ ਕਮਿਸ਼ਨ ਪੰਜਾਬ ਆਏਗਾ

ਚੰਡੀਗੜ੍ਹ — ਪੰਜਾਬ ਪੁਲਸ ਅਧਿਕਾਰੀਆਂ ਨੇ ਫੈਸਲਾ ਕੀਤਾ ਹੈ ਕਿ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜੇਸ਼ਨ ਦੇ ਮੁਖੀ ਅਤਿੰਦਰਪਾਲ ਸਿੰਘ ਨੂੰ ਪੰਜਾਬ ਵਿਚ ਹੀ ਰਖਿਆ ਜਾਏਗਾ। ਭਾਵੇਂ ਉਸਦਾ ਸੰਬੰਧ ਦਿੱਲੀ, ਮਹਾਂਰਾਸ਼ਟਰ, ਹਰਿਆਣਾ ਤੇ ਚੰਡੀਗੜ੍ਹ ਦੇ ਬੰਬ ਧਮਾਕਿਆਂ ਤੇ ਕਤਲਾਂ ਨਾਲ ਹੈ ਫਿਰ ਵੀ ਉਹਨਾਂ ਸਰਕਾਰ ਨੂੰ ਸਾਰੀ ਜਾਂਚ ਪੜਤਾਲ ਪੰਜਾਬ ਆ ਕੇ ਕਰਨ ਲਈ ਕਿਹਾ ਗਿਆ ਹੈ। ਕਿਉਂਕਿ ਅਤਿੰਦਰਪਾਲ ਸਿੰਘ ਹਰਜਿੰਦਰ ਸਿੰਘ ਜਿੰਦੇ ਵਾਂਗ ਖਾਲਿਸਤਾਨੀ ਵੱਖਵਾਦੀਆਂ ਦੀ ਮੁਹਿਮ ਦੇ ਸਾਰੇ ਭੇਤ ਦਸ ਸਕਣ ਵਾਲਾ ਅਹਿਮ ਬੰਦਾ ਹੈ। ਦੂਸਰੇ ਅਤਿੰਦਰਪਾਲ ਸਿੰਘ ਕਤਲਾਂ ਤੇ ਬੰਬ ਧਮਾਕਿਆਂ ਵਿਚ ਸਿੱਧੇ ਤੌਰ ਤੇ ਸ਼ਾਮਲ ਨਹੀਂ ਸੀ ਉਹ ਬਹੁਤ ਕੁਝ ਦੂਸਰਿਆਂ ਤੋਂ ਕਰਵਾਉਂਦਾ ਸੀ। ਜਿਹੜੇ ਠਿਕਾਣੇ ਉਸਨੇ ਦੱਸੇ ਹਨ ਉਹਨਾਂ ਉਤੇ ਇਸ ਮਹੀਨੇ ਵੱਡੇ ਛਾਪੇ ਪੈਣਗੇ। ਉਸਦੇ ਦੱਸੇ ਅਨੁਸਾਰ ਭਾਨ ਸਿੰਘ ਜਥੇਦਾਰ ਸੋਹਣ ਸਿੰਘ ਦੇ ਕਾਤਲ ਅਤੇ ਅਬਨਾਸ਼ੀ ਸਿੰਘ ਆਦਿ ਦੇ ਅਗਵਾ ਦਾ ਦੋਸ਼ੀ ਵੀ ਛੇਤੀ ਫੜਿਆ ਜਾਵੇਗਾ।

ਪਟਿਆਲੇ ਦੇ ਐਸ ਐਸ ਪੀ ਮਿ. ਵਿਰਦੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਅਤਿੰਦਰਪਾਲ ਸਿੰਘ ਅਸਲ ਵਿਚ 29 ਸਤੰਬਰ ਜਾਂ 3 ਅਕਤੂਬਰ ਨੂੰ ਫੜਿਆ ਗਿਆ ਸੀ। ਉਹਨਾਂ ਦੱਸਿਆ ਕਿ ਇਸੇ ਅਤਿਵਾਦੀ ਜਥੇਬੰਦੀ ਦੇ ਮੈਂਬਰ ਅਸ਼ਵਨੀ ਕੁਮਾਰ ਦੇ ਦੱਸਣ ਉਤੇ ਅਤਿੰਦਰਪਾਲ ਸਿੰਘ ਦੀ ਭਾਲ ਕੀਤੀ ਪਰ ਉਹ ਦੋ ਵਾਰ ਪੁਲਸ ਹਥੋਂ ਬਚ ਨਿਕਲਿਆ। ਅਤਿੰਦਰਪਾਲ ਸਿੰਘ ਵਿਰੁਧ ਇੰਦਰਾ ਕਤਲ ਦੇ ਸੰਬੰਧ ਵਿਚ ਵੀ ਜਲਦੀ ਪੁਛਗਿਛ ਸ਼ੁਰੂ ਹੋ ਰਹੀ ਹੈ। ਮਿ. ਵਿਰਦੀ ਅਨੁਸਾਰ ਅਨੰਤ ਰਾਮ ਕਮਿਸ਼ਨ ਇਸ ਸੰਬੰਧ ਵਿਚ ਜਲਦੀ ਪੰਜਾਬ ਆ ਰਿਹਾ ਹੈ। ਉਹਨਾਂ ਦੱਸਿਆ ਕਿ ਅਤਿੰਦਰਪਾਲ ਸਿੰਘ ਨੇ ਭੂਪਾਲ ਤੋਂ ਗਰੈਜੂਏਸ਼ਨ ਕੀਤੀ ਸੀ ਅਤੇ ਨੀਲਾ ਤਾਰਾ ਅਪਰੇਸ਼ਨ ਵਿਚ ਅਮਰੀਕਾ ਸਿੰਘ ਦੇ ਮਾਰੇ ਜਾਣ ਬਾਅਦ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਵੀ ਬਣਿਆ ਸੀ। ਫੈਡਰੇਸ਼ਨ ਦੇ ਵੱਖ ਵੱਖ ਧੜਿਆਂ ਵਿਚ ਵੰਡੇ ਜਾਣ ਬਾਅਦ ਉਸਨੇ ਸੈਫਟਨ ਟਾਈਗਰਜ਼ ਫੋਰਸ, ਰੰਗਰੇਟਾ ਫੋਰਸ ਅਤੇ ਖਾਲਿਸਤਾਨ ਆਰਮਡ ਫੋਰਸ ਨੂੰ ਮਿਲਾ ਕੇ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜੇਸ਼ਨ ਬਣਾਈ ਸੀ।

# ਹਿਤ ਅਭਿਲਾਸ਼ੀ ਦੇ ਚਾਰ ਕਾਤਲਾਂ ਦੀ ਸ਼ਨਾਖਤ

## ਜਾਅਲੀ ਨੰਬਰ ਪਲੇਟ ਬਰਾਮਦ

ਚੰਡੀਗੜ੍ਹ — ਭਰੋਸੇਯੋਗ ਵਸੀਲਿਆਂ ਅਨੁਸਾਰ ਪੰਜਾਬ ਭਾਜਪਾ ਦੇ ਪ੍ਰਧਾਨ ਹਿਤ ਅਭਿਲਾਸ਼ੀ ਦੇ ਚਾਰ ਕਾਤਲਾਂ ਦੀ ਸ਼ਨਾਖਤ ਕਰ ਲਈ ਗਈ ਹੈ। ਇਨ੍ਹਾਂ ਦੇ ਨਾਂ ਜਸਬੀਰ ਸਿੰਘ ਉਰਫ ਪਿੰਕਾ ਵਾਸੀ ਮੋਹਾਲੀ, ਗੁਰਬਚਨ ਸਿੰਘ ਵਾਸੀ ਸਾਦਪੁਰ ਨੇੜੇ ਖਰੜ (ਰੋਪੜ), ਪਰਮਜੀਤ ਸਿੰਘ ਉਰਫ ਪੰਮੀ ਵਾਸੀ ਬੀੜ ਨੇੜੇ ਨਕੋਦਰ (ਜਲੰਧਰ) ਤੇ ਚਰਨਜੀਤ ਸਿੰਘ ਉਰਫ ਚੰਨੀ ਵਾਸੀ ਤਲਵੰਡੀ ਜ਼ਿਲਾ ਲੁਧਿਆਣਾ ਹਨ।

ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਉਕਤ ਅਤਿਵਾਦੀਆਂ ਦੀ ਸ਼ਨਾਖਤ ਚੰਡੀਗੜ੍ਹ ਪੁਲਸ ਵਲੋਂ 8 ਅਕਤੂਬਰ ਨੂੰ ਸਥਾਨਕ ਸੈਕਟਰ 45 ਤੇ 46 ਨੂੰ ਵੰਡਣ ਵਾਲੀ ਸੜਕ ਤੋਂ ਫੜੇ ਗਏ ਚਾਰ ਅਤਿਵਾਦੀਆਂ ਕੋਲੋਂ ਪੁਛਗਿਛ ਦੌਰਾਨ ਹੋਈ ਹੈ। ਉਨ੍ਹਾਂ ਕੋਲੋਂ ਪੁਛਗਿਛ ਦੇ ਆਧਾਰ ਉਤੇ ਮੋਹਾਲੀ ਦੀ ਉਸ ਥਾਂ ਦਾ ਪਤਾ ਲੱਗਾ ਜਿਥੇ ਹਿਤ ਅਭਿਲਾਸ਼ੀ ਦੇ ਕਾਤਲਾਂ ਨੇ ਸੰਬੰਧਤ ਸਾਮਾਨ ਰੱਖਿਆ ਹੋਇਆ ਸੀ। ਉਥੇ ਛਾਪਾ ਮਾਰ ਕੇ ਪੁਲਸ ਨੇ ਇਕ ਹੋਰ ਰਜਿਸਟਰੇਸ਼ਨ ਨੰਬਰ ਪਲੇਟ ਬਰਾਮਦ ਕੀਤੀ ਜਿਸ ਉਤੇ ਪੀ ਸੀ ਪੀ 2367 ਨੰਬਰ ਲਿਖਿਆ ਹੋਇਆ ਹੈ ਜਿਹੜਾ ਕਿ ਜਾਅਲੀ ਹੈ।

ਹਿਤ ਅਭਿਲਾਸ਼ੀ ਦੀ ਹਤਿਆ ਸਮੇਂ ਵਰਤੀ ਗਈ ਮਾਰੂਤੀ ਵੈਨ ਦਾ ਨੰਬਰ ਵੀ ਇਹੋ ਹੀ ਸੀ। ਇਸ ਦਾ ਅਸਲ ਨੰਬਰ ਸੀ ਐਚ ਕੇ 2797। ਇਹ ਵੈਨ ਹਤਿਆ ਤੋਂ ਕੁਝ ਦਿਨ ਪਹਿਲਾਂ ਖਰੜ ਤੋਂ ਖੋਹੀ ਗਈ ਸੀ। ਖਰੜ ਪੁਲਸ ਨੇ ਇਸ ਸੰਬੰਧ ਵਿਚ ਕੇਸ ਦਰਜ ਕੀਤਾ ਹੋਇਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਉਸ ਛਾਪੇਖਾਨੇ ਦਾ ਵੀ ਪਤਾ ਲਗ ਗਿਆ ਹੈ ਜਿਥੋਂ ਕਿ ਅਤਿਵਾਦੀ ਖਾਲਿਸਤਾਨੀ ਗੁਰੀਲਾ ਆਫ ਖਾਲਿਸਤਾਨ ਨਾਂ ਦੇ ਹੱਥ ਪਰਚੇ ਛਪਵਾਉਂਦੇ ਰਹੇ ਹਨ। ਇਹ ਛਾਪਾਖਾਨਾ ਪਹਿਲਾਂ ਇੰਡਸਟ੍ਰੀਅਲ ਏਰੀਆ ਦੇ ਫੇਜ਼-1 ਵਿਚ ਸੀ ਤੇ ਹੁਣ ਇਹ ਸੈਕਟਰ 35 ਵਿਚ ਹੈ।

# ਡਾਂਗੇ 89 ਸਾਲਾਂ ਦੇ ਹੋ ਗਏ

ਬੰਬਈ — ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕ ਚੇਅਰਮੈਨ ਅਤੇ ਉਘੇ ਟਰੇਡ ਯੂਨੀਅਨ ਲੀਡਰ ਮਿ. ਡਾਂਗੇ ਜਿਹਨਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ, 89 ਸਾਲਾਂ ਦੇ ਹੋ ਗਏ ਹਨ।

# ਸੀ. ਪੀ. ਐਮ. ਵਲੋਂ ਕੌਮੀ ਫਰੰਟ ਨੂੰ ਸਹਿਯੋਗ

ਨਵੀਂ ਦਿੱਲੀ — ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸੀ) ਨੇ ਰਾਜੀਵ ਸਰਕਾਰ ਦੇ ਬਦਲ ਲਈ ਹੋਰ ਪਾਰਟੀਆਂ ਨਾਲ ਮਿਲ ਕੇ ਚਲਣ ਦਾ ਫੈਸਲਾ ਕਰ ਲਿਆ ਹੈ। ਪਾਰਟੀ ਦੇ ਇਸ ਫੈਸਲੇ ਨੂੰ ਸਿਆਸੀ ਹਲਕਿਆਂ ਵਿਚ ਕਾਫੀ ਅਹਿਮੀਅਤ ਦਿੱਤੀ ਜਾ ਰਹੀ ਹੈ। ਪਾਰਟੀ ਦੀ ਪੋਲਿਟ ਬਿਊਰੋ ਦੀ ਇਥੇ ਕਈ ਦਿਨਾਂ ਤੋਂ ਚਲ ਰਹੀ ਮੀਟਿੰਗ ਵਿਚ ਪਾਰਟੀ ਦੀਆਂ ਨੀਤੀਆਂ ਬਾਰੇ ਕਈ ਦਸਤਾਵੇਜ਼ ਤਿਆਰ ਕੀਤੇ ਗਏ ਹਨ ਇਨ੍ਹਾਂ ਦਸਤਾਵੇਜ਼ਾਂ ਨੂੰ ਪਾਰਟੀ ਦੀ 27 ਤੋਂ 31 ਦਸੰਬਰ ਤੱਕ ਤ੍ਰਿਵੈਂਦਰਮ ਵਿਚ ਹੋਣ ਵਾਲੀ ਕਾਂਗਰਸ ਵਿਚ ਪੇਸ਼ ਕੀਤਾ ਜਾਵੇਗਾ। ਪਾਰਟੀ ਨੇ ਕਾਂਗਰਸ ਅਤੇ ਰਾਜੀਵ ਸਰਕਾਰ ਵਿਰੁਧ ਸਖਤ ਸਟੈਂਡ ਲੈਣ ਦਾ ਫੈਸਲਾ ਕਰ ਲਿਆ ਹੈ। ਭਾਵੇਂ ਇਨ੍ਹਾਂ ਦਸਤਾਵੇਜ਼ਾਂ ਨੂੰ ਤੁਰਤ ਹੀ ਲੋਕਾਂ ਸਾਹਮਣੇ ਲਿਆਂਦੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਪਾਰਟੀ ਨੇ ਰਾਜੀਵ ਵਿਰੋਧੀ ਕੌਮੀ ਫਰੰਟ ਨਾਲ ਸਹਿਯੋਗ ਕਰਨ ਲਈ ਤਿਆਰੀ ਕਰ ਲਈ ਹੈ।

ਪਾਰਟੀ ਨੇ ਭਾਰਤੀ ਜਨਤਾ ਪਾਰਟੀ ਨਾਲ ਕੋਈ ਸਮਝੌਤਾ ਨਾ ਕਰਨ ਦਾ ਫੈਸਲਾ ਵੀ ਕੀਤਾ ਹੈ ਪਰ ਕੁਝ ਚੋਣਵੀਆਂ ਸੀਟਾਂ ਉਤੇ ਭਾਜਪਾ ਨਾਲ ਸਹਿਯੋਗ ਕੀਤਾ ਜਾ ਸਕੇਗਾ। ਇਸ ਤੋਂ ਪਹਿਲਾਂ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਨੰਬੂਦਰੀਪਾਦ ਵਲੋਂ ਦਿੱਤੇ ਗਏ ਬਿਆਨ ਕਾਰਨ ਜੋ ਸ਼ੰਕੇ ਪੈਦਾ ਹੋ ਗਏ ਸਨ, ਉਨ੍ਹਾਂ ਦਾ ਖਾਤਮਾ ਹੋ ਗਿਆ ਹੈ। ਸ੍ਰੀ ਨੰਬੂਦਰੀਪਾਦ ਦੇ ਬਿਆਨ ਤੋਂ ਲਗਦਾ ਸੀ ਕਿ ਪਾਰਟੀ ਕੌਮੀ ਫਰੰਟ ਨਾਲ ਸਹਿਯੋਗ ਕਰਨ ਤੋਂ ਝਿਜਕ ਰਹੀ ਹੈ। ਕੌਮੀ ਫਰੰਟ ਨਾਲ ਸਹਿਯੋਗ ਦੇ ਇਸ ਫੈਸਲੇ ਨੂੰ ਕੇਰਲਾ ਅਤੇ ਪੱਛਮੀ ਬੰਗਾਲ ਦੇ ਗਰੁਪਾਂ ਦੀ ਜਿੱਤ ਸਮਝਿਆ ਜਾ ਰਿਹਾ ਹੈ। ਇਹ ਗਰੁੱਪ ਕੌਮੀ ਫਰੰਟ ਨਾਲ ਸਹਿਯੋਗ ਕਰਨ ਉਤੇ ਜ਼ੋਰ ਦੇ ਰਹੇ ਸਨ ਅਤੇ ਰਾਜੀਵ ਸਰਕਾਰ ਵਿਰੁਧ ਸਖਤ ਨੀਤੀ ਅਪਣਾਏ ਜਾਣ ਲਈ ਜ਼ੋਰ ਦੇ ਰਹੇ ਸਨ।

ਪੋਲਿਟ ਬਿਊਰੋ ਨੇ ਕਿਹਾ ਹੈ ਕਿ ਸ੍ਰੀ ਰਾਜੀਵ ਗਾਂਧੀ ਦੀ ਥਾਂ ਲੋਕਾਂ ਦੇ ਮਨਪਸੰਦ ਦਾ ਨੇਤਾ ਚੁਣਿਆ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸੀ ਪੀ ਐਮ ਜਿਥੇ ਵਿਰੋਧੀ ਗੱਠਜੋੜ ਦੇ ਹੱਕ ਵਿਚ ਸੀ, ਉਥੇ ਰਾਜੀਵ ਸਰਕਾਰ ਦੇ ਵਿਰੁਧ ਵੀ ਨਹੀਂ ਸੀ ਅਤੇ ਸ੍ਰੀ ਨੰਬੂਦਰੀਪਾਦ ਨੇ ਫਰੰਟ ਦੇ 71 ਨੁਕਾਤੀ ਪ੍ਰੋਗਰਾਮ ਦੇ ਕਈ ਨੁਕਤਿਆਂ ਉਤੇ ਕਿੰਤੂ ਕੀਤਾ ਸੀ।


■ Auto Upholstery

■ Installations

**GILL VANS**

**Conversions & Accessories**

■ Accessories

■ Service




| | |
|---|---|
| Bench Seats installed from | $300 |
| Captain Chairs with swivel bases, custom made from | pr. $390 |
| Sofa bed Deluxe from | $475 |
| Bay Windows installed from | $99 |
| Complete Van Interior from | $725 |
| Raised Roof installed from | $850 |
| Electric Sofa Bed | from $1299 |

**ਸਾਡੇ ਕੋਲ ਹਰ ਮਾਡਲ ਦੀਆਂ ਕਾਰਾਂ ਹਨ —**

**ਦੇਖਣ ਲਈ ਅੱਜ ਹੀ ਪੁੱਜੋ — ਵਾਜਬ ਕੀਮਤਾਂ**

CALL **522-2122** COLLECT

**GILL AUTO SALES**




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

# TERRACE FURNITURE MART

4434 LAKELSE AVE., TERRACE, B.C.

**PHONE: 638-0555 or 638-1119**

VISA MasterCard



3 PC. SOFA SET
Sofa, Love Seat & Chair

**Save upto $300**

**300 ਡਾਲਰ ਦੀ ਬਚਤ ਕਰੋ**

**Whirlpool**
Home Appliances

## HD Washer/Dryer

Trade in Allowance up to $300

**$1299.00 Pr.**

## SUPER SLEEPER HIDE A BED
## SAVE $150




Just Sofa Beds!

ELMCREST FURNITURE

ਸਸਤੀਆਂ ਕੀਮਤਾਂ 'ਤੇ ਫਰਨੀਚਰ, ਬੈੱਡ, ਵਾਸ਼ਰ-ਡਰਾਇਰ ਖ਼੍ਰੀਦਣ ਲਈ

**ਟੈਰਿਸ ਫਰਨੀਚਰ ਮਾਰਟ**

'ਤੇ ਪਹੁੰਚੋ

ਤੇ ਡਾਲਰਾਂ ਦੀ ਬਚਤ ਕਰੋ

# ਟੈਰਿਸ ਫਰਨੀਚਰ ਮਾਰਟ

# ROYAL FURNITURE LTD.

2607 Main St., VANCOUVER, B.C. (Main & 10th Ave.)

# BLOW OUT SALE

AT

YOUR NEIGHBORHOOD FURNITURE BARGAIN STORE

**BLOW OUT SALE** ਲੱਗ ਗਈ ਤੁਹਾਡੀ ਕਮਿਊਨਿਟੀ ਦੇ ਮਸ਼ਹੂਰ ਫਰਨੀਚਰ BARGAIN STORE ਰੋਇਲ ਫਰਨੀਚਰ 'ਤੇ

Below Wholesale Price



COLONIAL LIVING ROOM SUITE

All 3 Pieces

100% Nylon Fabric, Lifetime Warranty on frame construction

YOU GET ■ Sofa ■ Loveseat ■ Chair

$695

Visit Our Showroom

Lowest Prices in Town



Matches Your Waterbed

PINE BEDROOM SUITE

4 Pieces

YOU GET : ■ Headboard ■ Dresser ■ Hutch ■ 1 Night Stand ■ Chest available

■ Footboard & Rails available

■ Similar to illustration

$374

## WE HAVE GOT :

- Wide variety in Dining room suites and Dinnets.
- Bedroom suites in PINE and SOLID OAK at factory wholesale prices.
- Best selection in SOFA SETS, CHESTER FIELD and HID-A-BED.
- All type of Mattresses by Brand Name — SEALY, GRANGE, RESTONIC, SIMMONS and POSTURE BEAUTY.
- YOU NAME IT AND WE GOT IT.

7 Pc.

$429.98



7 Pc. Solid Bedroom Suite

From $595



3 Pc. Pillow Back, Comfortable, Lifetime Warranty on frame construction

YOU GET: ■ Sofa ■ Chair ■ Love Seat

$999



SAVE UP TO 50% ON MATTRESS SETS!

POSTURE BEAUTY

| 39" Twin Set | 54" Double Set | 60" Queen Set |
|---|---|---|
| $139 Both Pcs. | $169 Both Pcs. | $239 Both Pcs. |

SEALY

| 39" Twin Set | 54" Double Set | 60" Queen Set |
|---|---|---|
| $229 Both Pcs. | $289 Both Pcs. | $329 Both Pcs. |

RESTONIC

| 39" Twin Set | 54" Double Set | 60" Queen Set |
|---|---|---|
| $199 Both Pcs. | $279 Both Pcs. | $299 Both Pcs. |



9 Pc. TRADITIONAL DINING ROOM SUITE

YOU GET : ■ Hutch ■ Buffet ■ Table with Leaf ■ 4 Side Chairs ■ 2 Arm Chairs

$1988

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

# ROYAL FURNITURE LTD.

VISA

2607 MAIN STREET (at 10th. AVE.), VANCOUVER, B.C.

MasterCard

TEL. 874-9525

MASTER CARD VISA ACCEPTED